ਕਾਪੀਰਾਈਟ ਬੀ. ਸੀ. ਸਿਵਲ ਲਿਬਰਟੀਜ਼ ਐਸੋਸੀਏਸ਼ਨ, 1997

ਬੀ. ਸੀ ਸਿਵਲ ਲਿਬਰਟੀਜ਼ ਐਸੋਸੀਏਸ਼ਨ
425 - 815 ਵੈਸਟ ਹੇਸਟਿੰਗਜ਼ ਸਟਰੀਟ
ਵੈਨਕੂਵਰ, ਬੀ.ਸੀ. ਵੀ6ਸੀ 1ਬੀ4
(604) 687-2919
http://www.bccla.org

ਸਾਰੇ ਹੱਕ ਰਾਖਵੇਂ ਹਨ। ਇਸ ਪ੍ਰਕਾਸ਼ਨ ਦਾ ਕੋਈ ਵੀ ਹਿੱਸਾ ਨਿਰੀਖਣ ਕਰਨ ਵਾਲੇ ਵਿਅਕਤੀ ਤੋਂ ਬਿਨਾਂ, ਕਿਸੇ ਵੀ ਹਾਲਤ ਵਿੱਚ ਲਿਖਤੀ ਇਜ਼ਾਜਤ ਤੋਂ ਬਿਨਾਂ ਦੋਬਾਰਾ ਤਿਆਰ ਨਹੀਂ ਕੀਤਾ ਜਾ ਸਕਦਾ, ਜੋ ਕਿ ਪੁਨਰ ਵਿਚਾਰ ਕਰਦੇ ਸਮੇਂ ਛੋਟੇ-ਛੋਟੇ ਪੈਰੇ ਨਿਰੀਖਣ ਵਿਚ ਸ਼ਾਮਿਲ ਕਰਨਾ ਚਾਹੁੰਦਾ ਹੋਵੇ।

ਪਹਿਲਾ ਅਡਿਸ਼ਨ
ਇਹ ਕਿਤਾਬਚਾ ਚਾਈਨੀਜ਼, ਇੰਗਲਿਸ਼, ਪੰਜਾਬੀ, ਸਪੈਨਿਸ਼ ਅਤੇ ਵੀਅਤਨਾਮੀਜ਼ ਆਦਿ ਵੱਖ-ਵੱਖ ਭਾਸ਼ਾਵਾਂ ਵਿਚ ਛਾਪਿਆ ਗਿਆ ਹੈ।

Canadian Cataloguing in Publication Deta

Mollard, Murray, 1964-
Sitizenship da kitabcha

Translation of: The citizenship handbook.
ISBN 0-9680110-5-5

1. Citizenship--Canada. I. Manjeet Auluck. II. British Columbia Civil Liberties Association. III. Title.

JL187.M64 1997 323.60971 C97-91084-9

Printed and bound in Canada by Benwell Atkins.



# ਮੁੱਖ-ਬੰਦ

ਸਿਟੀਜ਼ਨਸਿਪ ਦਾ ਕਿਤਾਬਚਾ ਸਾਰਿਆਂ ਦੀ ਮਿਹਨਤ ਦਾ ਸਿੱਟਾ ਹੈ। ਫਿਲ ਬਰਾਈਡਿਨ ਦੇ ਇਸ ਸ਼ੁਰੂਆਤ ਕੀਤੀ ਅਤੇ ਨਾਗਰਿਕਤਾ ਬਾਰੇ ਬਹੁਤ ਹੀ ਕੀਮਤੀ ਜਾਣਕਾਰੀ ਅਤੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਇਸ ਕਿਤਾਬਚੇ ਦੀ ਅਸਲੀ ਰੂਪ-ਰੇਖਾ ਜਾਨ ਵੈਸਟਵੁਡ ਦੁਆਰਾ ਤਿਆਰ ਕੀਤੀ ਗਈ ਜਿਸਨੂੰ ਬਾਅਦ ਵਿਚ ਸ਼ੈਰਲਟ ਕੋਮਬਜ਼ ਦੁਆਰਾ ਦੋਹਰਾਇਆ ਅਤੇ ਸੋਧਿਆ ਗਿਆ। ਮੂਰੀ ਮੋਲਾਰਡ ਨੇ ਮੂਲ-ਪਾਠ ਦੀ ਮੱਹਤਤਾ ਬਾਰੇ ਹੋਰ ਲਿਖਿਆ, ਵਿਸ਼ੇ ਸੂਚੀ ਦੀ ਆਖਰੀ ਰੂਪ ਰੇਖਾ ਤਿਆਰ ਕੀਤੀ ਅਤੇ ਇਸ ਕਿਤਾਬਚੇ ਨੂੰ ਪੂਰਾ ਕਰਨ ਵਿਚ ਸਹਿਯੋਗ ਦਿੱਤਾ।

ਬੀ.ਸੀ. ਸਿਵਲ ਲਿਬਰਟੀਜ਼ ਐਸੋਸੀਏਸ਼ਨ ਦਾ ਸਟਾਫ ਇਸ ਕਿਤਾਬਚੇ ਦੀ ਡੈਸਕਟਾਪਿੰਗ ਮੂਰਤਾਂ ਲਈ ਵਿਚਾਰਾਂ ਅਤੇ ਆਮ ਸੋਧਾਂ ਲਈ ਖਾਸ ਧੰਨਵਾਦ ਦੇ ਹੱਕਦਾਰ ਹਨ। ਇਸ ਕਿਤਾਬ ਵਿਚ ਦਿੱਤੀਆਂ ਗਈਆਂ ਤਸਵੀਰਾਂ ਦੀ ਉਤਪਤੀ ਜੈਨ ਵੋਲਸਾਕ ਦੁਆਰਾ ਕੀਤੀ ਗਈ।

ਇਸ ਕਿਤਾਬਚੇ ਦੀ ਤਿਆਰੀ ਵਿਚ ਹੋਰ ਬਹੁਤ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਨੇ ਵੀ ਯੋਗਦਾਨ ਦਿੱਤਾ। ਕਿਸੇ ਖਾਸ ਤਰਤੀਬ ਤੋਂ ਬਿਨਾਂ, ਉਹਨਾਂ ਵਿੱਚ ਸ਼ਾਮਿਲ ਹਨ: ਸਿਟੀ ਆਫ ਵੈਨਕੂਵਰ, ਹੈਨਸਨ ਲਾਉ, ਕਾਂਸਟੇਬਲ ਬਲਤੇਜ ਢਿਲੋਂ, ਬੀ.ਸੀ. ਹਿਊਮਨ ਰਾਈਟਸ ਕਮਿਸ਼ਨ, ਆਫਿਸ ਆਫ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਫਾਰ ਬੀ.ਸੀ., ਔਮਬੁਡਜ਼ਮੈਨ ਫਾਰ ਬੀ.ਸੀ., ਦ ਇਮੀਗਰੈਂਟ ਸਰਵਿਸਜ਼ ਸੋਸਾਇਟੀ ਆਫ ਬੀ.ਸੀ., ਸਕਸੈਸ, ਮੋਜ਼ੈਕ, ਪੀਪਲਜ਼ ਲਾਅ ਸਕੂਲ, ਅਤੇ ਫੈਮਲੀ ਸਰਵਿਸਜ਼ ਆਫ ਗਰੇਟਰ ਵੈਨਕੂਵਰ।

ਇਸ ਕਿਤਾਬਚੇ ਦਾ ਤਰਜ਼ਮਾਂ ਚਾਰ ਭਾਸ਼ਾਵਾਂ ਵਿਚ ਕੀਤਾ ਗਿਆ ਹੈ। ਤਰਜ਼ਮਾਂ ਕਰਨ ਵਾਲੇ ਹਨ: ਮਨਜੀਤ ਔਲਖ (ਪੰਜਾਬੀ) ਅਤੇ ਜੁੰਗ ਤ੍ਰਿਨਹ (ਵਿਅਤਨਾਮੀਜ਼) ਜੋਕਿ ਇਮੀਗਰੈਂਟ ਸਰਵਿਸਿਜ਼ ਆਫ ਬੀ. ਸੀ. ਤੋਂ ਹਨ, ਰਾਲ ਕੈਰੀਰਾਸ (ਸਪੈਨਿਸ਼), ਅਤੇ ਇਰਯੀ ਵੈਂਗ (ਚਾਈਨੀਜ਼) ਜੋਕਿ ਚਾਈਨੀਜ਼ ਐਸੋਸੀਏਸ਼ਨ ਆਫ ਟਰਾਂਸਲੇਟਰਜ਼ ਐਂਡ ਇੰਟਰਪਰੇਟਰਜ਼ ਆਫ ਬੀ.ਸੀ. ਤੋਂ ਹਨ।

ਐਲੀਸ਼ੀਆ ਬਾਰਸਾਲੋ, ਲਿਲੀਆਨਾ ਹਿਲ, ਮੋਨਿਕਾ ਐਸਕੁਦਿਰੋ, ਲੀ ਵੈਨ ਚੂ, ਜੀ ਈਹੂਆ, ਸੁਖਵੰਤ ਹੁੰਦਲ, ਰਨਜੀਤ ਪਾਹਲ ਅਤੇ ਕਿਮ ਟੋਨ ਨੇ ਇਸ ਤਰਜ਼ਮੇ ਦਾ ਪੁਸ਼ਟੀਕਰਨ ਕਰਨ ਲਈ ਅਟੁੱਟ ਸਹਿਯੋਗ ਦਿੱਤਾ। ਸਟੈਲਾ ਡੈਵਿਸ, ਟੋਆਨ ਹੁਆਂਗ, ਗੋਲਡੀ ਭਾਟੀਆ, ਟੋਮੀ ਟਾਉ, ਨੈਨਸੀ ਲੀ, ਗੋਰਡਨ ਹਾਰਡੀ ਅਤੇ ਪੀਪਲਜ਼ ਲਾਅ ਸਕੂਲ ਨੇ ਵੀ ਇਸ ਤਰਜ਼ਮੇ ਵਿਚ ਸਹਿਯੋਗ ਦਿੱਤਾ।

ਬਹੁਤ ਸਾਰੇ ਲੋਕਾਂ ਨੇ ਇਸ ਸਿਟੀਜ਼ਨਸ਼ਿਪ ਕਿਤਾਬਚੇ ਦਾ ਨਿਰੀਖਣ ਕੀਤਾ। ਇਸ ਕਿਤਾਬਚੇ ਨੂੰ ਸਭਿਆਚਾਰਕ ਤੌਰ ਤੇ ਸੰਵੇਦਨਸ਼ੀਲ, ਢੁੱਕਵਾਂ ਅਤੇ ਨਵੇਂ ਕਨੇਡੀਅਨਾਂ ਦੇ ਪੜਨ ਵਿਚ ਆਸਾਨ ਬਣਾਉਣ ਲਈ ਕੀਮਤੀ ਵਿਚਾਰ ਦਿੱਤੇ । ਅਸੀਂ ਸ਼ੀਲਾ ਜੋਨਜ਼ ਆਫ ਵਰਡਜ਼ਮਿਥਜ਼, ਐਜਲਾ ਕੈਨ, ਟੋਮੀ ਟਾਉ, ਐਲੀਸੀਆ ਬਾਰਸਾਲੋ, ਜੀ ਈਹੂਆ, ਸਟੈਲਾ ਡੈਵਿਸ, ਟੋਆਨ ਹੋਆਂਗ, ਲਿੰਡਾ ਹਰਡ, ਕੇ ਸਟਾਕਹੋਲਡਰ, ਰਸਲ ਵੋਡੈਲ, ਲਿੰਡਾ ਸ਼ਪੀਕੁਲਾ, ਬਿਲ ਬਲੈਕ, ਵੀਨਾ ਮਾਥੁਰ, ਹੇਈਨ ਵੇ, ਚਾਰਲਸ ਡਾਬਸਨ, ਅਤੇ ਐਡਰੀਆਨਾ ਟਵੀਡਲੀ ਦਾ ਸਹਿਯੋਗ ਲਈ ਧੰਨਵਾਦ ਕਰਦੇ ਹਾਂ।

ਇਸ ਸਿਟੀਜ਼ਨਸ਼ਿਪ ਦੇ ਕਿਤਾਬਚੇ ਦੀ ਵਿਸ਼ੇ ਸੂਚੀ ਲਈ ਬੀ. ਸੀ. ਸਿਵਲ ਲਿਬਰਟੀਜ਼ ਐਸੋਸੀਏਸ਼ਨ ਜ਼ੁੰਮੇਵਾਰ ਹੈ।

"ਅਖੀਰ ਵਿੱਚ, ਸਿਟੀਜ਼ਨਸ਼ਿਪ ਦੇ ਕਿਤਾਬਚੇ ਦਾ ਦੂਜਾ ਐਡੀਸ਼ਨ ਵੈਨਕੂਵਰ ਫਾਉਂਡੇਸ਼ਨ, ਦ ਲਾਅ ਫਾਂਉਡੇਸ਼ਨ ਆਫ ਬਰਿਟਿਸ਼ ਕੋਲੰਬਿਆ, ਦ ਬੀ. ਸੀ. ਗੇਮੀਇੰਗ ਕਮਿਸ਼ਨ ਅਤੇ ਦ ਬੀ. ਸੀ. ਰਿਸਪੋਸੌਬਲ ਫਾਰ ਮਲਟੀਕਲਚਰਲਿਜ਼ਮ ਅਤੇ ਇੰਮੀਗਰੇਸ਼ਨ ਵਲੋ ਦਿੱਤੀ ਗਈ ਮਾਲੀ ਸਹਾਇਤਾ ਨਾਲ ਛਾਪਿਆ ਗਿਆ ਹੈ। ਇਸ ਦੇ ਨਾਲ-ਨਾਲ, ਇਸ ਕਿਤਾਬਚੇ ਦੀ ਰਚਨਾ ਮੂਲ ਰੂਪ ਵਿੱਚ ਦ ਡੀਪਾਰਟਮੈਂਟ ਆਫ ਕਨੇਡੀਅਨ ਹੈਰੀਟਿਜ ਅਤੇ ਵੈਨ ਸਿਟੀ ਵਲੋਂ ਦਿੱਤੀ ਗਈ ਮਾਲੀ ਸਹਾਇਤਾ ਨਾਲ ਤਿਆਰ ਕੀਤੀ ਗਈ ਸੀ।"

"ਮੂਰੇ ਮੋਲਾਰਡ
ਬੀ.ਸੀ. ਸਿਵਲ ਲਿਬਰਟੀਜ਼ ਐਸੋਸੀਏਸ਼ਨ, 1999"

ਸਿਟੀਜ਼ਨਸ਼ਿਪ ਦਾ ਕਿਤਾਬਚਾ

Secretary of State
(Multiculturalism) (Status of Women)

CANADA

Secrétaire d'État
(Multiculturalisme) (Situation de la femme)



ਸੈਕਰੇਟਰੀ ਆਫ ਸਟੇਟ
(ਮਲਟੀਕਲਚਰਲਿਜ਼ਮ) (ਸਟੇਟਸ ਆਫ ਵੂਮੈਨ)

ਪਿਆਰੇ ਮਿੱਤਰੋ,

ਕਨੇਡਾ ਵਿੱਚ ਤੁਹਾਡਾ ਸਵਾਗਤ ਹੈ! ਮੈਂ ਕਨੇਡਾ ਦੀ ਪਹਿਲੀ ਪੀੜੀ ਵਿਚੋਂ ਹੋਣ ਦੇ ਨਾਤੇ ਜਾਣਦੀ ਹਾਂ ਕਿ ਤੁਹਾਡੇ ਸਾਰਿਆਂ ਲਈ ਨਾਗਰਿਕਤਾ ਕਿੰਨੀ ਜ਼ਰੂਰੀ ਹੈ।

ਕਨੇਡਾ ਦੇ ਨਾਗਰਿਕ ਹੋਣ ਦਾ ਮਤਲਬ ਹੈ ਸਾਡੇ ਸਮਾਜ ਦੇ ਭਾਈਚਾਰੇ ਵਿੱਚ ਸ਼ਾਮਿਲ ਹੋਣਾ। ਕਨੇਡਾ ਤੁਹਾਡੇ ਲਈ ਬਹੁਤ ਕੁੱਝ ਕਰ ਸਕਦਾ ਹੈ ਅਤੇ ਬਦਲੇ ਵਿੱਚ, ਕਨੇਡਾ ਦੇਸ਼ ਦੇ ਨਿਰਮਾਣ ਲਈ ਤੁਹਾਡਾ ਯੋਗਦਾਨ ਮੰਗੇਗਾ, ਜਿਸ ਨਾਲ ਸਾਰੇ ਕਨੇਡਾ ਵਾਸੀਆਂ ਦਾ ਸਰੋਕਾਰ ਹੈ। ਇਹ ਆਪਣੇ ਹੱਕਾਂ ਦਾ ਅਭਿਆਸ ਕਰਨ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਅਪਨਾਉਣ ਦਾ ਸਵਾਲ ਹੈ। ਮੈਂ ਤੁਹਾਨੂੰ ਕਨੇਡਾ ਦੇ ਨਵੇਂ ਨਾਗਰਿਕ ਹੋਣ ਦੇ ਨਾਤੇ ਕਨੇਡਾ ਦੀ ਆਰਥਿਕ, ਰਾਜਨੀਤਕ, ਸਮਾਜਕ ਅਤੇ ਸਭਿਆਚਾਰਕ ਜ਼ਿੰਦਗੀ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਉਤਸ਼ਾਹਿਤ ਕਰਦੀ ਹਾਂ।

ਮੈਂ ਬਹੁਸਭਿਆਚਾਰਕ ਅਤੇ ਔਰਤਾਂ ਦੇ ਸਤਰ ਲਈ ਸਟੇਟ ਦੀ ਸੈਕਟਰੀ ਹੋਣ ਦੇ ਨਾਤੇ, ਕਨੇਡਾ ਦੇ ਨਾਗਰਿਕਾਂ ਨਾਲ ਰਲ ਕੇ ਕਨੇਡਾ ਨੂੰ ਇੱਕ ਅਜਿਹਾ ਸਮਾਜ ਬਣਾਉਣ ਲਈ ਕੰਮ ਕਰ ਰਹੀ ਹਾਂ, ਜਿਸ ਤੇ ਅਸੀਂ ਸਾਰੇ ਗੌਰਵ ਕਰ ਸਕਦੇ ਹਾਂ -- ਜਿੱਥੇ ਸਮਾਨਤਾ ਅਤੇ ਸਮਾਜਿਕ ਨਿਆਂ ਦਾ ਰਾਜ ਹੋਵੇ। ਵਾਸਤਵ ਵਿੱਚ ਮੈਂ ਕਨੇਡਾ ਨੂੰ ਸੰਸਾਰ ਦਾ ਸਭ ਤੋਂ ਵਧੀਆ ਦੇਸ਼ ਬਣਾਉਣ ਲਈ ਤੁਹਾਡੇ ਯੋਗਦਾਨ ਦੀ ਆਸ ਕਰ ਰਹੀ ਹਾਂ।

The Honourable Hedy Fry, P.C., M.P.

ਦੀ ਔਨਰੇਬਲ ਹੈਡੀ ਫਰਾਈ, ਪੀ. ਸੀ., ਐਮ. ਪੀ.



## ਵਿਸ਼ੇ ਸੂਚੀ


| | | |
|---|---|---|
| 1 | ਭੂਮਿਕਾ | 8 |
| 2 | ਲੋਕਤੰਤਰ ਵਿਚ ਕਦਰਾਂ-ਕੀਮਤਾਂ | 21 |
| 3 | ਕਨੇਡਾ ਦੇ ਰਾਜਨੀਤਿਕ ਸਿਸਟਮ ਦਾ ਅਮਲੀ ਦ੍ਰਿਸ਼ | 40 |
| 4 | ਅਧਿਕਾਰਾਂ ਦੀ ਰੱਖਿਆ | 58 |
| 5 | ਲੋਕਤੰਤਰ ਨੂੰ ਤੁਹਾਡੇ ਮੁਤਾਬਿਕ ਬਣਾਉਣਾ | 76 |
| 6 | ਸਰਕਾਰੀ ਏਜੰਸੀਆਂ ਨਾਲ ਵਿਹਾਰ | 102 |
| 7 | ਸਿੱਟਾ | 116 |
| | ਸ਼ਬਦਾਵਲੀ | |

## ਭੂਮਿਕਾ

ਇਹ ਕਿਤਾਬਚਾ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਬਣਾਇਆ ਗਿਆ ਹੈ ਜਿਨ੍ਹਾਂ ਨੂੰ ਕਨੇਡਾ ਦੀ ਸਿਟੀਜ਼ਨਸ਼ਿਪ ਮਿਲ ਚੁੱਕੀ ਹੈ ਜਾਂ ਜਿਨ੍ਹਾਂ ਨੂੰ ਜਲਦੀ ਹੀ ਇੱਥੇ ਦੇ ਨਾਗਰਿਕ ਬਣਨ ਦੀ ਆਸ ਹੈ। ਕਨੇਡਾ ਦੇ ਨਾਗਰਿਕਾਂ ਕੋਲ ਖਾਸ ਅਧਿਕਾਰ ਅਤੇ ਜ਼ਿੰਮੇਵਾਰੀਆਂ ਹਨ, ਜੋ ਸਾਡੇ ਦੇਸ਼ ਵਿਚ ਵਿਜ਼ਟਰ (ਯਾਤਰੀ) ਦੇ ਤੌਰ ਤੇ ਆਉਣ ਵਾਲੇ ਲੋਕਾਂ ਕੋਲ ਨਹੀਂ ਹੁੰਦੀਆਂ।

ਇਸ ਲਈ ਇਹ ਕਿਤਾਬਚਾ ਹੇਠ ਲਿਖੇ ਲੋਕਾਂ ਦੇ ਅਧਿਕਾਰਾਂ ਅਤੇ ਜਿੰਮੇਵਾਰੀਆਂ ਦੀ ਚਰਚਾ ਨਹੀਂ ਕਰਦਾ:

- ਲੈਂਡਿਡ ਇਮੀਗਰੈਂਟ
- ਰਿਫਊਜੀ ਕਲੇਮੈਂਟ, ਅਤੇ
- ਉਹ ਜਿਨ੍ਹਾਂ ਕੋਲ ਥੋੜੇ ਸਮੇਂ ਲਈ ਰਹਿਣ ਜਾਂ ਯਾਤਰੀ ਵੀਜ਼ਾ ਹੋਵੇ।

ਫੇਰ ਵੀ ਇਹ ਕਿਤਾਬਚਾ ਉਹਨਾਂ ਲਈ ਸਹਾਈ ਹੋਵੇਗਾ ਜੇ ਉਹ ਕਨੇਡਾ ਦੀ ਨਾਗਰਿਕਤਾ ਨੂੰ ਸਮਝਣਾ ਚਾਹੁੰਦੇ ਹੋਣ। ਇਹ ਕਨੇਡਾ ਦੇ ਜੰਮਪਲ ਵਸਨੀਕਾਂ ਲਈ ਵੀ ਲਾਭਦਾਇਕ ਹੋ ਸਕਦੀ ਹੈ ਜੋ ਆਪਣੇ ਲੋਕਤੰਤਰੀ ਹੱਕਾਂ ਅਤੇ ਜਿੰਮੇਵਾਰੀਆਂ ਨੂੰ ਵਿਰਾਸਤ ਸਮਝਦੇ ਹਨ।

ਅਸੀਂ ਆਸ ਕਰਦੇ ਹਾਂ ਕਿ ਇਸ ਕਿਤਾਬਚੇ ਵਿਚਲੀ ਜਾਣਕਾਰੀ ਅਤੇ ਸਲਾਹ ਤੁਹਾਨੂੰ ਕਨੇਡਾ ਦੀ ਲੋਕਤੰਤਰੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੀ ਹੈ।

ਪਾਠਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਸਿਟੀਜ਼ਨਸ਼ਿਪ ਦਾ ਕਿਤਾਬਚਾ ਚਾਈਨੀਜ਼, ਪੰਜਾਬੀ, ਵੀਅਤਨਾਮੀਜ਼ ਅਤੇ ਸਪੈਨਿਸ਼ ਭਾਸ਼ਾ ਵਿਚ ਵੀ ਉਪਲਬਧ ਹੈ।

ਜੇਕਰ ਤੁਹਾਡੇ ਕੋਲ ਕੋਈ ਅਜਿਹਾ ਸੁਝਾਉ ਹੈ ਜਿਸ ਨਾਲ ਇਸ ਕਿਤਾਬਚੇ ਨੂੰ ਕਿਸ ਤਰ੍ਹਾਂ ਸੁਧਾਰਿਆ ਜਾ ਸਕਦਾ ਹੈ ਤਾਂ ਕਿਰਪਾ ਕਰਕੇ ਬੀ.ਸੀ. ਸਿਵਿਲ ਲਿਬਰਟੀਜ ਐਸੋਸੀਏਸ਼ਨ ਨਾਲ ਸੰਪਰਕ ਕਰੋ।

ਬੀ. ਸੀ. ਸਿਵਿਲ ਲਿਬਰਟੀਜ਼ ਐਸੋਸੀਏਸ਼ਨ ਇਕ ਗੈਰ-ਮੁਨਾਫਾ ਖੋਰ, ਗੈਰ-ਪੱਖਪਾਤੀ ਸਹਾਇਤਾ ਕਰਨ ਵਾਲੀ ਸੰਸਥਾ ਹੈ ਜੋ ਕਿ ਬ੍ਰਿਟਿਸ਼ ਕੋਲੰਬੀਆ ਦੇ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਦੀ ਹੈ। ਬੀ ਸੀ ਸੀ ਐਲ ਏ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸੁਣਦੀ ਹੈ, ਕਾਨੂੰਨ ਵਿਚ ਸੁਧਾਰ ਅਤੇ ਜਨਤਕ ਵਿਦਿਆ ਬਾਰੇ ਜ਼ਿੰਮੇਵਾਰ ਹੁੰਦੀ ਹੈ, ਅਤੇ ਸਾਡੀਆਂ ਅਜ਼ਾਦੀਆਂ ਦੀ ਲੜਾਈ ਲਈ ਅਕਸਰ ਅਦਾਲਤ ਵਿਚ ਜਾਂਦੀ ਹੈ।

ਜਿਵੇਂ ਕਿ ਤੁਸੀਂ ਦੇਖੋਗੇ ਕਿ ਕਨੇਡਾ ਤੁਹਾਨੂੰ ਆਪਣੇ ਵਿਚਾਰ ਅਤੇ ਸੂਝ ਨੂੰ ਸਾਂਝੇ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਸ ਕਰਕੇ ਹੀ ਕਨੇਡਾ ਸੰਸਾਰ ਵਿੱਚ ਰਹਿਣ ਲਈ ਸਭ ਤੋਂ ਵਧੀਆ ਥਾਂ ਹੈ।



## ਪਾਠ ਵੰਡ

ਅਸੀਂ ਇਸ ਕਿਤਾਬ ਨੂੰ ਛੇ ਛੋਟੇ ਅਧਿਆਇ ਵਿੱਚ ਵੰਡ ਦਿੱਤਾ ਹੈ

- ਅਧਿਆਇ 1 ਨਾਗਰਿਕਤਾ ਦੇ ਵਿਸ਼ੇ ਦੀ ਭੂਮਿਕਾ ਹੈ।
- ਅਧਿਆਇ 2 ਉਹਨਾਂ ਕਦਰਾਂ ਦੀ ਚਰਚਾ ਕਰਦਾ ਹੈ ਜਿਹੜੀਆਂ ਕਨੇਡਾ ਦੇ ਨਾਗਰਿਕ ਸਾਂਝੀਆਂ ਕਰਦੇ ਹਨ।
- ਅਧਿਆਇ 3 ਕਨੇਡਾ ਦੇ ਰਾਜਨੀਤਕ ਸਿਸਟਮ ਦੀ ਵਿਆਖਿਆ ਕਰਦਾ ਹੈ।
- ਅਧਿਆਇ 4 ਤੁਹਾਡੇ ਅਧਿਕਾਰਾਂ ਅਤੇ ਅਜ਼ਾਦੀਆਂ ਦੀ ਰੱਖਿਆ ਦੀ ਗੱਲ ਕਰਦਾ ਹੈ।
- ਅਧਿਆਇ 5 ਰਾਜਨੀਤਕ ਪ੍ਰਣਾਲੀ ਨੂੰ ਆਪਣੇ ਮੁਤਾਬਿਕ ਕੰਮ ਕਰਨ ਯੋਗ ਬਣਾਉਣ ਦੀ ਸਲਾਹ ਦਿੰਦਾ ਹੈ।
- ਅਧਿਆਇ 6 ਸਰਕਾਰੀ ਏਜੰਸੀਆਂ ਨਾਲ ਵਿਹਾਰ ਕਰਦੇ ਸਮੇਂ ਤੁਹਾਡੇ ਹੱਕਾਂ ਅਤੇ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦਾ ਹੈ।



# ਅਧਿਆਇ 1

## ਭੂਮਿਕਾ





ਆਪਣੇ ਨਵੇਂ ਘਰ (ਕਨੇਡਾ) ਬਾਰੇ ਤੁਹਾਡੇ ਮਨ ਵਿਚੋਂ ਬਹੁੱਤ ਸਾਰੇ ਪ੍ਰਸ਼ਨ ਉਠੱਦੇ ਹੋਣਗੇ।

- ਕਨੇਡਾ ਦਾ ਨਾਗਰਿਕ ਹੋਣ ਦਾ ਕੀ ਮਤਲਬ ਹੈ?
- ਮੈਨੂੰ ਰਾਜਨੀਤੀ ਜਾਂ ਸਰਕਾਰ ਵਿਚ ਦਿਲਚਸਪੀ ਕਿਉਂ ਹੋਣੀ ਚਾਹੀਦੀ ਹੈ?
- ਕਨੇਡਾ ਦੇ ਨਾਗਰਿਕ ਕਿਹੜੀਆਂ ਮਹੱਤਵਪੂਰਨ ਕਦਰਾਂ ਸਾਂਝੀਆਂ ਕਰਦੇ ਹਨ?
- ਕਨੇਡਾ ਦੀ ਰਾਜਨੀਤਕ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ?
- ਕਨੇਡਾ ਦੇ ਨਾਗਰਿਕ ਹੋਣ ਦੇ ਨਾਤੇ ਮੇਰੇ ਕਿਹੜੇ ਅਧਿਕਾਰ ਹਨ?
- ਕਨੇਡਾ ਦੇ ਨਾਗਰਿਕ ਹੋਣ ਦੇ ਨਾਤੇ ਮੇਰੀਆਂ ਕੀ ਜ਼ਿਮੇਵਾਰੀਆਂ ਹਨ?
- ਮੈਂ ਕਨੇਡਾ ਦੇ ਸਮਾਜ ਵਿੱਚ ਸਕਾਰਾਤਮਕ ਤਬਦੀਲੀਆਂ ਲਿਆਉਣ ਵਿੱਚ ਕਿਵੇਂ ਮਦਦ ਕਰ ਸਕਦਾ ਹਾਂ?
- ਮੈਂ ਸਰਕਾਰੀ ਏਜੰਸੀਆਂ ਕੋਲੋਂ ਮਦਦ ਮੰਗਣ ਵੇਲੇ ਕੀ ਆਸ ਕਰ ਸਕਦਾ ਹਾਂ?

ਅਸੀਂ ਇਹ ਕਿਤਾਬਚਾ ਇਹਨਾਂ ਮਹੱਤਵਪੂਰਣ ਪ੍ਰਸ਼ਨਾਂ ਦੇ ਉੱਤਰ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ ਬਣਾਇਆ ਹੈ।

# ਲੋਕਤੰਤਰ ਵਿੱਚ ਨਾਗਰਿਕਤਾ

ਯੂਨਾਇਟਿਡ ਨੇਸ਼ਨਜ਼ ਕਨੇਡਾ ਨੂੰ ਸੰਸਾਰ ਵਿੱਚ ਰਹਿਣ ਲਈ ਸਭ ਤੋਂ ਜ਼ਿਆਦਾ ਯੋਗ ਜਗ੍ਹਾ ਐਲਾਨ ਕਰ ਚੁੱਕੀ ਹੈ।

ਇਸ ਹੀ ਸਮੇਂ ਕਨੇਡਾ ਦੇ ਕੁੱਝ ਨਾਗਰਿਕ ਸਾਡੀ ਸਰਕਾਰ ਬਾਰੇ ਸ਼ਿਕਾਇਤ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਇਸ ਸਰਕਾਰ ਬਾਰੇ ਕੁੱਝ ਵੀ ਕਰਨ ਲਈ ਸ਼ਕਤੀਹੀਨ ਮਹਿਸੂਸ ਕਰਦੇ ਹਨ।

ਕਨੇਡਾ ਨੂੰ ਸੰਸਾਰ ਵਿੱਚ ਰਹਿਣ ਲਈ ਸਭ ਤੋ ਚੰਗੀਆਂ ਥਾਵਾਂ ਵਿੱਚੋਂ ਇੱਕ ਚੰਗੀ ਥਾਂ ਕਿਵੇਂ ਸਮਝਿਆ ਜਾ ਸਕਦਾ ਹੈ ਜੱਦ ਕਿ ਕੁੱਝ ਲੋਕ ਸਾਡੀ ਸਰਕਾਰ ਤੇ ਪ੍ਰਭਾਵ ਪਾਉਣ ਲਈ ਸ਼ਕਤੀਹੀਣ ਮਹਿਸੂਸ ਕਰਦੇ ਹੋਣ? ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਹਾਡੇ ਸੋਚਣ ਲਈ ਇਹ ਇੱਕ ਮਹੱਤਵਪੂਰਣ ਪ੍ਰਸ਼ਨ ਕਿਉਂ ਹੈ?

ਇਹ ਮਹੱਤਵਪੂਰਣ ਹੈ ਕਿਉਂਕਿ ਸਾਰੇ ਨਾਗਰਿਕ -ਆਦਮੀ ਅਤੇ ਔਰਤਾਂ, ਜਵਾਨ ਅਤੇ ਬਜ਼ੁਰਗ, ਅਮੀਰ ਅਤੇ ਗਰੀਬ - ਫੈਸਲਾ ਕਰਦੇ ਹਨ ਕਿ ਕਨੇਡਾ ਵਿੱਚ ਰਹਿਣਾ ਕਿਸ ਤਰ੍ਹਾਂ ਲੱਗਦਾ ਹੈ।

ਕਨੇਡਾ ਆਪਣੇ ਲੋਕਾਂ ਨੂੰ ਇਹ ਕੁੱਝ ਪ੍ਰਦਾਨ ਕਰਦਾ ਹੈ-

- ਉੱਚ ਪੱਧਰ ਦੀ ਪੜਾਈ ਅਤੇ ਸਿਹਤ ਸੰਭਾਲ- ਪ੍ਰਣਾਲੀ
- ਬਹੁਤ ਸਾਰੇ ਆਰਥਿਕ (ਧਨ ਸਬੰਧੀ) ਮੌਕੇ
- ਇੱਕ ਅਜਿਹਾ ਸਮਾਜ ਜਿਸ ਵਿੱਚ ਨਾਗਰਿਕ ਇੱਕ ਦੂਜੇ ਦੀ ਇੱਜ਼ਤ ਕਰਦੇ ਹਨ ਭਾਵੇਂ ਉਹ ਅਲੱਗ-ਅਲੱਗ ਪਿਛੋਕੜ ਤੋਂ ਆਏ ਹਨ ਅਤੇ ਉਹ ਅਲੱਗ ਵਿਚਾਰ ਰੱਖਦੇ ਹਨ।

ਇਹ ਸਾਰੀਆਂ ਵਿਸ਼ੇਸ਼ਤਾਵਾਂ ਅਤੇ ਕਦਰਾਂ ਨਾਗਰਿਕਾਂ ਦੀਆਂ ਇੱਛਾਵਾਂ ਅਤੇ ਕੋਸ਼ਿਸ਼ਾਂ ਦਾ ਨਤੀਜਾ ਹਨ। ਕਨੇਡਾ ਸੰਸਾਰ ਵਿੱਚ ਰਹਿਣ ਲਈ ਸਭ ਤੋਂ ਚੰਗੀਆਂ ਥਾਵਾਂ ਵਿੱਚੋਂ ਇੱਕ ਸਮਝਿਆ ਜਾਂਦਾ ਹੈ ਕਿਉਂਕਿ ਸਾਡੇ ਨਾਗਰਿਕ ਇਸ ਨੂੰ ਇਸ ਤਰ੍ਹਾਂ ਦਾ ਬਣਾਉਣ ਲਈ ਸਹਿਯੋਗ ਦਿੰਦੇ ਹਨ।







ਇਸ ਵੇਲੇ, ਸਾਰੇ ਨਾਗਰਿਕਾਂ ਨੂੰ ਸਰਕਾਰ ਸਬੰਧੀ ਸ਼ਿਕਾਇਤਾਂ ਬਾਰੇ ਰੁਚੀ ਲੈਣੀ ਚਾਹੀਦੀ ਹੈ। ਲੋਕਤੰਤਰ ਵਿੱਚ ਅਸੀਂ ਸਾਰੇ ਨਾਗਰਿਕ ਹੋਣ ਦੇ ਨਾਤੇ ਆਪਣੇ ਦੇਸ਼ ਦੇ ਕਾਨੂੰਨ ਨੂੰ ਨਿਰਧਾਰਿਤ ਕਰਦੇ ਹਾਂ।

ਲੋਕਤੰਤਰ ਇੱਕ ਅਜਿਹੀ ਅਦਭੁੱਤ ਵਿਵਸਥਾ ਹੈ ਜਿਸਦੇ ਦੁਆਰਾ ਨਾਗਰਿਕ ਆਪਣੇ ਸਮਾਜ ਨੂੰ ਜੱਥੇਬੰਦ ਕਰਦੇ ਹਨ ਅਤੇ ਰਾਜਨੀਤਿਕ ਸ਼ਕਤੀ ਨੂੰ ਸਾਂਝਿਆਂ ਕਰਦੇ ਹਨ। ਅਸੀਂ ਅਜਿਹਾ ਸਰਕਾਰ ਨੂੰ ਚੁਣ ਕੇ ਅਤੇ ਲੋਕਤੰਤਰੀ ਜ਼ਿੰਦਗੀ ਵਿਚ ਹਿੱਸਾ ਲੈ ਕੇ ਕਰਦੇ ਹਾਂ।

ਕਨੇਡਾ ਦੇ ਲੋਕਤੰਤਰ ਨੂੰ ਸਮਝਣ ਦਾ ਇੱਕ ਤਰੀਕਾ ਇਹ ਹੈ ਕਿ ਮੰਨ ਲਉ ਕਿ ਕੋਈ ਵਿਅਕਤੀ ਸਾਡੇ ਦੇਸ਼ ਵਿੱਚ ਆਕੇ ਪੁੱਛਦਾ ਹੈ " ਇੱਥੇ ਮੁਖੀ ਕੌਣ ਹੈ?" ਤੇ ਉੱਤਰ ਹੋਣਾ ਚਾਹੀਦਾ ਹੈ: "ਅਸੀਂ ਸਾਰੇ ਇੱਥੇ ਮੁਖੀ ਹਾਂ। ਕੋਈ ਇੱਕ ਵਿਅਕਤੀ ਮੁਖੀ ਨਹੀਂ ਹੈ।"

ਤੁਸੀਂ ਇਸ ਵਿਚਾਰ ਨੂੰ ਥੋੜਾ ਕਾਲਪਨਿਕ ਸਮਝ ਸਕਦੇ ਹੋ। ਕਨੇਡਾ ਵਿੱਚ ਤੁਹਾਡੀ ਜ਼ਿੰਦਗੀ ਦੇ ਕੁੱਝ ਖਾਸ ਤਜ਼ਰਬੇ ਤੁਹਾਨੂੰ ਸ਼ਕਤੀਹੀਣ ਅਨੁਭਵ ਕਰਵਾ ਸਕਦੇ ਹਨ, ਖਾਸ ਕਰਕੇ ਜਦੋਂ ਤੁਸੀਂ ਸਰਕਾਰ ਨਾਲ ਸੰਪਰਕ ਕਰ ਰਹੇ ਹੋਵੋਂ। 30 ਮਿਲੀਅਨ ਤੋਂ ਜ਼ਿਆਦਾ ਵਾਲੇ ਲੋਕਤੰਤਰ ਵਿੱਚ ਇਹ ਵਿਚਾਰ ਸੁਭਾਵਕ ਹੈ ਅਤੇ ਸ਼ਾਇਦ ਇਸ ਤੋਂ ਬਚਿਆ ਨਹੀਂ ਜਾ ਸਕਦਾ।

ਪਰ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਲੋਕਤੰਤਰੀ ਨਾਗਰਿਕ ਹੋਣ ਦੇ ਨਾਤੇ ਅਸੀਂ ਆਪਣੇ ਆਪ ਤੇ ਸ਼ਾਸਨ ਕਰਨ ਦਾ ਹੱਕ ਸਾਂਝਾ ਕਰਦੇ ਹਾਂ। ਕਨੇਡਾ ਖਾਸ ਹੈ ਕਿਉਂਕਿ ਇੱਥੇ ਤੁਹਾਡੇ ਲਈ ਸਮਾਜ ਨੂੰ ਬਦਲਣਾ ਮੁਮਕਿਨ ਹੈ। ਕਈ ਵਾਰ ਇਹ ਤੁਹਾਡੇ ਤੇ ਨਿਰਭਰ ਕਰੇਗਾ ਕਿ ਤੁਸੀਂ ਇਕੱਲਿਆਂ ਜਾਂ ਦੂਜਿਆਂ ਨਾਲ ਮਿਲ ਕੇ ਸਕਤੀਹੀਣਤਾ ਦੀ ਭਾਵਨਾ ਨੂੰ ਕੁੱਝ ਕਰ ਸਕਣ ਦੀ ਭਾਵਨਾ ਵਿਚ ਬਦਲੋ ਅਤੇ ਪਰਿਵਰਤਨ ਲਿਆਉ।

**ਕੋਈ ਵੀ ਲੋਕਤੰਤਰ ਇੱਥੋਂ ਤੱਕ ਕਿ ਕਨੇਡਾ ਦਾ ਲੋਕਤੰਤਰ ਵੀ ਸੰਪੂਰਣ (ਦੋਸ਼ ਰਹਿਤ) ਨਹੀਂ ਹੋ ਸਕਦਾ। ਪਰ ਕਨੇਡਾ ਸਾਨੂੰ ਆਪਣਾ ਸਮਾਜ ਬਨਾਉਣ ਲਈ ਅਸਲੀ ਮੌਕੇ ਪੇਸ਼ ਕਰਦਾ ਹੈ।**

ਨਾਗਰਿਕਾਂ ਦੀਆਂ ਜ਼ਿੰਮੇਵਾਰੀਆਂ ਵੀ ਹਨ ਅਤੇ ਹੱਕ ਵੀ ਹਨ. ਨਾਗਰਿਕ ਹੋਣ ਦੇ ਨਾਤੇ ਇੱਕ ਦੂਜੇ ਦੇ ਹੱਕਾਂ ਨੂੰ ਮਾਨਤਾ ਦੇਣੀ ਸਾਡੀ ਜ਼ਿੰਮੇਵਾਰੀ ਹੈ। ਕਾਨੂੰਨ ਦੀ ਪਾਲਣਾ ਕਰਨਾ ਅਤੇ ਉਨ੍ਹਾਂ ਲੋਕਾਂ, ਜਿਨ੍ਹਾਂ ਨੂੰ ਖਾਸ ਅਧਿਕਾਰ ਦਿੱਤੇ ਗਏ ਹੋਣ ਜਿਵੇਂ ਕਿ ਪੁਲਿਸ ਅਤੇ ਸਰਕਾਰੀ ਅਧਿਕਾਰੀ ਨਾਲ ਜ਼ਿੰਮੇਵਾਰੀ ਸਹਿਤ ਪੇਸ਼ ਆਉਣਾ ਸਾਡੀ ਜ਼ਿੰਮੇਵਾਰੀ ਹੈ।

ਲੋਕਤੰਤਰ ਇਨ੍ਹਾਂ ਜ਼ਿੰਮੇਵਾਰੀਆਂ ਨੂੰ ਬਹੁਤ ਸਾਰੇ ਬੁਨਿਆਦੀ ਹੱਕਾਂ ਨਾਲ ਸੰਤੁਲਿਤ ਕਰਦਾ ਹੈ। ਸਾਡੇ ਸਰਕਾਰੀ ਅਫਸਰਾਂ ਨੂੰ ਸਾਰਿਆਂ ਨਾਲ ਇੱਜ਼ਤ ਨਾਲ ਵਰਤਾਉ ਕਰਨਾ ਚਾਹੀਦਾ ਹੈ ਅਤੇ ਸਾਨੂੰ ਉਹ ਸਾਰੇ ਹੱਕ ਅਤੇ ਸੁਤੰਤਰਤਾ ਦੇਣੀ ਚਾਹੀਦੀ ਹੈ ਜਿਸ ਉੱਤੇ ਨਾਗਰਿਕ ਹੋਣ ਦੇ ਨਾਤੇ ਸਾਡਾ ਹੱਕ ਹੈ। ਲੋਕਤੰਤਰ ਸਾਡੇ ਇਨ੍ਹਾਂ ਹੱਕਾਂ ਦੀ ਕਾਨੂੰਨ ਵਿੱਚ ਗਰੰਟੀ ਦਿੰਦਾ ਹੈ।

ਇਹ ਠੀਕ ਹੈ ਕਿ ਸਾਡੇ ਸਾਰੇ ਹੱਕਾਂ ਅਤੇ ਅਜ਼ਾਦੀਆਂ ਦੀ ਕਾਨੂੰਨੀ ਤੌਰ ਤੇ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਦੂਜੇ ਲੋਕਾਂ ਦੀ ਇਜ਼ਤ ਕਰਨ ਦਾ ਬੁਨਿਆਦੀ ਨਿਯਮ ਸਾਡੇ ਸਾਰਿਆਂ ਲਈ ਜ਼ਿੰਦਗੀ ਦਾ ਇੱਕ ਅਸੂਲ ਹੋਣਾ ਚਾਹੀਦਾ ਹੈ।

ਇੱਥੋਂ ਤੱਕ ਕਿ ਸਾਡੇ ਜਿਹੜੇ ਹੱਕਾਂ ਦੀ ਕਾਨੂੰਨੀ ਤੌਰ ਤੇ ਗਰੰਟੀ ਦਿੱਤੀ ਗਈ ਹੈ, ਇਕੱਲਾ ਕਾਨੂੰਨ ਵੀ ਉਹਨਾਂ ਦੀ ਰੱਖਿਆ ਕਰਨ ਲਈ ਕਾਫੀ ਨਹੀਂ ਹੈ। ਲੋਕਤੰਤਰ ਦੀ ਸਫਲਤਾ ਲਈ ਸਾਰੇ ਨਾਗਰਿਕਾਂ ਨੂੰ ਲੋਕਤੰਤਰੀ ਕਦਰਾਂ - ਕੀਮਤਾਂ ਪ੍ਰਤੀ ਇੱਕ ਨਿੱਜੀ ਵਾਇਦਾ ਕਰਨਾ ਚਾਹੀਦਾ ਹੈ ਅਤੇ ਉਹਨਾਂ ਦਾ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਰਗਰਮੀ ਨਾਲ ਪ੍ਰਯੋਗ ਕਰਨਾ ਚਾਹੀਦਾ ਹੈ। ਇਸ ਵਾਇਦੇ ਤੋਂ ਬਿਨਾਂ ਸਾਡੇ ਹੱਕ, ਜਿਨ੍ਹਾਂ ਦੀ ਕਾਨੂੰਨ ਗਾਰੰਟੀ ਦਿੰਦਾ ਹੈ ਆਪਣੀ ਕਦਰ ਗਵਾ ਦੇਣਗੇ, ਅਤੇ ਸਮਾਜ ਆਪਣੀ ਲੋਕਤੰਤਰੀ ਭਾਵਨਾ ਗੁਆ ਦੇਵੇਗਾ। ਕਨੇਡਾ ਦੇ ਲੋਕਤੰਤਰ ਦੇ ਪ੍ਰਾਣ ਸਾਰੇ ਨਾਗਰਿਕਾਂ ਵਲੋਂ ਸਾਂਝੀਆਂ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਕੀਤੇ ਵਾਇਦੇ ਤੇ ਨਿਰਭਰ ਕਰਦੇ ਹਨ।







## ਕਨੇਡਾ ਦੀਆਂ ਕਦਰਾਂ ਅਤੇ ਰਿਵਾਇਤਾਂ

ਕਨੇਡਾ ਦਾ ਸਮਾਜ ਮਹੱਤਵਪੂਰਨ ਕਦਰਾਂ ਅਤੇ ਰਿਵਾਇਤਾਂ ਤੇ ਅਧਾਰਿਤ ਹੈ। ਕਨੇਡਾ ਦੇ ਨਾਗਰਿਕ ਇੱਕ ਅਜਿਹੇ ਸਮਾਜ ਨੂੰ ਬਣਾਉਣ ਲਈ ਬਹੁਤ ਮਿਹਨਤ ਕਰਦੇ ਹਨ ਜਿਹੜਾ ਇਨ੍ਹਾਂ ਕਦਰਾਂ ਦੀ ਇਜ਼ਤ ਕਰਦਾ ਹੈ। ਇਸ ਵਿੱਚ ਸਭਿਆਚਾਰੀ ਭੇਦ, ਸਮਾਨਤਾ, ਅਜ਼ਾਦੀ ਅਤੇ ਪ੍ਰਗਟਾਓ ਦਾ ਸਤਿਕਾਰ ਸ਼ਾਮਿਲ ਹੈ। ਅਸੀਂ ਇਹਨਾਂ ਕਦਰਾਂ ਬਾਰੇ ਅਧਿਆਇ 2 ਵਿੱਚ ਹੋਰ ਵਿਸਤਾਰ ਨਾਲ ਗੱਲ ਕਰਾਂਗੇ।

ਤੁਸੀਂ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਦਰਾਂ ਅਤੇ ਰਿਵਾਇਤਾਂ ਨਾਲ ਜਾਣੂ ਹੋ ਸਕਦੇ ਹੋ। ਇਹਨਾਂ ਵਿਚੋਂ ਕਈ ਤੁਹਾਡੇ ਲਈ ਨਵੇਂ ਹੋ ਸਕਦੇ ਹਨ। ਜਾਂ ਸ਼ਾਇਦ ਤੁਹਾਡੇ ਪਹਿਲੇ ਦੇਸ਼ ਦੀ ਸਰਕਾਰ ਨੇ ਤੁਹਾਨੂੰ ਅਤੇ ਤੁਹਾਡੇ ਨਾਲ ਦੇ ਹੋਰ ਨਾਗਰਿਕਾਂ ਨੂੰ ਇਨ੍ਹਾਂ ਕਦਰਾਂ ਦਾ ਪ੍ਰਯੋਗ ਕਰਨ ਤੋਂ ਰੋਕਿਆ ਹੋਵੇ।

ਸਾਡੇ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਸਮਾਜ ਵਿੱਚ ਸਾਡੀਆਂ ਰਿਵਾਇਤਾਂ ਅਤੇ ਕਦਰਾਂ ਨੂੰ ਪ੍ਰਗਟ ਕਰਦੇ ਹਨ। ਕਨੇਡਾ ਦੇ ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਸੀਂ ਸਾਡੇ ਕਈ ਕਾਨੂੰਨਾਂ ਅਤੇ ਸਰਕਾਰੀ ਪ੍ਰੋਗਰਾਮਾਂ ਨੂੰ ਅਜੀਬ ਸਮਝ ਸਕਦੇ ਹੋ। ਤੁਸੀਂ ਇਹ ਵੀ ਸਮਝ ਸਕਦੇ ਹੋ ਕਿ ਉਹ ਗਲਤ ਹਨ।

ਪਰ ਕਨੇਡਾ ਦੇ ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਹਾਡੀ ਇਨ੍ਹਾਂ ਕਦਰਾਂ ਨੂੰ ਸਮਝਣ ਦੀ ਜ਼ਿੰਮੇਵਾਰੀ ਹੈ ਜਿਹੜੀਆਂ ਸਾਡੇ ਕਾਨੂੰਨ ਅਤੇ ਪ੍ਰੋਗਰਾਮਾਂ ਵਿੱਚ ਪ੍ਰਗਟ ਹੁੰਦੀਆਂ ਹਨ। ਕਨੇਡਾ ਦੀਆਂ ਕਦਰਾਂ ਅਤੇ ਸਾਡੇ ਜ਼ਿੰਦਗੀ ਦੇ ਵਤੀਰੇ ਨਾਲ ਸਮਾਯੋਜਨ ਕਰਨ ਦੀ ਵੀ ਤੁਹਾਡੀ ਜ਼ਿੰਮੇਵਾਰੀ ਹੈ। ਨਾਗਰਿਕਾਂ ਦੀ ਇਹ ਵੀ ਜ਼ਿਮੇਵਾਰੀ ਹੈ ਕਿ ਉਹ ਕਨੇਡਾ ਦੀਆਂ ਕਦਰਾਂ - ਕੀਮਤਾਂ ਦੀ ਇੱਜ਼ਤ ਕਰਨ।

ਤੁਸੀਂ ਕਨੇਡਾ ਦੀਆਂ ਕਦਰਾਂ ਨੂੰ ਸਿੱਖਣ ਅਤੇ ਉਹਨਾਂ ਅਨੁਸਾਰ ਚਲਣ ਤੋਂ ਬਾਅਦ ਵੀ ਮਹਿਸੂਸ ਕਰ ਸਕਦੇ ਹੋ ਕਿ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਤੁਹਾਡੀਆਂ ਆਪਣੀਆਂ ਕਦਰਾਂ ਦੀ ਪਾਲਣਾ ਕਰਨਾ ਅਸੰਭਵ ਬਣਾਉਂਦੇ ਹਨ।

ਜਾਂ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਸਰਕਾਰੀ ਪ੍ਰੋਗਰਾਮ ਤੁਹਾਡੇ ਅਤੇ ਹੋਰਾਂ ਲਈ ਅਨਉਚਿਤ ਹਨ ਕਿਉਂਕਿ ਇਹ ਕਨੇਡਾ ਦੀਆਂ ਕਦਰਾਂ ਨੂੰ ਵਿਅਕਤ ਨਹੀਂ ਕਰਦੇ।

ਜਾਂ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਕੋਈ ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਤੁਹਾਡੇ ਅਤੇ ਹੋਰਾਂ ਲਈ ਅਨਉਚਿਤ ਹਨ ਕਿਉਂਕਿ ਇਹ ਕਨੇਡਾ ਦੀਆਂ ਕਦਰਾਂ ਨੂੰ ਵਿਅਕਤ ਨਹੀਂ ਕਰਦੇ।

ਜੇਕਰ ਅਜਿਹਾ ਹੈ ਤਾਂ ਇੱਕ ਨਾਗਰਿਕ ਹੋਣ ਦੇ ਨਾਤੇ ਤੁਹਾਡੀ ਜਿੰਮੇਵਾਰੀ ਹੈ ਕਿ ਤੁਸੀਂ ਦੂਜੇ ਨਾਗਰਿਕਾਂ ਅਤੇ ਆਪਣੀ ਸਰਕਾਰ ਨੂੰ ਵਿਸ਼ਵਾਸ ਕਰਾਓ ਕਿ ਕਾਨੂੰਨ ਵਿਚ ਤਬਦੀਲੀਆਂ ਦੀ ਲੋੜ ਹੈ।

ਇਹ ਕਨੇਡਾ ਦੇ ਲੋਕਤੰਤਰ ਦੀ ਇੱਕ ਵੱਡੀ ਜ਼ਿੰਮੇਵਾਰੀ ਹੈ। ਸਾਡੇ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਸਾਰੇ ਕਨੇਡਾ ਦੇ ਨਾਗਰਿਕਾਂ ਦੇ ਲਈ ਫਾਇਦੇਮੰਦ ਹੋਣੇ ਚਾਹੀਦੇ ਹਨ ਨਾ ਕਿ ਸਿਰਫ ਕੁੱਝ ਇਕ ਦੇ ਲਈ।

## ਕਨੇਡਾ ਦੇ ਸਮਾਜ ਵਿੱਚ ਔਰਤ

**ਕਨੇਡਾ ਦਾ ਸਮਾਜ ਔਰਤ ਨੂੰ ਆਦਮੀ ਦੇ ਬਰਾਬਰ ਸਮਝਦਾ ਹੈ।_**

ਕਈ ਸਮਾਜਾਂ ਵਿੱਚ ਔਰਤ ਨੂੰ ਆਦਮੀ ਤੋਂ ਘੱਟ ਸਮਝਿਆ ਜਾਂਦਾ ਹੈ ਖਾਸ ਕਰਕੇ ਪਰਿਵਾਰ ਦੀਆਂ ਜਿੰਮੇਵਾਰੀਆਂ ਦੇ ਲਈ।

ਕਨੇਡਾ ਦਾ ਸਮਾਜ ਔਰਤਾਂ ਨੂੰ ਪਰਿਵਾਰ ਵਿਚ, ਵਪਾਰਕ ਦੁਨੀਆਂ ਵਿਚ ਅਤੇ ਜਨਤਕ ਦੁਨੀਆਂ ਵਿੱਚ ਇਕ ਬਰਾਬਰ ਦੀਆਂ ਹਿੱਸੇਦਾਰ ਸਮਝਦਾ ਹੈ

ਇਹ ਤਬਦੀਲੀ ਹੁਣੇ ਹੀ ਹੋਈ ਹੈ। ਕਨੇਡ ਦੇ ਲੋਕ ਹੁਣ ਸਾਡੇ ਸਮਾਜ ਦੇ ਹਰ ਪੱਖ ਵਿੱਚ ਲਿੰਗ ਭੇਦ ਸਬੰਧੀ ਸਮਾਨਤਾ ਦੀ ਕਦਰ ਨੂੰ ਸਚਾਈ ਬਣਾਉਣ ਲਈ ਬਹੁਤ ਮਿਹਨਤ ਕਰ ਰਹੇ ਹਨ।





## ਕਨੇਡਾ ਵਿੱਚ ਮੀਡੀਆ

**ਕਨੇਡਾ ਮੰਨਦਾ ਹੈ ਕਿ ਲੋਕਤੰਤਰ ਵਿੱਚ ਮੀਡੀਆ ਇੱਕ ਅਹਿਮ ਰੋਲ ਅਦਾ ਕਰਦਾ ਹੈ।**

ਕੁੱਝ ਦੇਸ਼ਾਂ ਵਿੱਚ ਨਾਗਰਿਕ ਅਤੇ ਮੀਡੀਆ ਸਰਕਾਰੀ ਅਫਸਰਾਂ ਦੀ ਬਹੁਤ ਘੱਟ ਆਲੋਚਨਾ ਕਰਦੇ ਹਨ। ਪੱਤਰਕਾਰ ਆਪਣੀ ਸਰਕਾਰ ਦੀ ਆਲੋਚਨਾ ਕਰਨ ਖਾਤਰ ਜੇਲ੍ਹ ਜਾਣ ਅਤੇ ਇੱਥੋਂ ਤੱਕ ਕਿ ਤਸੀਹਿਆਂ ਦਾ ਜੋਖਿਮ ਵੀ ਲੈ ਸਕਦੇ ਹਨ।



ਉਹਨਾਂ ਦਾ ਕੰਮ ਸਰਕਾਰ ਦੀ ਜਵਾਬਦੇਹੀ ਨੂੰ ਉਤਸਾਹਿਤ ਕਰਨਾ ਹੈ। ਜਵਾਬਦੇਹੀ ਦਾ ਮਤਲਬ ਹੈ ਕਿ ਨਾਗਰਿਕਾਂ ਦੇ ਕੋਲ ਸਰਕਾਰ ਦੇ ਕੰਮਾਂ ਦੀ ਜਾਂਚ ਅਤੇ ਪਰਿਵਰਤਨ ਕਰਨ ਦੀ ਮੰਗ ਕਰਨ ਦਾ ਹੱਕ ਹੈ

ਕਨੇਡਾ ਦਾ ਮੀਡੀਆ–ਸਾਡੇ ਅਖਬਾਰ, ਮੈਗਜ਼ੀਨ, ਰੇਡੀਓ ਅਤੇ ਟੈਲੀਵੀਜ਼ਨ – ਸਰਕਾਰ ਦੇ ਕੰਮਾਂ ਤੇ ਬਹੁਤ ਨੇੜਿਉਂ ਨਜ਼ਰ ਰਖੱਦੇ ਹਨ। ਉਹ ਸਰਕਾਰ ਦੇ ਕੰਮਾਂ ਪ੍ਰੋਗਰਾਮਾਂ ਅਤੇ ਨੀਤੀਆਂ 'ਤੇ ਟਿੱਪਣੀ ਕਰਦੇ ਹਨ ਅਤੇ ਸਰਕਾਰੀ ਅਫਸਰਾਂ ਦੀ ਅਕਸਰ ਆਲੋਚਨਾ ਕਰਦੇ ਹਨ

ਕਿਉਂਕਿ ਮੀਡੀਆ ਮੀਡੀਆ ਨਾਗਰਿਕਾਂ ਦੇ ਸਰੋਕਾਰਾਂ ਤੇ ਬਹੁਤ ਨਜ਼ਦੀਕੀ ਨਾਲ ਧਿਆਨ ਦਿੰਦਾ ਹੈ, ਇਸ ਲਈ ਉਹ (ਮੀਡੀਆ) ਸਮਾਜਿਕ ਤਬਦੀਲੀਆਂ ਵਿੱਚ ਇੱਕ ਮਹੱਤਵਪੂਰਣ ਰੋਲ ਅਦਾ ਕਰ ਸਕਦਾ ਹੈ।

# ਕੀ ਤੁਹਾਨੂੰ ਲੋਕਤੰਤਰ ਪ੍ਰਕ੍ਰਿਆ ਵਿੱਚ ਭਾਗ ਲੈਣ ਲਈ ਚਿੰਤਾ ਕਰਨੀ ਚਾਹੀਦੀ ਹੈ?

ਇੱਕ ਨਵੇਂ ਕਨੇਡੀਅਨ ਹੋਣ ਦੇ ਨਾਤੇ ਤੁਸੀਂ ਇਹ ਸੋਚ ਸਕਦੇ ਹੋ ਕਿ ਤੁਹਾਡਾ ਰਾਜਨੀਤਕ ਮਸਲਿਆਂ ਵਿੱਚ ਉਲਝਣਾ ਠੀਕ ਨਹੀਂ ਹੈ। ਸ਼ਾਇਦ ਤੁਸੀਂ ਚਿੰਤਾ ਕਰਦੇ ਹੋ ਕਿ:

- ❑ ਤੁਹਾਨੂੰ ਸਰਕਾਰ, ਇਸਦੇ ਕਾਨੂੰਨਾਂ ਜਾਂ ਪ੍ਰੋਗ੍ਰਾਮਾਂ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ ਕਿਉਂਕਿ ਤੁਸੀਂ ਆਪਣੇ ਜਾਂ ਆਪਣੇ ਪਰਿਵਾਰ ਲਈ ਮੁਸੀਬਤ ਖੜੀ ਕਰ ਸਕਦੇ ਹੋ ਜਾਂ ਆਪਣੇ ਪਰਿਵਾਰ ਦੀ ਨਾਗਰਿਕਤਾ ਨੂੰ ਖਤਰੇ ਵਿੱਚ ਪਾ ਸਕਦੇ ਹੋ।
- ❑ ਤੁਹਾਨੂੰ ਸਰਕਾਰ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ ਕਿਉਂਕਿ ਤੁਸੀਂ ਇੱਕ ਨਵੇਂ ਨਾਗਰਿਕ ਹੋ ਅਤੇ ਤੁਹਾਨੂੰ ਕਨੇਡਾ ਵਿੱਚ ਸਵੀਕਾਰ ਕੀਤੇ ਜਾਣ ਲਈ ਧੰਨਵਾਦੀ ਹੋਣਾ ਚਾਹੀਦਾ ਹੈ।
- ❑ ਪਰਿਵਰਤਨ ਲਿਆਉਣ ਲਈ ਭਾਸ਼ਾ ਦੀ ਜੋ ਨਿਪੁੰਨਤਾ ਜਾਂ ਕਨੇਡਾ ਬਾਰੇ ਜਾਣਕਾਰੀ ਚਾਹੀਦੀ ਹੈ, ਉਹ ਤੁਹਾਡੇ ਕੋਲ ਨਹੀ ਹੈ।
- ❑ ਦੂਜੇ ਕਨੇਡੀਅਨ ਸਾਡੇ ਰਹਿਣ-ਸਹਿਣ ਦੇ ਢੰਗ ਨਾਂ ਅਪਨਾਉਣ ਲਈ ਤੁਹਾਡੀ ਆਲੋਚਨਾ ਕਰਨਗੇ।

ਕਿਉਂਕਿ ਤੁਸੀਂ ਕਨੇਡਾ ਵਿੱਚ ਨਵੇਂ ਹੋ ਅਤੇ ਇਸ ਤਰ੍ਹਾਂ ਮਹਿਸੂਸ ਕਰਨਾ ਆਮ ਗੱਲ ਹੈ।

ਫਿਰ ਵੀ, ਕਨੇਡਾ ਦੇ ਨਾਗਰਿਕ ਦੂਜੇ ਨਾਗਰਿਕਾਂ ਦੇ ਬੋਲਣ ਅਤੇ ਸਰੋਕਾਰਾਂ ਬਾਰੇ ਗੱਲ ਕਰਨ ਦੇ ਅਧਿਕਾਰਾਂ ਦੀ ਇੱਜ਼ਤ ਕਰਦੇ ਹਨ, ਭਾਵੇਂ ਉਹਨਾਂ ਨਾਲ ਉਹ ਸਹਿਮਤ ਨਾਂ ਹੀ ਹੋਣ। ਬੋਲਣ ਦੀ ਅਜ਼ਾਦੀ ਸਾਡੇ ਸਮਾਜ ਦੀਆਂ ਬਹੁਤ ਮਹੱਤਵਪੂਰਣ ਕਦਰਾਂ ਵਿਚੋਂ ਇਕ ਹੈ।





ਕੋਈ ਤੁਹਾਡੀ ਜਾਂ ਤੁਹਾਡੇ ਪਰਰਿਵਾਰ ਦੀ ਨਾਗਰਿਕਤਾ ਸਿਰਫ ਇਸ ਲਈ ਖਤਮ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਸਰਕਾਰ ਜਾਂ ਇਸਦੇ ਪ੍ਰੋਗ੍ਰਾਮਾਂ ਦੇ ਆਲੋਚਕ ਹੋ। ਜੇਕਰ ਤੁਹਾਨੂੰ ਕੋਈ ਅਜਿਹਾ ਕਰਨ ਤੇ ਧਮਕੀ ਦਿੰਦਾ ਹੈ ਤਾਂ ਇੱਥੇ ਬਹੁਤ ਸਾਰੇ ਸਮੂਹ ਤੁਹਾਡੀ ਮਦਦ ਕਰਨ ਦੇ ਚਾਹਵਾਨ ਹਨ।

**ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਲੋਕਤੰਤਰ ਵਿੱਚ ਭਾਗ ਲੈਣਾ ਤੁਹਾਡਾ ਅਧਿਕਾਰ ਅਤੇ ਜ਼ਿੰਮੇਵਾਰੀ ਹੈ।**

## ਚਿੰਤਾ ਨਾਂ ਕਰਨ ਦੇ ਚਾਰ ਕਾਰਨ

ਜੇਕਰ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਸਰੋਕਾਰ ਰੱਖਦੇ ਹੋ ਤਾਂ ਇਹ ਕੁੱਝ ਗੱਲਾਂ ਯਾਦ ਰੱਖਣ ਯੋਗ ਹਨ:

- ❑ ਨਵੇਂ ਨਾਗਰਿਕ ਕਨੇਡਾ ਦੇ ਸਮਾਜ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

ਸਾਡਾ ਦੇਸ਼ ਤੁਹਾਡੇ ਵਰਗੇ ਨਵੇਂ ਨਾਗਰਿਕਾਂ ਦੇ ਸਿਰ 'ਤੇ ਬਣਿਆ ਹੈ। ਤੁਹਾਨੂੰ ਇਸ ਪਰੰਪਰਾ ਤੇ ਮਾਨ ਕਰਨਾ ਚਾਹੀਦਾ ਹੈ।

- ❑ ਜ਼ਿਆਦਾਤਰ ਸਾਰੇ ਕਨੇਡੀਅਨ ਜਾਂ ਉਹਨਾਂ ਦੇ ਪੂਰਵਜ ਇੱਕ ਸਮੇਂ ਨਵੇਂ ਕਨੇਡੀਅਨ ਸਨ।

ਅਸੀਂ ਸਾਰੇ (ਜਾਂ ਸਾਡੇ ਪੂਰਵਜ) ਕਨੇਡਾ ਵਿੱਚ ਕਿਸੇ ਹੋਰ ਥਾਂ ਤੋਂ ਆਏ ਹਾਂ। ਸਾਡੇ ਵਿੱਚੋਂ ਜ਼ਿਆਦਾਤਰ ਪਿਛਲੇ ਇੱਕ ਸੌ ਸਾਲਾਂ ਵਿਚਕਾਰ ਇੱਥੇ ਪਹੁੰਚੇ ਹਾਂ (ਇਸਦਾ ਮਹੱਤਵਪੂਰਨ ਅਪਵਾਦ ਸਾਡੇ ਮੁੱਢ ਤੋਂ ਹੀ ਪਾਏ ਜਾਣ ਵਾਲੇ ਲੋਕ ਹਨ)। ਦੂਜੇ ਦੇਸ਼ ਤੋਂ ਆਉਣ ਦਾ ਇਹ ਮਤਲਬ ਨਹੀਂ ਕਿ ਕਨੇਡਾ ਵਿਚ ਤੁਸੀਂ ਦੂਜੇ ਦਰਜੇ ਦੇ ਨਾਗਰਿਕ ਹੋ। ਸਿੱਧੇ ਰੂਪ ਵਿਚ ਤੁਸੀਂ ਕਨੇਡਾ ਦੇ ਇੱਕ ਨਵੇਂ ਨਗਿਰਿਕ ਹੋ।

- **ਸਿਆਸਤਦਾਨ ਸਭਿਆਚਾਰਕ ਭਾਈਚਾਰਿਆਂ ਦੀਆਂ ਜ਼ਰੂਰਤਾਂ ਵੱਲ ਵੱਧ ਧਿਆਨ ਦੇ ਰਹੇ ਹਨ।**

ਹੁਣ ਬਹੁਤ ਸਾਰੇ ਸਿਆਸਤਦਾਨ ਵੱਖ-ਵੱਖ ਸਭਿਆਚਾਰਕ ਭਾਈਚਾਰਿਆਂ ਨਾਲ ਸਬੰਧਿਤ ਕਨੇਡੀਅਨ ਨਾਗਰਿਕਾਂ ਦੀਆਂ ਜ਼ਰੂਰਤਾਂ ਅਤੇ ਆਸ਼ਾਵਾਂ ਨੂੰ ਸਮਝਣ ਲਈ ਬਹੁਤ ਕੋਸ਼ਿਸ ਕਰਦੇ ਹਨ। ਸਿਆਸਤਦਾਨ ਮੰਨਦੇ ਹਨ ਕਿ ਲੋਕਤੰਤਰ ਵਿੱਚ ਹਰੇਕ ਆਦਮੀ ਕੋਲ ਇਹ ਫੈਸਲਾ ਕਰਨ ਲਈ ਬਰਾਬਰ ਦਾ ਹੱਕ ਹੈ ਕਿ ਸਰਕਾਰ ਕੌਣ ਬਣਾਉਂਦਾ ਹੈ। ਇੱਕ ਨਵੇਂ ਨਾਗਰਿਕ ਦੀ ਵੋਟ ਉਨੀ ਹੀ ਮਹੱਤਵਪੂਰਨ ਹੈ ਜਿੰਨੀ ਕਿ ਕਨੇਡਾ ਦੇ ਜੰਮੇ ਨਾਗਰਿਕ ਦੀ।

ਸਭਿਆਚਾਰਕ ਭਾਈਚਾਰਿਆਂ ਦੇ ਲੋਕ ਇੱਕ ਰਾਜਨੀਤਕ ਪਾਰਟੀ ਨੂੰ ਚੋਣ ਜਿਤਾਉਣ ਵਿੱਚ ਸਹਾਇਤਾ ਕਰ ਸਕਦੇ ਹਨ। ਉਦਾਹਰਣ ਦੇ ਤੌਰ ਤੇ 1996 ਵਿੱਚ ਬ੍ਰਿਟਿਸ਼ ਕੁਲੰਬੀਆ ਦੀਆਂ ਸੂਬਾਈ ਚੋਣਾਂ ਵਿਚ ਵੈਨਕੂਵਰ ਵਿਚ ਬਹੁਤ ਸਾਰੇ ਰਾਜਨੀਤਕਾਂ ਨੇ ਭਾਈਚਾਰੇ ਦਾ ਸਮਰਥਨ ਹਾਸਲ ਕਰਨ ਲਈ ਬਹੁਤ ਮਿਹਨਤ ਕੀਤੀ।

- **ਤੁਸੀਂ ਇਕੱਲੇ ਨਹੀਂ ਹੋ।**

ਕਨੇਡਾ ਸਵੀਕਾਰ ਕਰਦਾ ਹੈ ਕਿ ਕਨੇਡਾ ਦੇ ਨਵੇਂ ਨਾਗਰਿਕਾਂ ਨੂੰ ਕਦੇ-ਕਦੇ ਆਪਣੇ ਨਵੇਂ ਘਰ ਵਿੱਚ ਵਸੇਬਾ ਕਰਨ ਲਈ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

ਸਰਕਾਰ ਦੇ ਸਾਰੇ ਪੱਧਰ ਅਤੇ ਬਹੁਤ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ ਸਹਾਇਤਾ ਕਰਦੀਆਂ ਹਨ-ਜਿਵੇਂ ਕਿ ਅਨੁਵਾਦ ਦੀਆਂ ਸੇਵਾਵਾਂ, ਕਨੇਡਾ ਦੇ ਨਵੇਂ ਨਾਗਰਿਕਾਂ ਨੂੰ ਘਰ ਵਿੱਚ ਵਸੇਬਾ ਕਰਨ ਲਈ ਸਹਾਇਤਾ। ਜੇਕਰ ਤੁਸੀਂ ਕਦੇ ਵੀ ਸਰਕਾਰ ਦੇ ਕਾਨੂੰਨ ਜਾਂ ਪ੍ਰੋਗਰਾਮਾਂ ਬਾਰੇ ਆਪਣੇ ਸਰੋਕਾਰਾਂ ਜਾਂ ਜ਼ਰੂਰਤਾਂ ਨੂੰ ਕਹਿਣ ਵਿੱਚ ਨਿਰਉਸਾਹਿਤ ਮਹਿਸੂਸ ਕਰਦੇ ਹੋ ਤਾਂ ਤੁਸੀਂ ਸਹਾਇਤਾ ਅਤੇ ਸਮਰਥਨ ਲਈ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਕੋਲ ਜਾ ਸਕਦੇ ਹੋ।

ਉਦਾਹਰਣ ਲਈ ਗਰੇਟਰ ਵੈਨਕੂਵਰ ਦੇ ਇਲਾਕੇ ਵਿੱਚ ਮੋਜ਼ੇਕ ਅਤੇ ਇਮੀਗਰੈਂਟ ਸਰਵਿਸਿਜ਼ ਸੋਸਾਇਟੀ ਆਫ ਬੀ.ਸੀ. ਅਤੇ ਸਕਸੈਸ ਨਵੇਂ ਆਏ ਕਨੇਡੀਅਨਾਂ ਦੀ ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਹਨ:

- ਮੋਜ਼ੇਕ- ਜਾਣਕਾਰੀ, ਜ਼ੁਬਾਨੀ ਅਨੁਵਾਦ, ਲਿਖਤੀ ਅਨੁਵਾਦ, ਸਲਾਹ ਮਸ਼ਵਰਾ, ਸਭਿਆਚਾਰਕ ਪਰਿਚੈ,ਅੰਗਰੇਜ਼ੀ ਦੀਆਂ ਕਲਾਸਾਂ, ਨੌਕਰੀ ਦੀ ਤਿਆਰੀ, ਭਾਈਚਾਰੇ ਬਾਰੇ ਜਾਣ-ਪਛਾਣ ਅਤੇ ਕਾਨੂੰਨੀ ਸਲਾਹ-ਮਸ਼ਵਰੇ ਸਬਧਿਤ ਸੇਵਾਵਾਂ ਪੇਸ਼ ਕਰਦੀ ਹੈ।

MOSAIC





- ਇਮੀਗਰੈਂਟ ਸਰਵਿਸਜ਼ ਸੋਸਾਇਟੀ ਆਫ ਬੀ.ਸੀ. ਅੰਗ੍ਰੇਜ਼ੀ ਬੋਲਚਾਲ ਦੀਆਂ ਕਲਾਸਾਂ, ਸਭਿਆਚਾਰਕ ਜਾਣਕਾਰੀ ਸਬੰਧੀ ਕਲਾਸਾਂ, ਪਰਿਵਾਰ, ਵਿਅਕਤੀਗਤ ਅਤੇ ਨੌਕਰੀ ਦੀ ਸਲਾਹ, ਮਾਰਗ ਰੱਖਿਅਕ ਅਨੁਵਾਦ ਅਤੇ ਜਾਣਕਾਰੀ ਅਤੇ ਸਲਾਹ ਸਬੰਧੀ ਸੇਵਾਵਾਂ ਪ੍ਰਦਾਨ ਕਰਦੀ ਹੈ

ISS

- ਸਕਸੈਸ ਚਾਈਨੀਜ਼ ਅਤੇ ਸਭਿਆਚਾਰਕ ਭਾਈਚਾਰਿਆਂ ਦੇ ਸਾਰੇ ਮੈਂਬਰਾਂ ਨੂੰ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਵਿਚ ਸ਼ਾਮਲ ਹਨ ਨਵੇਂ ਆਏ ਇਮੀਗਰੈਂਟ ਦਾ ਏਅਰਪੋਰਟ ਤੇ ਸੁਆਗਤ ਕਰਨਾ, ਇੰਗਲਿਸ਼ ਭਾਸ਼ਾ ਦੀ ਟ੍ਰੇਨਿੰਗ ਅਤੇ ਅਨੁਵਾਦ ਕਰਦੇ ਹੋਏ ਜਾਣਕਾਰੀ ਸਬੰਧੀ,ਸਹਾਇਤਾ, ਪਰਿਵਾਰਿਕ ਅਤੇ ਨੌਜਵਾਨ ਸਬੰਧੀ ਸਲਾਹ ਮਸ਼ਵਰਾ, ਸਮਰਥਨ, ਅਤੇ ਰੁਜ਼ਗਾਰ ਸਬੰਧੀ ਸਲਾਹ ਮਸ਼ਵਰਾ ਅਤੇ ਟ੍ਰੇਨਿੰਗ, ਅਤੇ ਨਾਗਰਿਕਤਾ ਸਬੰਧੀ ਪੜਾਈ ਦੇ ਪ੍ਰੋਗਰਾਮ।

ਹੋਰ ਦੂਜੀਆਂ ਏਜੰਸੀਆਂ ਬਾਰੇ ਪਤਾ ਕਰਨ ਲਈ ਆਪਣੀ ਫੋਨ ਦੀ ਕਿਤਾਬ ਜਾਂ ਲੋਕਲ ਕਮਿਊਨਿਟੀ ਸੈਂਟਰ ਨੂੰ ਸੰਪਰਕ ਕਰੋ। ਗਰੇਟਰ ਵੈਨਕੂਵਰ ਵਿੱਚ ਜਾਣਕਾਰੀ ਦੀਆਂ ਸੇਵਾਵਾਂ ਦੁਆਰਾ ਛਪਾਈ ਗਈ ਕਿਤਾਬ "ਰੈਡ ਬੁੱਕ" ਵਿੱਚ ਬਹੁਤ ਸਾਰੀਆਂ ਸਭਿਆਚਾਰਕ ਅਤੇ ਕਮਿਊਨਿਟੀ ਅਧਾਰਿਤ ਸੰਸਥਾਵਾਂ ਦੀ ਸੂਚੀ ਹੈ ਜਿਹੜੀਆਂ ਇਹ ਸੇਵਾਵਾਂ ਪ੍ਰਦਾਨ ਕਰਦੀਆਂ ਹਨ।

**ਯਾਦ ਰੱਖੋ ਕਿ ਕਨੇਡਾ ਦੇ ਨਾਗਰਿਕ ਹੋਣ ਦੇ ਨਾਤੇ ਅਸੀਂ ਉਹ ਕਹਿਣ ਲਈ ਅਜ਼ਾਦ ਹਾਂ ਜਿਸ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ। ਇਹ ਸਾਡੀਆਂ ਸਭ ਤੋਂ ਮਹੱਤਵਪੂਰਨ ਅਜ਼ਾਦੀਆਂ ਵਿੱਚੋਂ ਇੱਕ ਹੈ।**

中僑互助會
S.U.C.C.E.S.S.
United Chinese Community Enrichment Services Society

## ਕਨੇਡੀਅਨ ਰਿਵਾਇਤਾਂ ਵਿੱਚ ਤਬਦੀਲੀ ਕਰਨਾ

ਆਰ.ਸੀ.ਐਮ.ਪੀ ਵਿੱਚ ਹੁਣ ਆਦਮੀ 'ਮਾਉਂਟੀ ਹੈਟ' ਦੀ ਜਗ੍ਹ ਤੇ ਪਗੜੀ ਬੰਨ ਸਕਦੇ ਹਨ।

ਇਹ ਤਬਦੀਲੀ ਬਹੁਤ ਵਿਵਾਦਪੂਰਨ ਸੀ। ਕਨੇਡਾ ਦੇ ਬਹੁਤੇ ਨਾਗਰਿਕਾਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ। ਕਈ ਵਿਸ਼ਵਾਸ ਕਰਦੇ ਸਨ ਕਿ ਇਹ ਕਨੇਡੀਅਨ ਰਿਵਾਇਤਾਂ ਦਾ ਨਿਰਾਦਰ ਸੀ।

ਨਾਗਰਿਕ ਸਮੂਹਾਂ ਨੇ ਕਨੇਡਾ ਦੇ ਲੋਕਾਂ ਨੂੰ ਸਿੱਖ ਧਰਮ ਵਿਚ ਯਕੀਨ ਰੱਖਣ ਵਾਲੇ ਲੋਕਾਂ ਲਈ ਪਗੜੀ ਦੇ ਮਹੱਤਵ ਬਾਰੇ ਸਿਖਿਅਤ ਕਰਨ ਲਈ ਬਹੁਤ ਕੰਮ ਕੀਤਾ।

ਕਿਉਂਕਿ ਕਨੇਡਾ ਧਰਮ ਦੀ ਅਜ਼ਾਦੀ ਵਿਚ ਯਕੀਨ ਰੱਖਦਾ ਹੈ, ਇਸ ਲਈ ਆਰ.ਸੀ.ਐਮ.ਪੀ. ਵਿਚ ਅਫਸਰ ਬਣੇ ਸਿੱਖ ਆਦਮੀਆਂ ਨੂੰ ਥਾਂ ਦੇਣ ਲਈ ਕੇਂਦਰੀ ਸਰਕਾਰ ਦੀਆਂ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਗਈਆਂ। ਹੁਣ ਕਨੇਡਾ ਦੇ ਜ਼ਿਆਦਾ ਨਾਗਰਿਕ ਇਸ ਨੀਤੀ ਵਿਚ ਤਬਦੀਲੀ ਨੂੰ ਇੱਕ ਉਚਿੱਤ ਅਤੇ ਨਿਆਂਪੂਰਣ ਤਬਦੀਲੀ ਮੰਨਦੇ ਹਨ।




ਆਰ. ਸੀ. ਐਮ. ਪੀ. ਕਾਂਸਟੇਬਲ ਬਲਤੇਜ ਸਿੰਘ ਢਿਲੋਂ





# ਅਧਿਆਇ 2

## ਕਨੇਡਾ ਦੇ ਲੋਕਤੰਤਰ ਵਿੱਚ ਕਦਰਾਂ-ਕੀਮਤਾਂ

# ਲੋਕਤੰਤਰੀ ਕਦਰਾਂ

## ਕਨੇਡਾ ਦੇ ਨਾਗਰਿਕ ਇਹ ਮੁੱਢਲੀਆਂ ਨਿਰਧਾਰਿਤ ਕਦਰਾਂ ਸਾਂਝੀਆਂ ਕਰਦੇ ਹਨ।

ਕਨੇਡਾ ਨੂੰ ਸਾਰੇ ਸੰਸਾਰ ਵਿੱਚ ਇੱਕ ਵਾਸਤਵਿਕ ਲੋਕਤੰਤਰੀ ਸਮਾਜ ਵਜੋਂ ਸਨਮਾਨ ਮਿਲਦਾ ਹੈ। ਕੁਝ ਦੂਜੇ ਦੇਸ਼ਾਂ ਦੇ ਉਲਟ ਜੋ ਲੋਕਤੰਤਰੀ ਹੋਣ ਦਾ ਦਾਅਵਾ ਕਰਦੇ ਹਨ, ਕਨੇਡਾ ਆਪਣੇ ਨਾਗਰਿਕਾਂ ਨੂੰ ਆਪਣੇ ਦੇਸ਼ ਦੇ ਸ਼ਾਸਨ ਵਿੱਚ ਭਾਗ ਲੈਣ ਲਈ ਉਤਸਾਹਿਤ ਕਰਦਾ ਹੈ।

ਇਹ ਕਦਰਾਂ ਨਾਗਰਿਕ ਹੋਣ ਦੇ ਨਾਤੇ ਸਾਡੇ ਹੱਕਾਂ ਅਤੇ ਜ਼ਿੰਮੇਵਾਰੀਆਂ ਦੀ ਨੀਂਹ ਪ੍ਰਦਾਨ ਕਰਦੀਆਂ ਹਨ। ਇਹ ਸਾਡੇ ਕਾਨੂੰਨਾਂ ਅਤੇ ਸਰਕਾਰੀ ਪ੍ਰੋਗਰਾਮਾਂ ਦੀ ਬੁਨਿਆਦ ਹੈ।

ਇਹ ਸਾਂਝੀਆਂ ਕਦਰਾਂ ਕਨੇਡਾ ਦੇ ਰਾਜਨੀਤਕ ਸਭਿਆਚਾਰ ਦਾ ਵੀ ਇੱਕ ਮਹੱਤਵਪੂਰਨ ਅੰਗ ਹਨ। ਸਾਡੇ ਰਾਜਨੀਤਕ ਸਭਿਆਚਾਰ ਵਿੱਚ ਅਜਿਹੀਆਂ ਮਨੋਬਿਰਤੀਆਂ ਅਤੇ ਰਿਵਾਜ਼ ਸ਼ਾਮਿਲ ਹਨ ਜਿਹੜੇ ਅਸੀਂ ਲੋਕਤੰਤਰ ਵਿੱਚ ਨਾਗਰਿਕ ਹੋਣ ਦੇ ਨਾਤੇ ਸਾਂਝੇ ਕਰਦੇ ਹਾਂ।

ਮੁੱਢਲੀਆਂ ਕਦਰਾਂ ਵਿੱਚ ਸ਼ਾਮਿਲ ਹਨ:

- ❑ ਸਮਾਨਤਾ
- ❑ ਲੋਕਤੰਤਰੀ ਫੈਸਲਾ ਕਰਨ ਦੀ ਇੱਜ਼ਤ ਅਤੇ "ਨਿਯਮ ਦਾ ਕਾਨੂੰਨ"
- ❑ ਨਿਜੀ ਜਾਣਕਾਰੀ ਦੀ ਸੁਰੱਖਿਆ
- ❑ ਸਹਿਯੋਗ ਅਤੇ ਸਲਾਹ ਮਸ਼ਵਰਾ
- ❑ ਅਹਿੰਸਾ
- ❑ ਉਚਿਤ ਪ੍ਰਕ੍ਰਿਆ
- ❑ ਵਿਅਕਤੀਗਤ ਹੱਕਾਂ ਦੀ ਇੱਜ਼ਤ
- ❑ ਪ੍ਰਗਟਾਉ ਦੀ ਸੁਤੰਤਰਤਾ
- ❑ ਜ਼ਿੰਮੇਵਾਰੀ

ਇਹ ਲੋਕਤੰਤਰੀ ਕਦਰਾਂ ਸਾਡੀ ਵਿਅਕਤੀਗਤ ਜ਼ਿੰਦਗੀ ਵਿੱਚ ਵੀ ਉਨੀਆਂ ਹੀ ਮਹੱਤਵਪੂਰਨ ਹਨ। ਇਹ ਕਦਰਾਂ, ਸਾਡੇ ਕੰਮ ਤੇ ਹੋਰ ਲੋਕਾਂ, ਸਾਡੇ ਪਰਿਵਾਰਾਂ ਅਤੇ ਮਿੱਤਰਾਂ ਅਤੇ ਹੋਰ ਨਾਗਰਿਕਾਂ ਨਾਲ, ਜਿਹੜੇ ਸਾਡੇ ਲਈ ਪੂਰੀ ਤਰ੍ਹਾਂ ਅਣਜਾਣੇ ਹੋ ਸਕਦੇ ਹਨ, ਮੁੱਢਲੇ ਸਬੰਧਾਂ ਦੇ ਅਧਾਰ ਹਨ।

ਇੱਕ ਸਫਲ ਲੋਕਤੰਤਰ ਵਿੱਚ ਇਹ ਕਦਰਾਂ ਕੀਮਤਾਂ ਜਿੰਨੀਆਂ ਨਾਗਰਿਕਾਂ ਦੇ ਇੱਕ ਦੂਜੇ ਨਾਲ ਸਬੰਧਾਂ ਲਈ ਮਹੱਤਵਪੂਰਣ ਹਨ ਉਨੀਆਂ ਹੀ ਇਹ ਨਾਗਰਿਕਾਂ ਦੇ ਸਰਕਾਰ ਨਾਲ ਸਬੰਧਾਂ ਲਈ ਮਹੱਤਵਪੂਰਣ ਹਨ।

ਅਗਲੇ ਪੰਨਿਆਂ ਤੇ ਅਸੀਂ ਇਹਨਾਂ ਕਦਰਾਂ ਵਿਚੋਂ ਹਰ ਇਕ ਦੇ ਮਤਲਬ ਦੀ ਬਹੁਤ ਵਿਸਥਾਰ ਵਿੱਚ ਚਰਚਾ ਕਰਦੇ ਹਾਂ।





# ਸਮਾਨਤਾ

## ਕਨੇਡਾ ਵਿੱਚ ਸਮਾਨਤਾ ਸਭ ਤੋਂ ਜ਼ਿਆਦਾ ਮਹੱਤਵਪੂਰਣ ਕਦਰਾਂ ਵਿੱਚੋਂ ਇੱਕ ਹੈ।

ਕਨੇਡਾ ਵਿੱਚ ਸਾਰੇ ਲੋਕ ਕਾਨੂੰਨ ਸਾਹਮਣੇ ਇੱਕ ਬਰਾਬਰ ਹਨ ਅਤੇ ਕਾਨੂੰਨ ਦੁਆਰਾ ਉਹਨਾਂ ਨਾਲ ਬਰਾਬਰੀ ਦਾ ਸਲੂਕ ਕੀਤਾ ਜਾਂਦਾ ਹੈ।

ਇਸਦਾ ਮਤਲਬ ਹੈ ਕਿ ਹੇਠ ਲਿਖੇ ਕਾਰਨਾਂ ਕਰਕੇ ਤੁਹਾਡੇ ਨਾਲ ਵਿਤਕਰਾ ਜਾਂ ਅਨਿਆਂਪੂਰਣ ਵਰਤਾਉ ਨਹੀਂ ਕੀਤਾ ਜਾ ਸਕਦਾ।

- ❑ ਲਿੰਗ
- ❑ ਜਾਤੀ
- ❑ ਉਮਰ
- ❑ ਧਾਰਮਿਕ ਵਿਸ਼ਵਾਸ
- ❑ ਜਾਤ ਜਾਂ ਕੌਮੀ ਬੁਨਿਆਦ
- ❑ ਅੰਗਹੀਣਤਾ
- ❑ ਲਿੰਗ ਸਥਿਤੀ
- ❑ ਵਿਆਹ ਸਬੰਧੀ ਜਾਂ ਪਰਿਵਾਰਕ ਦਰਜਾ

ਜਦੋਂ ਅਸੀਂ ਸਰਕਾਰ ਨਾਲ, ਗੈਰ ਸਰਕਾਰੀ ਅਦਾਰਿਆਂ ਅਤੇ ਹੋਰ ਦੂਜੇ ਲੋਕਾਂ ਨਾਲ ਵਿਹਾਰ ਕਰਦੇ ਹਾਂ ਤਾਂ ਸਾਡਾ ਹੱਕ ਹੈ ਕਿ ਸਾਡੇ ਨਾਲ ਬਰਾਬਰ ਅਤੇ ਨਿਆਂਪੂਰਣ ਢੰਗ ਨਾਲ ਸਲੂਕ ਕੀਤਾ ਜਾਵੇ।

ਸਾਡਾ ਕਾਨੂੰਨ ਤੁਹਾਨੂੰ ਅਨਿਆਂਪੂਰਣ ਵਿਤਕਰੇ ਤੋਂ ਬਚਾਉਂਦਾ ਹੈ ਜਦੋਂ ਤੁਸੀਂ :

- ❑ ਜਨਤਕ ਜਾਂ ਸਰਕਾਰੀ ਸੇਵਾਵਾਂ ਦਾ ਪ੍ਰਯੋਗ ਕਰਦੇ ਹੋ।
- ❑ ਘਰ ਖਰੀਦਦੇ ਜਾਂ ਕਿਰਾਏ ਤੇ ਲੈਂਦੇ ਹੋ।
- ❑ ਕੰਮ ਲੱਭਦੇ ਹੋ।
- ❑ ਕਿਸੇ ਵੀ ਸਰਕਾਰੀ ਏਜੰਸੀ ਨਾਲ ਸੰਪਰਕ ਕਰਦੇ ਹੋ।

ਸਮਾਨਤਾ ਦਾ ਅਰਥ ਹੈ ਕਿ ਤੁਹਾਡੀ ਕੁਦਰਤੀ ਨਿਪੁੰਨਤਾ ਜਾਂ ਕਮਜ਼ੋਰੀਆਂ ਦੀ ਪਰਵਾਹ ਕੀਤੇ ਬਗੈਰ ਤੁਹਾਨੂੰ ਕਿਸੇ ਦੂਜੇ ਵਿਅਕਤੀ ਵਾਂਗ ਇੱਜ਼ਤ ਅਤੇ ਮਹੱਤਤਾ ਮਿਲੇ।

ਦੁੱਖ ਹੈ ਕਿ, ਇਸ ਦਾ ਇਹ ਮਤਲਬ ਨਹੀਂ ਕਿ ਕਨੇਡਾ ਵਿੱਚ ਅਨਿਆਂਪੂਰਣ ਵਿਤਕਰਾ ਨਹੀਂ ਹੁੰਦਾ। ਲੋਕਤੰਤਰੀ ਸਮਾਜ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਹੁੰਦੇ।

**ਨਸਲਵਾਦ:** ਕਨੇਡਾ ਦੇ ਬਹੁਤ ਸਾਰੇ ਨਵੇਂ ਕਨੇਡੀਅਨ ਨਾਗਰਿਕਾਂ ਦਾ ਨਸਲਵਾਦੀ ਰਵੱਈਏ ਜਾਂ ਹੋਰ ਤਰ੍ਹਾਂ ਦੇ ਵਿਤਕਰੇ ਨਾਲ ਵਾਹ ਪਵੇਗਾ। ਪਰ ਉਹ ਉਹਨਾਂ ਨੂੰ ਇਹ ਵੀ ਪਤਾ ਲੱਗੇਗਾ ਕਿ ਕਨੇਡਾ ਦਾ ਸਮਾਜ ਇਸ ਤਰ੍ਹਾਂ ਦੇ ਨਾਂਹ-ਪੱਖੀ ਰਵੱਈਏ ਅਤੇ ਕੰਮਾਂ ਨੂੰ ਸਵੀਕਾਰ ਨਹੀਂ ਕਰਦਾ।

ਕਨੇਡਾ ਵਿੱਚ ਉਹਨਾਂ ਲੋਕਾਂ ਦੀ ਮਦਦ ਕਰਨ ਲਈ ਬਹੁਤ ਸਾਰੀਆਂ ਏਜੰਸੀਆਂ ਹਨ ਜਿਹੜੇ ਵਿਤਕਰੇ ਦਾ ਸ਼ਿਕਾਰ ਹਨ।

ਉਦਾਹਰਣ ਦੇ ਤੌਰ ਤੇ, ਜੇਕਰ ਤੁਸੀਂ ਸਮਝਦੇ ਹੋ ਕਿ ਜਾਤੀ ਬੁਨਿਆਦ ਕਾਰਨ ਤੁਹਾਨੂੰ ਘਰ ਦੇਣ ਵਾਸਤੇ ਇਨਕਾਰ ਕੀਤਾ ਗਿਆ ਹੈ ਤਾਂ ਤੁਸੀਂ 'ਬੀ.ਸੀ. ਹਿਊਮਨ ਰਾਈਟਸ ਕਮੀਸ਼ਨ' ਕੋਲ ਸ਼ਿਕਾਇਤ ਕਰ ਸਕਦੇ ਹੋ। ਇਹ ਸਰਕਾਰੀ ਏਜੰਸੀ ਬ੍ਰਿਟਿਸ਼ ਕੁਲੰਬੀਆ ਦੇ ਨਾਗਰਿਕਾਂ ਨੂੰ ਅਨਿਆਂਪੂਰਣ ਵਿਤਕਰੇ ਤੋਂ ਬਚਾਉਣ ਲਈ ਬਣਾਈ ਗਈ ਸੀ।

**ਜੇਕਰ ਸਾਡੇ ਨਾਲ ਅਨਿਆਂਪੂਰਣ ਵਰਤਾਉ ਕੀਤਾ ਗਿਆ ਹੈ, ਜਾਂ ਅਸੀਂ ਦੇਖਦੇ ਹਾਂ ਕਿ ਦੂਜਿਆਂ ਨਾਲ ਅਨਿਆਂਪੂਰਣ ਵਿਹਾਰ ਕੀਤਾ ਗਿਆ ਹੈ, ਤਾਂ ਨਾਗਰਿਕ ਹੋਣ ਦੇ ਨਾਤੇ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਦੇ ਖਿਲਾਫ ਬੋਲੀਏ।**





# ਲੋਕਤੰਤਰੀ ਫੈਸਲਾ ਕਰਨ ਦੀ ਇੱਜ਼ਤ ਅਤੇ ਨਿਯਮ ਦਾ ਕਾਨੂੰਨ

**ਅਸੀਂ ਕਾਨੂੰਨ ਦੀ ਪਾਲਣਾ ਉਸ ਵੇਲੇ ਵੀ ਕਰਦੇ ਹਾਂ ਜਦੋਂ ਅਸੀਂ ਉਸ ਨਾਲ ਸਹਿਮਤ ਨਹੀਂ ਹੁੰਦੇ।**

ਕਨੇਡਾ ਦੇ ਨਾਗਰਿਕ ਲੋਕਤੰਤਰੀ ਫੈਸਲਿਆਂ, ਕਾਨੂੰਨਾਂ ਅਤੇ ਨੀਤੀਆਂ ਦੀ ਇੱਜ਼ਤ ਉਸ ਵੇਲੇ ਵੀ ਕਰਦੇ ਹਨ, ਜਦੋਂ ਉਹ ਉਹਨਾਂ ਨਾਲ ਸਹਿਮਤ ਨਹੀਂ ਹੁੰਦੇ। ਇਸ ਨੂੰ 'ਨਿਯਮ ਦਾ ਕਾਨੂੰਨ' ਕਹਿੰਦੇ ਹਨ।

ਸਰਕਾਰ ਨੂੰ ਅਧਿਕਾਰ ਨਾਗਰਿਕਾਂ ਦੀ ਮਨਜ਼ੂਰੀ ਤੋਂ ਮਿਲਦੇ ਹਨ। ਅਸੀਂ ਨਾਗਰਿਕ ਹੋਣ ਦੇ ਨਾਤੇ ਆਪਣੀ ਮਨਜ਼ੂਰੀ ਚੋਣਾਂ ਵਿੱਚ ਵੋਟ ਪਾ ਕੇ ਅਤੇ ਕਾਨੂੰਨਾਂ ਅਤੇ ਸਰਕਾਰੀ ਪ੍ਰੋਗਰਾਮਾਂ ਨੂੰ ਨਿਰਧਾਰਤ ਕਰਨ ਲਈ ਲੋਕਤੰਤਰ ਦੀ ਪ੍ਰਕ੍ਰਿਆ ਵਿੱਚ ਭਾਗ ਲੈ ਕੇ ਦਿੰਦੇ ਹਾਂ।

ਸੁਭਾਵਕ ਹੈ ਕਿ ਕਨੇਡਾ ਜਿੰਨੇ ਇੱਕ ਵੱਡੇ ਲੋਕਤੰਤਰ ਵਿੱਚ, ਇਸ ਬਾਰੇ ਬਹੁਤ ਸਾਰੇ ਅਲੱਗ-ਅਲੱਗ ਵਿਚਾਰ ਹੋਣ ਕਿ ਸਾਡਾ ਕਾਨੂੰਨ ਕਿਵੇਂ ਦਾ ਹੋਣਾ ਚਾਹੀਦਾ ਹੈ। ਆਮ ਤੌਰ ਤੇ ਇਹ ਵਿਚਾਰ ਅਸਹਿਮਤੀ ਪੈਦਾ ਕਰਦੇ ਹਨ। ਜਦੋਂ ਸਰਕਾਰ ਕੋਈ ਨਵਾਂ ਕਾਨੂੰਨ ਜਾਂ ਪ੍ਰੋਗਰਾਮ ਬਣਾਵੇ ਤਾਂ ਹੋ ਸਕਦਾ ਹੈ ਕਿ ਤੁਸੀਂ ਇਸ ਨੂੰ ਪਸੰਦ ਨਾਂ ਕਰੋ।

ਫਿਰ ਵੀ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਨਵੇਂ ਕਾਨੂੰਨ ਦੀ ਪਾਲਣਾ ਕਰੋ। ਇਹ ਸੱਚ ਹੈ ਬੇਸ਼ਕ ਤੁਸੀਂ ਇਸ ਨਾਲ ਅਸਹਿਮਤ ਹੋਵੋ।

ਨਾਗਰਿਕ ਹੋਣ ਦੇ ਨਾਤੇ ਸਾਡੀ ਇਹ ਜ਼ਿਮੇਵਾਰੀ ਬਣਦੀ ਹੈ ਕਿ ਇਹਨਾਂ ਤਿੰਨਾਂ ਕਾਰਨਾਂ ਕਰਕੇ ਅਸੀਂ ਕਾਨੂੰਨ ਦੀ ਇੱਜਤ ਕਰੀਏ।

**ਲੋਕਤੰਤਰੀ ਮਨਜ਼ੂਰੀ** ਸਮਾਜ ਦੇ ਤੌਰ ਤੇ, ਅਸੀਂ ਇੱਕ ਖਾਸ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਆਪਣੀ ਮਨਜ਼ੂਰੀ ਦਿੱਤੀ ਹੋਈ ਹੈ। ਹੋ ਸਕਦਾ ਹੈ ਤੁਸੀਂ ਵਰਤਮਾਨ ਸਰਕਾਰ ਨੂੰ ਵੋਟ ਨਾ ਪਾਈ ਹੋਵੇਗੀ, ਪਰ ਜ਼ਿਆਦਾਤਰ ਨਾਗਰਿਕਾਂ ਦੀ ਬਹੁਸੰਮਤੀ ਨੇ ਇਸ ਸਰਕਾਰ ਨੂੰ ਚੁਣਿਆ ਹੈ।

**ਲੋਕਤੰਤਰੀ ਪ੍ਰਕ੍ਰਿਆ:** ਜੇਕਰ ਲੋਕਤੰਤਰੀ ਪ੍ਰਕ੍ਰਿਆ ਸਹੀ ਸੀ ਤਾਂ ਕਾਨੂੰਨ ਦੀ ਪਾਲਣਾ ਕਰਨੀ ਸਾਡੀ ਜ਼ਿੰਮੇਵਾਰੀ ਹੈ।

ਇੱਕ ਸਹੀ ਲੋਕਤੰਤਰੀ ਪ੍ਰਕ੍ਰਿਆ ਹਰ ਕਿਸੇ ਨੂੰ ਇੱਕ ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਬਣਾਉਣ ਬਾਰੇ ਜਨਤਕ ਬਹਿਸ ਵਿੱਚ ਭਾਗ ਲੈਣ ਲਈ ਅਰਥ-ਪੂਰਨ ਮੌਕਾ ਦਿੰਦੀ ਹੈ। ਕਾਨੂੰਨ ਅਤੇ ਪ੍ਰੋਗਰਾਮ ਆਮਤੌਰ ਤੇ ਨਾਗਰਿਕਾਂ ਦੇ ਅਲੱਗ-ਅਲੱਗ ਦ੍ਰਿਸ਼ਟੀਕੋਣਾਂ ਅਤੇ ਹਿੱਤਾਂ ਵਿਚਕਾਰ ਸਮਝੌਤੇ ਦਾ ਨਤੀਜਾ ਹੁੰਦੇ ਹਨ।

ਭਾਵੇਂ ਤੁਸੀਂ ਆਪਣੇ ਦ੍ਰਿਸ਼ਟੀਕੋਣ ਮੁਤਾਬਕ ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਬਣਾਉਣ ਵਿਚ ਸਫਲ ਨਹੀਂ ਹੋਏ, ਘੱਟ ਤੋਂ ਘੱਟ ਤੁਹਾਨੂੰ ਨਤੀਜੇ (ਕਾਨੂੰਨ ਅਤੇ ਪ੍ਰੋਗਰਾਮ) ਤੇ ਪ੍ਰਭਾਵ ਪਾਉਣ ਦਾ ਮੌਕਾ ਤਾਂ ਮਿਲਿਆ।

ਅਸੀਂ ਕਾਨੂੰਨ ਦੀ ਪਾਲਣਾ ਕਰਨ ਲਈ ਕਿਉਂ ਸਹਿਮਤ ਹੁੰਦੇ ਹਾਂ, ਇਸ ਦਾ ਇੱਕ ਹੋਰ ਅਮਲੀ(ਪ੍ਰੈਕਟੀਕਲ) ਕਾਰਨ ਵੀ ਹੈ। ਜਦੋਂ ਸਰਕਾਰ ਅਜਿਹਾ ਕਾਨੂੰਨ ਜਾਂ ਪ੍ਰੋਗਰਾਮ ਬਣਾਉਂਦੀ ਹੈ ਜਿਸ ਨਾਲ ਤੁਸੀਂ ਸਹਿਮਤ ਹੁੰਦੇ ਹੋ ਤਾਂ ਤੁਸੀਂ ਚਾਹੁੰਦੇ ਹੋ ਕਿ ਬਾਕੀ ਸਾਰੇ ਨਾਗਰਿਕ ਵੀ ਉਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨ, ਭਾਵੇਂ ਉਹ ਉਸ ਨਾਲ ਅਸਹਿਮਤ ਹੋਣ। ਜੇਕਰ ਅਸੀਂ ਸਿਰਫ ਉਹਨਾਂ ਕਾਨੂੰਨਾਂ ਦੀ ਪਾਲਣਾ ਕਰਾਂਗੇ, ਜਿਹੜੇ ਅਸੀਂ ਪਸੰਦ ਕਰਦੇ ਹਾਂ, ਸਾਡਾ ਸਮਾਜ ਹਮੇਸ਼ਾਂ ਹਫੜਾਦਫੜੀ ਵਿੱਚ ਹੋਵੇਗਾ।

ਇਹ ਯਕੀਨੀ ਹੈ ਕਿ, ਜੇਕਰ ਤੁਸੀਂ ਕੋਈ ਖ਼ਾਸ ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਪਸੰਦ ਨਹੀਂ ਕਰਦੇ ਤਾਂ ਤੁਹਾਡੇ ਕੋਲ ਉਸਨੂੰ ਬਦਲਣ ਦਾ ਲੋਕਤੰਤਰੀ ਹੱਕ ਅਤੇ ਜ਼ਿੰਮੇਵਾਰੀ ਹੈ। ਨਾਗਰਿਕ ਜਿਹੜੇ ਕਾਨੂੰਨ ਪਸੰਦ ਨਹੀਂ ਕਰਦੇ, ਉਸ ਦੀ ਪਾਲਣਾ ਕਰਨ ਲਈ ਮਨ੍ਹਾਂ ਕਰਨ ਨਾਲੋਂ, ਉਹ ਉਸ ਨੂੰ ਲੋਕਤੰਤਰੀ ਢੰਗ ਨਾਲ ਬਦਲਣ ਲਈ ਯਤਨ ਕਰਦੇ ਹਨ।

ਨਾਗਰਿਕਾਂ ਦੇ ਸਮੂਹਾਂ ਵੱਲੋਂ ਆਪਣੇ ਹਿੱਤਾਂ ਨੂੰ ਕਾਨੂੰਨਾਂ ਅਤੇ ਪ੍ਰੋਗਰਾਮਾਂ ਵਿਚ ਸ਼ਾਮਿਲ ਕਰਨ ਲਈ ਸਰਕਾਰ ਨੂੰ ਸਫਲਤਾਪੂਰਵਕ ਰਾਜ਼ੀ ਕਰਨ ਤੋਂ ਬਾਅਦ ਬਹੁਤ ਸਾਰੇ ਕਾਨੂੰਨ ਅਤੇ ਪ੍ਰੋਗਰਾਮ ਬਦਲੇ ਗਏ ਹਨ।

'ਨਿਯਮ ਦੇ ਕਾਨੂੰਨ' ਦੇ ਹੋਰ ਦੂਜੇ ਮਤਲਬ ਵੀ ਹਨ। ਹਰ ਨਾਗਰਿਕ ਨੂੰ ਸਮਾਜ ਵਿੱਚ ਆਪਣੇ ਦਰਜੇ ਦੀ ਪਰਵਾਹ ਨਾਂ ਕੀਤੇ ਬਿਨਾਂ, ਦੂਜਿਆਂ ਦੀ ਤਰ੍ਹਾਂ ਕਾਨੂੰਨ ਦੀ ਬਰਾਬਰ ਪਾਲਣਾ ਕਰਨੀ ਚਾਹੀਦੀ ਹੈ। ਪੁਲਿਸ ਅਫਸਰ, ਜੱਜ ਅਤੇ ਰਾਜਨੀਤਿੱਗਾਂ ਨੂੰ ਵੀ ਬਾਕੀ ਦੇ ਹਰ ਨਾਗਰਿਕ ਦੀ ਤਰ੍ਹਾਂ ਕਾਨੂੰਨ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

'ਨਿਯਮ ਦੇ ਕਾਨੂੰਨ' ਦਾ ਇਹ ਵੀ ਅਰਥ ਹੈ ਕਿ ਚੰਗੀ ਸਥਾਪਿਤ ਵਿਧੀ ਦੇ ਅਨੁਸਾਰ ਹੀ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਅਖ਼ੀਰ ਵਿੱਚ, 'ਨਿਯਮ ਦੇ ਕਾਨੂੰਨ' ਦਾ ਅਰਥ ਹੈ ਕਿ ਉਹ ਨਾਗਰਿਕ ਜਿਨ੍ਹਾਂ ਕੋਲ ਵਿਸ਼ੇਸ਼ ਅਧਿਕਾਰ ਹਨ, ਜਿਵੇਂ ਪੁਲਿਸ, ਜਦੋਂ ਜਨਤਾ ਨਾਲ ਸੰਪਰਕ ਕਰਨ ਤਾਂ ਉਹ, ਕਾਨੂੰਨ ਦੀ ਪਾਲਣਾ ਜ਼ਰੂਰ ਕਰਨ।





### "ਕਾਨੂੰਨ ਦੇ ਨਿਯਮ" ਦਾ ਅਰਥ ਹੈ ਕਿ ਪੁਲਿਸ ਨੂੰ ਵੀ ਕਾਨੂੰਨ ਦਾ ਪਾਲਣ ਜ਼ਰੂਰ ਕਰਨਾ ਚਾਹੀਦਾ ਹੈ।

ਸਮਾਜ ਵੱਲੋਂ ਪੁਲਿਸ ਅਫਸਰਾਂ ਨੂੰ ਬਹੁਤ ਸਾਰੀਆਂ ਵਿਸ਼ੇਸ਼ ਤਾਕਤਾਂ ਦਿੱਤੀਆਂ ਗਈਆਂ ਹਨ ਤਾਂ ਕਿ ਉਹ ਆਪਣਾ ਕੰਮ ਉਚਿਤ ਢੰਗ ਨਾਲ ਕਰ ਸਕਣ। ਪਰ ਇਹਨਾਂ ਤਾਕਤਾਂ ਦੀਆਂ ਕਾਨੂੰਨੀ ਹੱਦਾਂ ਵੀ ਹਨ।

ਉਦਾਹਰਣ ਦੇ ਤੌਰ ਤੇ ਜਦੋਂ ਪੁਲਿਸ ਅਫਸਰ ਕਿਸੇ ਨੂੰ ਗਿਰਫਤਾਰ ਕਰਦੇ ਹਨ ਤਾਂ ਉਹ ਉਨਾ ਸਰੀਰਕ ਜ਼ੋਰ ਪ੍ਰਯੋਗ ਕਰ ਸਕਦੇ ਹਨ, ਜਿੰਨਾ ਕਿ ਉਸ ਸਥਿਤੀ ਵਿੱਚ ਜ਼ਰੂਰੀ ਹੋਵੇ।

ਇਸ ਤੋਂ ਇਲਾਵਾ, ਜਦੋਂ ਉਹ ਕੰਮ ਤੇ ਨਹੀਂ ਹੁੰਦੇ, ਪੁਲਿਸ ਅਫਸਰਾਂ ਨੂੰ ਹਰ ਨਾਗਰਿਕ ਦੀ ਤਰ੍ਹਾਂ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ।

ਉਦਾਹਰਣ ਦੇ ਤੌਰ ਤੇ, ਜਦੋਂ ਪੁਲਿਸ ਅਫਸਰ ਕੰਮ ਤੇ ਇੱਕ ਸੰਕਟਕਾਲੀਨ ਫੋਨ ਕਾਲ ਦਾ ਜਵਾਬ ਦਿੰਦੇ ਹਨ ਤਾਂ ਉਹਨਾਂ ਨੂੰ ਰੁਕਣ ਵਾਲੇ ਸਾਈਨਾਂ (ਸਟਾਪ ਸਾਈਨਾਂ) ਅਤੇ ਲਾਲ ਬੱਤੀਆਂ ਤੋਂ ਗੱਡੀ ਲੰਘਾਉਣ ਦੀ ਇਜ਼ਾਜ਼ਤ ਹੈ (ਜੇਕਰ ਉਸਦਾ ਸਿਗਨਲ ਸਾਈਨ ਚਮਕ ਰਿਹਾ ਹੈ ਅਤੇ ਉਹਨਾਂ ਦਾ ਸਾਈਰਨ ਵੱਜ ਕੇ ਹੋਰ ਡਰਾਈਵਰਾਂ ਨੂੰ ਸਾਵਧਾਨ ਕਰਦਾ ਹੈ)। ਪਰ ਇੱਕ ਪੁਲਿਸ ਅਫਸਰ ਜਦੋਂ ਕੰਮ ਤੋਂ ਘਰ ਵਾਪਸ ਜਾ ਰਿਹਾ ਹੁੰਦਾ ਹੈ ਤਾਂ ਉਸ ਨੂੰ ਹੋਰ ਦੂਜੇ ਡਰਾਈਵਰਾਂ ਵਾਂਗ ਟਰੈਫਿਕ ਦੇ ਨਿਯਮਾਂ ਦੀ ਜ਼ਰੂਰ ਪਾਲਣਾ ਕਰਨੀ ਪੈਂਦੀ ਹੈ।

## ਉਚਿਤ ਪ੍ਰਕ੍ਰਿਆ

**ਉਚਿਤ ਪ੍ਰਕ੍ਰਿਆ ਦਾ ਨਿਯਮ ਦੇ ਕਾਨੂੰਨ ਵਿਚਾਰ ਨਾਲ ਨਜ਼ਦੀਕੀ ਨਾਲ ਸੰਬੰਧ ਹੈ।**

'ਉਚਿਤ ਪ੍ਰਕ੍ਰਿਆ' ਉਸ ਕਾਰਜ ਵਿਧੀ ਨੂੰ ਕਹਿੰਦੇ ਹਨ ਜਿਸਨੂੰ ਅਦਾਲਤਾਂ, ਪ੍ਰਸ਼ਾਸਨਿਕ ਅਦਾਲਤਾਂ (ਜਿਵੇਂ ਕਿ ਮਨੁੱਖੀ ਹੱਕਾਂ ਦੀਆਂ ਅਦਾਲਤਾਂ) ਅਤੇ ਸਰਕਾਰੀ ਫੈਸਲਾ ਕਰਨ ਵਾਲੇ ਵਰਤਦੇ ਹਨ। ਇਹ ਕਾਰਜ ਵਿਧੀਆਂ ਇਸ ਗੱਲ ਨੂੰ ਪੱਕਾ ਕਰਨ ਲਈ ਬਣਾਈਆਂ ਗਈਆਂ ਹਨ ਕਿ ਜਿਹੜੇ ਲੋਕਾਂ ਤੇ ਇਹਨਾਂ ਦਾ ਅਸਰ ਪੈਂਦਾ ਹੈ, ਓਹਨਾਂ ਨਾਲ ਨਿਆਂਪੂਰਣ ਅਤੇ ਉਚਿਤ ਵਿਹਾਰ ਹੋਵੇ।

ਉਦਾਹਰਣ ਦੇ ਤੌਰ ਤੇ, ਜੇਕਰ ਤੁਹਾਡੇ ਤੇ ਕੁਝ ਗਲਤ ਕਰਨ ਦੇ ਇਲਜ਼ਾਮ ਹਨ ਤਾਂ 'ਉਚਿਤ ਪ੍ਰਕ੍ਰਿਆ ਅਨੁਸਾਰ ਤੁਹਾਨੂੰ ਇਹ ਜਾਨਣ ਦਾ ਹੱਕ ਹੈ ਕਿ ਤੁਹਾਡੇ ਤੇ ਕਿਸ ਨਿਯਮ ਨੂੰ ਤੋੜਨ ਦੇ ਦੋਸ਼ ਲਾਏ ਗਏ ਹਨ ਅਤੇ ਤੁਹਾਡੇ ਖਿਲਾਫ ਕਿਹੜੇ ਸਬੂਤ ਪੇਸ਼ ਕੀਤੇ ਜਾ ਸਕਦੇ ਹਨ।

ਉਚਿਤ ਪ੍ਰਕ੍ਰਿਆ ਇਹ ਵੀ ਮੰਗਦੀ ਹੈ ਕਿ ਤੁਹਾਨੂੰ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਲਈ ਬਹਿਸ ਕਰਨ ਦਾ ਇੱਕ ਅਰਥ-ਪੂਰਨ ਮੌਕਾ ਮਿਲੇ।





## ਨਿੱਜੀ ਜਾਣਕਾਰੀ ਦੀ ਸੁਰੱਖਿਆ (ਪ੍ਰਾਈਵੇਸੀ)

**ਲੋਕਤੰਤਰੀ ਨਾਗਰਿਕਾਂ ਦੇ ਕੋਲ ਆਪਣੀਆਂ ਜ਼ਿੰਦਗੀਆਂ ਦੇ ਜ਼ਿਆਦਾਤਰ ਭਾਗਾਂ ਵਿੱਚ ਇਕਾਂਤਤਾ ਦਾ ਹੱਕ ਹੈ।**

ਚੋਣਾਂ ਵਿੱਚ ਅਸੀਂ ਕਿਹੜੀ ਰਾਜਨੀਤਕ ਪਾਰਟੀ ਨੂੰ ਵੋਟ ਪਾਉਂਦੇ ਹਾਂ, ਕੋਈ ਨਹੀਂ ਜਾਣ ਸਕਦਾ, ਜਦੋਂ ਤੱਕ ਕਿ ਅਸੀਂ ਨਾ ਦੱਸਣਾ ਚਾਹੀਏ। ਟੈਕਸ ਭਰਨ ਦੇ ਉਦੇਸ਼ ਨਾਲ ਰੈਵਿਨਿਊ ਕਨੇਡਾ ਤੋਂ ਬਿਨਾਂ ਇਹ ਕੋਈ ਨਹੀਂ ਜਾਣ ਸਕਦਾ ਕਿ ਸਾਡੇ ਕੋਲ ਕਿੰਨਾ ਪੈਸਾ ਹੈ, ਜਦੋਂ ਤੱਕ ਕਿ ਅਸੀਂ ਹੋਰਾਂ ਨੂੰ ਨਾ ਦੱਸਣਾ ਚਾਹੀਏ। ਇੱਥੋਂ ਤੱਕ ਕਿ ਸਾਡੇ ਕੰਮ ਦੇ ਮਾਲਕ ਨੂੰ ਵੀ ਇਹ ਜਾਨਣ ਦਾ ਕੋਈ ਹੱਕ ਨਹੀਂ ਹੈ ਕਿ ਅਸੀਂ ਕੰਮ ਤੋਂ ਬਾਅਦ ਆਪਣੀ ਨਿੱਜੀ ਜ਼ਿੰਦਗੀ ਵਿੱਚ ਕੀ ਕਰਦੇ ਹਾਂ।

ਪ੍ਰਾਈਵੇਸੀ ਦਾ ਮਤਲਬ ਹੈ ਕਿ ਆਪਣੇ ਬਾਰੇ ਜਾਣਕਾਰੀ ਤੇ ਸਾਡਾ ਕੰਟਰੋਲ ਹੈ। ਪ੍ਰਾਈਵੇਸੀ ਕਾਰਨ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਕੌਣ ਸਾਡੇ ਬਾਰੇ ਕੀ ਜਾਣੇਗਾ। ਪ੍ਰਾਈਵੇਸੀ ਸਾਡੇ ਲੋਕਤੰਤਰੀ ਸਮਾਜ ਵਿੱਚ ਇੱਕ ਮੁੱਢਲੀ ਕਦਰ ਹੈ ਕਿਉਂਕਿ ਇਹ ਸਰਕਾਰ ਅਤੇ ਹੋਰ ਨਾਗਰਿਕਾਂ ਦੀ ਦਖਲਅੰਦਾਜ਼ੀ ਤੋਂ  ਸਾਡੀ ਸੁਤੰਤਰਤਾ ਲਈ ਮਹੱਤਵਪੂਰਨ ਹੈ। ਇਹ ਸਵੈ-ਸ਼ਾਸਿਤ ਨਾਗਰਿਕਾਂ ਦੇ ਤੌਰ ਤੇ ਸਾਡੀ ਸੁਤੰਤਰਤਾ ਲਈ ਇੱਕ ਮਹੱਤਵਪੂਰਨ ਕੀਮਤ ਹੈ।

ਪ੍ਰਾਈਵੇਸੀ ਦਾ ਇਹ ਮਤਲਬ ਨਹੀਂ ਹੈ ਕਿ ਸਰਕਾਰ ਨੂੰ ਹਮੇਸ਼ਾਂ ਸਾਡੀ ਨਿੱਜੀ ਜ਼ਿੰਦਗੀ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਮਨਜ਼ੂਰੀ ਲੈਣੀ ਚਾਹੀਦੀ ਹੈ।

ਉਦਾਹਰਣ ਦੇ ਤੌਰ ਤੇ, ਹਰ ਪੰਜ ਸਾਲ ਬਾਅਦ 'ਸਟੈਟਿਸਟਿਕਸ ਕਨੇਡਾ' ਰਾਸ਼ਟਰੀ ਮਰਦਮਸ਼ੁਮਾਰੀ ਵਾਸਤੇ ਸਾਡੀਆਂ ਨਿੱਜੀ ਜ਼ਿੰਦਗੀਆਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਕਾਨੂੰਨ ਅਨੁਸਾਰ  ਸਾਨੂੰ ਇਹ ਜਾਣਕਾਰੀ ਦੇਣੀ ਪੈਂਦੀ ਹੈ। ਮਰਦਮਸ਼ੁਮਾਰੀ ਮਹੱਤਵਪੂਰਨ ਜਾਣਕਾਰੀ ਦਾ ਸੰਗ੍ਰਿਹ ਹੈ ਜਿਵੇਂ ਕਿ ਕਨੇਡਾ ਵਿੱਚ ਕਿੰਨੇ ਲੋਕ ਰਹਿੰਦੇ ਹਨ, ਉਹ ਕਿੱਥੇ ਰਹਿੰਦੇ ਹਨ, ਉਹ ਕਿਹੜੀਆਂ ਭਾਸ਼ਾਵਾਂ ਬੋਲਦੇ ਹਨ, ਉਹ ਕਿੰਨੀ ਉਮਰ ਦੇ ਹਨ ਅਤੇ ਵੱਸੋਂ ਦੀਆਂ ਹੋਰ ਵਿਸ਼ੇਸ਼ਤਾਵਾਂ।

ਅਧਿਆਇ 4 ਵਿੱਚ ਅਸੀਂ ਨਾਗਰਿਕਾਂ ਦੀ ਪ੍ਰਾਈਵੇਸੀ ਨੂੰ ਬਚਾਉਣ ਵਾਲੇ ਕਾਨੂੰਨਾਂ ਦੀ ਚਰਚਾ ਕੀਤੀ ਹੈ।

## ਸਹਿਯੋਗ ਅਤੇ ਸਲਾਹ ਮਸ਼ਵਰਾ

### ਸਹਿਯੋਗ ਅਤੇ ਸਾਂਝਾ ਤਜ਼ਰਬਾ ਲੋਕਤੰਤਰੀ ਫੈਸਲਾ ਕਰਨ ਲਈ ਜ਼ਰੂਰੀ ਹਨ।

ਅਸੀਂ ਇਨ੍ਹਾਂ ਤਰੀਕਿਆਂ ਦੀ ਕਦਰ ਕਰਦੇ ਹਾਂ ਕਿਉਂਕਿ ਉਹ ਸਾਡੇ ਸਮਾਜ ਲਈ ਸਭ ਤੋਂ ਵਧੀਆ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਬਣਾਉਂਦੇ ਹਨ। ਅਸੀਂ ਚੰਗੇ ਫੈਸਲੇ ਉਸ ਵੇਲੇ ਬਣਾਉਂਦੇ ਹਾਂ, ਜਦੋਂ ਹਰ ਕੋਈ, ਜਿਹੜਾ ਇਸ ਨਾਲ ਪ੍ਰਭਾਵਿਤ ਹੋਵੇ, ਫੈਸਲੇ ਬਣਾਉਣ ਵਿਚ ਭਾਗ ਲੈ ਸਕੇ।

ਸਹਿਯੋਗ ਅਤੇ ਸਲਾਹ ਮਸ਼ਵਰੇ ਦੇ ਬਾਅਦ ਕੀਤੇ ਗਏ ਫੈਸਲਿਆਂ ਨੂੰ ਕੁੱਝ ਥੋੜੇ ਜਿਹੇ ਲੋਕਾਂ ਵੱਲੋਂ ਬਣਾਏ ਗਏ ਫੈਸਲਿਆਂ ਦੇ ਮੁਕਾਬਲੇ ਜ਼ਿਆਦਾ ਸਮਰਥਨ ਮਿਲਦਾ ਹੈ।

ਜਦੋਂ ਮੌਕਾ ਮਿਲੇ ਨਾਗਰਿਕਾਂ ਨੂੰ ਲੋਕਤੰਤਰ ਵਿੱਚ ਭਾਗ ਲੈਣ ਲਈ ਸਮਾਂ ਕਢਣਾ ਚਾਹੀਦਾ ਹੈ।

ਕਦੇ-ਕਦੇ ਸਰਕਾਰ ਜਨਤਾ ਦੀਆਂ ਸਭਾਵਾਂ ਬੁਲਾਉਂਦੀ ਹੈ। ਹੋਰ ਦੂਜੇ ਸਮਿਆਂ ਤੇ ਇਹ ਤੁਹਾਡੇ ਤੇ ਹੋਵੇਗਾ ਕਿ ਤੁਸੀਂ ਸਰਕਾਰੀ ਅਫਸਰਾਂ ਦਾ ਧਿਆਨ ਖਿੱਚਣ ਲਈ ਸਭ ਤੋਂ ਚੰਗੇ ਸਮੇਂ ਦੀ ਚੋਣ ਕਰੋ।

ਲੋਕਤੰਤਰ ਵਿੱਚ, ਤੁਸੀਂ ਲੋਕਤੰਤਰੀ ਜ਼ਿੰਦਗੀ ਵਿੱਚ ਭਾਗ ਲੈਣ ਦੇ ਮੌਕਿਆਂ ਦਾ ਫਾਇਦਾ ਉਠਾ ਕੇ ਲਾਭ ਉਠਾਉਂਦੇ ਹੋ।







## ਅਹਿੰਸਾ

### ਸ਼ਾਂਤੀਪੂਰਣ ਤਬਦੀਲੀ ਸਭ ਤੋਂ ਚੰਗੀ ਹੈ।

ਕਨੇਡਾ ਦੇ ਨਾਗਰਿਕ ਹਿੰਸਾ ਨੂੰ ਇੱਕ ਸਮਾਜਿਕ ਜਾਂ ਰਾਜਨੀਤਕ ਤਬਦੀਲੀ ਅਤੇ ਮਤਭੇਦ ਨਾਲ ਨਜਿੱਠਣ ਦੇ ਇਕ ਢੰਗ ਵਜੋਂ ਅਸਵੀਕਾਰ ਕਰਦੇ ਹਨ।

ਅਸੀਂ ਇਸਦੇ ਬਜਾਏ ਵਾਦਵਿਵਾਦ ਅਤੇ ਬਹਿਸ ਦਾ ਪ੍ਰਯੋਗ ਕਰਦੇ ਹਾਂ। ਭਾਵੇਂ ਇਹ ਤਰੀਕੇ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਜਾਂ ਮਤਭੇਦ ਦੂਰ ਕਰਨ ਲਈ ਜ਼ਿਆਦਾ ਸਮਾਂ ਲੈ ਸਕਦੇ ਹਨ।

ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸਹਿਯੋਗ ਅਤੇ ਸ਼ਾਂਤੀਪੂਰਣ ਤਰੀਕੇ ਮਤਭੇਦ ਦੂਰ ਕਰਨ ਲਈ ਸਭ ਤੋਂ ਚੰਗੇ ਰਸਤੇ ਹਨ। ਅਸੀਂ ਹਿੰਸਾ ਨੂੰ ਸਾਡੇ ਮਤਭੇਦ ਹੱਲ ਕਰਨ ਦੇ ਰਸਤੇ ਵਜੋਂ ਅਸਵੀਕਾਰ ਕਰਦੇ ਹਾਂ।

ਇਹ ਤਰੀਕੇ ਕਨੇਡਾ ਦੇ ਨਾਗਰਿਕਾਂ ਨੂੰ ਇਕੱਠੇ ਕੰਮ ਕਰਨ ਲਈ ਉਤਸਾਹਿਤ ਕਰਦੇ ਹਨ। ਉਹ ਸਾਡੇ ਵਿਚਕਾਰ ਵੰਡੀਆਂ ਨੂੰ ਘਟਾਉਂਦੇ ਹਨ ਅਤੇ ਏਕਤਾ ਨੂੰ ਸਥਾਪਿਤ ਕਰਦੇ ਹਨ।

## ਵਿਅਕਤੀਗਤ ਹੱਕਾਂ ਲਈ ਇੱਜ਼ਤ

**ਕਨੇਡਾ ਦੇ ਲੋਕਤੰਤਰ ਵਿੱਚ ਵਿਅਕਤੀਗਤ ਹੱਕਾਂ ਲਈ ਇੱਜ਼ਤ ਇੱਕ ਮੁੱਢਲੀ ਕਦਰ ਹੈ।**

ਲੋਕਤੰਤਰ ਦਾ ਇਹ ਮਤਲਬ ਨਹੀਂ ਹੈ ਕਿ ਵਸੋਂ ਦੀ ਬਹੁਗਿਣਤੀ ਜਨਸੰਖਿਆ ਆਪਣੀਆਂ ਇੱਛਾਵਾਂ ਘੱਟ ਗਿਣਤੀ ਤੇ ਲਾਗੂ ਕਰ ਸਕਦੀ ਹੈ। ਅਸੀਂ ਖਾਸ ਵਿਅਕਤੀਗਤ ਅਤੇ ਘੱਟ ਗਿਣਤੀ ਦੇ ਖਾਸ ਹੱਕਾਂ ਦੀ ਰੱਖਿਆ ਕਰਦੇ ਹਾਂ।

'ਦੀ ਕਨੇਡੀਅਨ ਚਾਰਟਰ ਆਫ ਰਾਈਟਸ ਅਤੇ ਫਰੀਡਮਜ਼' ਹਰ ਵਿਅਕਤੀ ਦੀਆਂ ਮੁੱਢਲੀਆਂ ਅਜ਼ਾਦੀਆਂ ਅਤੇ ਹੱਕਾਂ ਦੀ ਜ਼ਾਮਨੀ ਭਰਦਾ ਹੈ।

ਇਹਨਾਂ ਵਿਚ ਸ਼ਾਮਲ ਹੈ:

- ❑ ਪ੍ਰਗਟਾਉ ਦੀ ਸੁਤੰਤਰਤਾ
- ❑ ਧਰਮ ਦੀ ਸੁਤੰਤਰਤਾ
- ❑ ਮੇਲ ਮਿਲਾਪ ਦੀ ਸੁਤੰਤਰਤਾ (ਵਿਅਕਤੀਆਂ ਦੀ ਇੱਕ ਸਾਂਝੇ ਉਦੇਸ਼ ਲਈ ਸਮੂਹ ਵਿੱਚ ਸ਼ਾਮਲ ਹੋਣ ਦੀ ਸੁਤੰਤਰਤਾ)

### ਸਕੂਲਾਂ ਵਿੱਚ ਪ੍ਰਾਰਥਨਾ

ਕਿਸੇ ਸਮੇਂ ਬ੍ਰਿਟਿਸ਼ ਕੁਲੰਬੀਆ ਵਿੱਚ ਬਹੁਤੇ ਸਕੂਲਾਂ ਵਿੱਚ ਹਰ ਸਵੇਰੇ ਕਲਾਸਾਂ ਤੋਂ ਪਹਿਲਾਂ ਬੱਚਿਆਂ ਨੂੰ ਮਿਲ ਕੇ ਕ੍ਰਿਸ਼ਚੀਅਨਾਂ ਦੇ ਰੱਬ ਦੀ ਪ੍ਰਾਰਥਨਾ ਨੂੰ ਦੁਹਰਾਉਣ ਦਾ ਆਦੇਸ਼ ਹੁੰਦਾ ਸੀ। ਕੁੱਝ ਮਾਪਿਆਂ ਨੇ ਸ਼ਿਕਾਇਤ ਕੀਤੀ ਕਿ ਇਹ 'ਚਾਰਟਰ' ਦੀ ਉਲੰਘਣਾ ਹੈ। ਬੀ.ਸੀ ਦੀ ਸੁਪਰੀਮ ਕੋਰਟ ਉਹਨਾਂ ਨਾਲ ਸਹਿਮਤ ਸੀ।

ਅਦਾਲਤ ਨੇ ਫੈਸਲਾ ਦਿੱਤਾ ਕਿ ਇਹ ਆਦੇਸ਼ ਉਹਨਾਂ ਬੱਚਿਆਂ ਅਤੇ ਮਾਤਾ-ਪਿਤਾ ਜਿਹੜੇ ਕ੍ਰਿਸਚੀਅਨ ਧਰਮ ਨਹੀਂ ਮੰਨਦੇ, ਦੀ ਸੁਤੰਤਰਤਾ ਦੀ ਉਲੰਘਣਾ ਕਰਦਾ ਸੀ।

ਬ੍ਰਿਟਿਸ਼ ਕੁਲੰਬੀਆ ਦੇ ਸਕੂਲਾਂ ਵਿੱਚ ਹੁਣ ਕਿਸੇ ਤਰ੍ਹਾਂ ਦੀ ਆਮ ਪ੍ਰਾਰਥਨਾ ਲਾਗੂ ਨਹੀਂ ਹੈ। ਇਹ ਕਨੇਡਾ ਦੀ ਧਰਮ ਦੀ ਸੁਤੰਤਰਤਾ ਅਤੇ ਸਮਾਨਤਾ ਨਾਲ ਵਚਨਬੱਧਤਾ ਨੂੰ ਪ੍ਰਗਟ ਕਰਦਾ ਹੈ।





'ਚਾਰਟਰ' ਲੋਕਤੰਤਰੀ ਹੱਕਾਂ ਦੀ ਵੀ ਰਾਖੀ ਕਰਦਾ ਹੈ ਜਿਵੇਂ ਕਿ:

- ❑ ਵੋਟ ਪਾਉਣ ਦਾ ਅਧਿਕਾਰ
- ❑ ਕਨੇਡਾ ਵਿਚ ਕਿਤੇ ਵੀ ਆਉਣ ਜਾਣ ਦਾ ਅਧਿਕਾਰ
- ❑ ਕਾਨੂੰਨੀ ਹੱਕ ਅਤੇ
- ❑ ਸਮਾਨਤਾ ਦੇ ਹੱਕ

'ਚਾਰਟਰ' ਦੇ ਅਧਿਕਾਰਾਂ ਦੀ ਵਿਆਖਿਆ ਕਰਨ ਲਈ ਅਸੀਂ ਆਪਣੀਆਂ ਕਾਨੂੰਨ ਦੀਆਂ ਅਦਾਲਤਾਂ ਤੇ ਨਿਰਭਰ ਕਰਦੇ ਹਾਂ

### ਨਿੱਜੀ ਹੱਕ ਸੰਪੂਰਣ ਨਹੀਂ ਹਨ।

ਜੇਕਰ ਸਰਕਾਰ ਇੱਕ ਕਾਨੂੰਨ ਬਨਾਉਂਦੀ ਹੈ ਜਿਹੜਾ ਚਾਰਟਰ ਵਿੱਚ ਸੁਰੱਖਿਅਤ ਮਨੁੱਖੀ ਹੱਕਾਂ ਦੀ ਉਲੰਘਣਾ ਕਰਦਾ ਹੈ ਤਾਂ ਸਰਕਾਰ ਅਦਾਲਤਾਂ ਨੂੰ ਕਾਇਲ ਕਰਦੀ ਹੈ ਕਿ ਕਾਨੂੰਨ ਸਮਾਜ ਦੇ ਮੁੱਢਲੇ ਮਹੱਤਵਪੂਰਨ ਉਦੇਸ਼ਾਂ ਲਈ ਜ਼ਰੂਰੀ ਹਨ।

ਚਾਰਟਰ ਸਮੁੱਚੇ ਸਮਾਜ ਦੇ ਭਲੇ ਲਈ ਕੁੱਝ ਕਾਨੂੰਨਾਂ ਨੂੰ ਵਿਅਕਤੀਗਤ ਅਧਿਕਾਰਾਂ ਦੀ ਉਲੰਘਣਾ ਦੀ ਇਜ਼ਾਜ਼ਤ ਦਿੰਦਾ ਹੈ।

### ਜ਼ਰੂਰੀ ਰਿਟਾਇਰਮੈਂਟ

ਕਨੇਡਾ ਵਿੱਚ ਬਹੁਤ ਸਾਰੇ ਕੰਮਾਂ ਦੇ ਮਾਲਕ ਆਪਣੇ ਮੁਲਾਜ਼ਮਾਂ ਨੂੰ ਆਮਤੌਰ ਤੇ 65 ਸਾਲ ਦੀ ਉਮਰ ਵਿੱਚ ਜ਼ਰੂਰੀ ਰਿਟਾਇਰਮੈਂਟ ਦੇ ਅਧਾਰ ਤੇ ਰਿਟਾਇਰ ਹੋਣ ਲਈ ਆਦੇਸ਼ ਦਿੰਦੇ ਹਨ।

ਸਾਡਾ 'ਚਾਰਟਰ ਆਫ ਰਾਈਟਸ ਐਂਡ ਫਰੀਡਮਜ਼' ਨਾਗਰਿਕਾਂ ਨੂੰ ਉਮਰ ਦੇ ਅਧਾਰ ਤੇ ਪੱਖਪਾਤ ਤੋਂ ਬਚਾਉਂਦਾ ਹੈ।

ਕਨੇਡਾ ਦੇ ਸੁਪਰੀਮ ਕੋਰਟ ਨੇ ਅਜਿਹੇ ਕੇਸ ਸੁਣੇ ਹਨ ਜਿਹਨਾਂ ਵਿਚੋਂ ਲੋਕਾਂ ਨੂੰ ਮਾਲਕਾਂ ਵੱਲੋਂ ਜ਼ਬਰਦਸਤੀ ਰਿਟਾਇਰ ਕਰ ਦਿੱਤਾ ਗਿਆ ਸੀ। ਇਹਨਾਂ ਵਿਅਕਤੀਆਂ ਨੇ ਦਲੀਲ ਦਿੱਤੀ ਕਿ ਉਹਨਾਂ ਦੇ ਕੰਮ ਦੇ ਮਾਲਕਾਂ ਨੇ ਉਹਨਾਂ ਦੇ ਚਾਰਟਰ_ਦੇ ਅਧਿਕਾਰਾਂ ਦੀ ਉਲੰਘਣਾ ਕਰਦਿਆਂ ਉਹਨਾਂ ਨਾਲ ਉਮਰ ਦੇ ਆਧਾਰ ਤੇ ਵਿਤਕਰਾ ਕੀਤਾ ਹੈ।

ਸੁਪਰੀਮ ਕੋਰਟ ਉਹਨਾਂ ਨਾਲ ਸਹਿਮਤ ਹੋ ਗਈ। ਪਰ ਫੇਰ ਅਦਾਲਤ ਨੇ ਇਹ ਸੋਚਿਆ ਕਿ ਕੀ ਇਹ ਪੱਖਪਾਤ ਇੱਕ 'ਸੁਤੰਤਰ ਅਤੇ ਲੋਕਤੰਤਰੀ' ਸਮਾਜ ਵਿੱਚ ਉਚਿਤ ਹੋ ਸਕਦਾ ਹੈ?

ਅਦਾਲਤ ਦੇ ਅਨੁਸਾਰ, ਕੁੱਝ ਜ਼ਰੂਰੀ ਰਿਟਾਟਿਰਮੈਂਟ ਪਾਲਸੀਆਂ ਸਹੀ ਹੋ ਸਕਦੀਆਂ ਹਨ ਕਿਉਂਕਿ ਉਹ ਜਵਾਨ ਲੋਕਾਂ ਲਈ ਕੰਮ ਲਈ ਰਸਤੇ ਬਣਾਉਂਦੀਆਂ ਹਨ।

ਅਦਾਲਤ ਨੇ ਫੈਸਲਾ ਕੀਤਾ ਕਿ ਇਹ ਮਕਸਦ ਸਾਰੇ ਸਮਾਜ ਦੇ ਫਾਇਦੇ ਲਈ ਬਹੁਤ ਮਹੱਤਵਪੂਰਨ ਹੈ

# ਪ੍ਰਗਟਾਉ ਦੀ ਸੁਤੰਤਰਤਾ

**ਸਾਰੇ ਨਾਗਰਿਕਾਂ ਨੂੰ ਅਜ਼ਾਦੀ ਨਾਲ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ।**

ਕਨੇਡਾ ਵਿੱਚ ਅਸੀਂ ਸਾਰੇ ਲੋਕਾਂ - ਔਰਤਾਂ ਅਤੇ ਮਰਦਾਂ, ਜਵਾਨ ਅਤੇ ਬਜ਼ੁਰਗਾਂ, ਗਰੀਬਾਂ ਅਤੇ ਅਮੀਰਾਂ, ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਕਰਨ ਲਈ ਉਤਸਾਹਿਤ ਕਰਦੇ ਹਾਂ ਅਤੇ ਆਗਿਆ ਦਿੰਦੇ ਹਾਂ, ਭਾਵੇਂ ਉਹ ਵਿਚਾਰ ਪ੍ਰਚਲਿਤ ਨਾ ਹੋਣ। ਲੋਕਤੰਤਰ ਦੇ ਹੋਂਦ ਅਤੇ ਪ੍ਰਫੁੱਲਤਾ ਲਈ, ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਸਜ਼ਾ ਦੇ ਡਰ ਤੋਂ ਅਜ਼ਾਦੀ ਨਾਲ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ।

ਪ੍ਰਗਟਾਉ ਦੀ ਸੁਤੰਤਰਤਾ ਹੇਠ ਲਿਖੇ ਕਾਰਨਾਂ ਕਰਕੇ ਜ਼ਰੂਰੀ ਹੈ:

**ਸਰਕਾਰੀ ਜਵਾਬਦੇਹੀ:** ਨਾਗਰਿਕਾਂ ਨੂੰ ਬਿਨਾਂ ਕਿਸੇ ਡਰ ਤੋਂ ਸਰਕਾਰੀ ਅਫਸਰਾਂ ਕੋਲ ਉਹਨਾਂ ਬਾਰੇ ਵਿਚਾਰ ਪ੍ਰਗਟ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ।

**ਲੋਕਤੰਤਰੀ ਸ਼ਮੂਲੀਅਤ:** ਨਾਗਰਿਕਾਂ ਨੂੰ ਜਿੰਨੇ ਸੰਭਵ ਹੋਣ, ਉਨੇ ਵਿਚਾਰਾਂ, ਨੂੰ ਪੜ੍ਹਨ ਅਤੇ ਉਹਨਾਂ ਬਾਰੇ ਗੱਲਬਾਤ ਕਰਨ ਦੇ ਕਾਬੰਲ ਹੋਣਾ ਚਾਹੀਦਾ ਹੈ। ਚੰਗੇ ਫੈਸਲੇ ਚੰਗੇ ਫੈਸਲੇ ਸੰਪੂਰਣ ਬਹਿਸ ਵਿਚੋਂ ਹੀ ਨਿਕਲਦੇ ਹਨ।

**ਨਿੱਜੀ ਆਜ਼ਾਦੀ:** ਨਿੱਜੀ ਵਿਕਾਸ ਅਤੇ ਅਜ਼ਾਦੀ ਲਈ ਨਾਗਰਿਕਾਂ ਨੂੰ ਅਲੱਗ-ਅਲੱਗ ਵਿਚਾਰਾਂ ਬਾਰੇ ਸੁਣਨ, ਪੜ੍ਹਨ ਅਤੇ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ।

## ਆਜ਼ਾਦ ਬੋਲੀ ਬਨਾਮ ਉਹ ਬੋਲੀ ਜੋ ਨਫਰਤ ਨੂੰ ਵੜ੍ਹਾਵਾ ਦੇਵੇ

ਪ੍ਰਗਟਾਉ ਦੀ ਸੁਤੰਤਰਤਾ ਵਿਵਾਦਪੂਰਣ ਹੋ ਸਕਦੀ ਹੈ। ਕਿਉਂਕਿ ਇਸ ਵਿੱਚ ਉਨ੍ਹਾਂ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਹੱਕ ਵੀ ਸ਼ਾਮਿਲ ਹੈ, ਜਿਹੜੇ ਦੂਜਿਆਂ ਨੂੰ ਦੁੱਖ ਪਹੁੰਚਾ ਸਕਦੇ ਹੋਣ।

ਕੁੱਝ ਲੋਕ ਅਤੇ ਸਮੂਹ ਸਮਾਜ ਵਿੱਚ ਦੂਜਿਆਂ ਬਾਰੇ ਨਫਰਤ ਭਰੇ ਵਿਚਾਰ ਵਿਅਕਤ ਕਰਦੇ ਹਨ। ਵਾਸਤਵ ਵਿੱਚ ਕਨੇਡਾ ਵਿੱਚ ਸਾਡੇ ਕੋਲ ਨਫਰਤ ਫੈਲਾਉਣ ਵਾਲੇ ਪ੍ਰਗਟਾਉ ਦੇ ਖਿਲਾਫ ਫੌਜਦਾਰੀ ਅਤੇ ਮਨੁੱਖ-ਅਧਿਕਾਰੀ ਕਾਨੂੰਨ ਹਨ। ਇਹ ਕਾਨੂੰਨ ਘੱਟ ਗਿਣਤੀ ਦੀ ਰੱਖਿਆ ਲਈ ਅਤੇ ਸਮਾਨਤਾ ਦੀ ਕੀਮਤ ਨੂੰ ਉਤਸਾਹਿਤ ਕਰਨ ਲਈ ਹਨ।

ਕਨੇਡਾ ਦੇ ਕੁੱਝ ਲੋਕਾਂ ਦਾ ਵਿਚਾਰ ਹੈ ਕਿ ਇਹ ਕਾਨੂੰਨ ਬੁਰੇ ਹਨ ਕਿਉਂਕਿ ਇਹ ਨਾਗਰਿਕਾਂ ਦੇ ਵਿਚਾਰਾਂ ਨੂੰ ਪ੍ਰਗਟ ਕਰਨ ਦੇ ਹੱਕ ਦੀ ਕਾਟ-ਛਾਟ ਕਰਦੇ ਹਨ, ਜਿਹੜਾ ਕਿ ਲੋਕਤੰਤਰ ਦੇ ਲਈ ਬਹੁਤ ਜ਼ਰੂਰੀ ਹੈ। ਉਹ ਦਲੀਲ ਦਿੰਦੇ ਹਨ ਕਿ ਸਾਨੂੰ ਸਰਕਾਰ ਨੂੰ ਕਦੇ ਵੀ ਇਹ ਫੈਸਲਾ ਨਹੀਂ ਕਰਨ ਦੇਣਾ ਚਾਹੀਦਾ ਕਿ ਨਾਗਰਿਕ ਕੀ ਕਹਿ ਸਕਦੇ ਹਨ ਤੇ ਕੀ ਨਹੀਂ।





ਕਨੇਡੀਅਨ ਸਮਾਜ ਆਮਤੌਰ ਤੇ ਸੈਂਸਰਸ਼ਿਪ ਨੂੰ ਉਤਸਾਹਿਤ ਨਹੀਂ ਕਰਦਾ ਕਿਉਂਕਿ ਇਹ ਨਾਗਰਿਕਾਂ ਵੱਲੋਂ ਹਰ ਤਰ੍ਹਾਂ ਦੇ ਵਿਚਾਰਾਂ ਬਾਰੇ ਬਹਿਸ ਅਤੇ ਵਿਚਾਰ ਵਟਾਂਦਰਾ ਕਰਨ ਦੇ ਅਧਿਕਾਰ ਨੂੰ ਖੋਂਹਦਾ ਹੈ। ਖੁੱਲਾ ਵਾਦਵਿਵਾਦ ਲੋਕਤੰਤਰ ਵਿੱਚ ਸਵੈ-ਸਰਕਾਰ ਲਈ ਜ਼ਰੂਰੀ ਹੈ।

ਅਸੀਂ ਇਸ ਲਈ ਵੀ ਸੈਂਸਰਸ਼ਿਪ ਨੂੰ ਉਤਸਾਹਿਤ ਨਹੀਂ ਕਰਦੇ ਕਿਉਂਕਿ ਇਹ ਲਾਭਦਾਇਕ ਨਹੀਂ ਹੈ - ਇਹ ਅਪਮਾਨਜਨਕ ਵਿਚਾਰਾਂ ਨੂੰ ਖਤਮ ਨਹੀਂ ਕਰਦਾ। ਬਲਕਿ ਇਹ ਉਨ੍ਹਾਂ ਲੋਕਾਂ, ਜਿਹੜੇ ਅਜਿਹੇ ਵਿਚਾਰ ਵਿਅਕਤ ਕਰਦੇ ਹਨ, ਨੂੰ ਭੂਮੀਗਤ ਕਰਦਾ ਹੈ। ਤਾਂ ਬਾਕੀ ਦਾ ਸਮਾਜ ਜਨਤਕ ਤੌਰ ਤੇ ਇਨ੍ਹਾਂ ਵਿਚਾਰਾਂ ਨੂੰ ਰੱਦ ਕਰਨ ਦਾ ਮੌਕਾ ਗੁਆ ਦਿੰਦਾ ਹੈ।

ਇਸ ਤੋਂ ਵੱਧ ਬੁਰਾ ਹੈ ਕਿ, ਸੈਂਸਰਸ਼ਿਪ ਆਮਤੌਰ ਤੇ ਬੁਰੇ ਵਿਚਾਰਾਂ ਅਤੇ ਉਹਨਾਂ ਲੋਕਾਂ, ਜੋ ਇਹ ਵਿਚਾਰ ਪੇਸ਼ ਕਰਦੇ ਹਨ, ਨੂੰ ਅੱਡੇ ਆਉਣ ਦਾ ਮੌਕਾ ਦਿੰਦਾ ਹੈ। ਕਿਉਂਕਿ ਮੀਡੀਆ ਆਮਤੌਰ ਤੇ ਵਿਵਾਦਪੂਰਨ ਕੇਸਾਂ, ਜਿਹੜੇ ਅਦਾਲਤਾਂ ਵਿੱਚ ਜਾਂਦੇ ਹਨ, ਬਾਰੇ ਰਿਪੋਰਟ ਕਰਦਾ ਹੈ।

**ਨਾਗਰਿਕਾਂ ਦੀ ਉਨ੍ਹਾਂ ਵਿਚਾਰਾਂ, ਜਿਹੜੇ ਉਹ ਅਪਮਾਨਜਨਕ ਅਤੇ ਘ੍ਰਿਣਾਯੋਗ ਸਮਝਦੇ ਹਨ, ਦਾ ਜਵਾਬ ਦੇਣ ਅਤੇ ਰੱਦ ਕਰਨ ਦੀ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਹੈ।**

### ਇੰਟਰਨੈਟ ਤੇ ਘ੍ਰਿਣਾ

ਬਹੁਤ ਸਾਰੇ ਲੋਕ ਇਸ ਬਾਰੇ ਫਿਕਰਮੰਦ ਹਨ ਕਿ ਇੰਟਰਨੈਟ (ਕੰਪਿਊਟਰਾਂ ਦਾ ਵਿਸ਼ਵ ਵਿਆਪੀ ਜਾਲ) ਘੱਟਗਿਣਤੀ ਸਮੂਹਾਂ ਦੇ ਖਿਲਾਫ ਘ੍ਰਿਣਾ ਅਤੇ ਹਿੰਸਾ ਨੂੰ ਉਤਸਾਹਿਤ ਕਰਨ ਲਈ ਵਰਤਿਆ ਜਾ ਰਿਹਾ ਹੈ।

ਕੁੱਝ ਨਾਗਰਿਕ ਇਸ ਤਰ੍ਹਾਂ ਦੀ ਭਾਸ਼ਾ ਨੂੰ ਸੈਂਸਰ ਕਰਨ ਦੀ ਬਜਾਏ ਇੰਟਰਨੈਟ ਨੂੰ ਇੰਟਰਨੈਟ ਤੇ ਫੈਲਾਏ ਘ੍ਰਿਣਾਯੋਗ ਵਿਚਾਰਾਂ ਦਾ ਜਵਾਬ ਦੇਣ ਅਤੇ ਵਿਰੋਧ ਕਰਨ ਲਈ ਵਰਤਦੇ ਹਨ।

ਲੋਕਤੰਤਰ ਹੋਰ ਤੰਦਰੁਸਤ ਹੁੰਦਾ ਹੈ ਜੇਕਰ ਨਾਗਰਿਕ ਸਰਗਰਮੀ ਨਾਲ ਵਾਦਵਿਵਾਦ ਕਰਦੇ ਹਨ, ਵਿਚਾਰਾਂ ਨੂੰ ਸਵੀਕਾਰ ਅਤੇ ਰੱਦ ਕਰਦੇ ਹਨ ਬਜਾਏ ਕਿ ਸਰਕਾਰੀ ਏਜੰਸੀਆਂ ਅਤੇ ਅਫਸਰਾਂ ਨੂੰ ਇਹ ਕੰਮ ਕਰਨ ਦੇਣ।



**ਪ੍ਰਤਿਯੋਗੀ ਹੱਕ:** ਦੂਜੀਆਂ ਸੁਤੰਤਰਤਾਵਾਂ ਦੇ ਵਾਂਗ, ਪ੍ਰਗਟਾਉ ਦੀ ਸੁਤੰਤਰਤਾ ਲੋਕਤੰਤਰ ਵਿਚ ਇੱਕ ਸੰਪੂਰਣ ਕਦਰ ਜਾਂ ਹੱਕ ਨਹੀਂ ਹੈ। ਇੱਕ ਨਾਗਰਿਕ ਦੀ ਪ੍ਰਗਟਾਉ ਦੀ ਸੁਤੰਤਰਤਾ ਦੇ ਹੱਕ ਨੂੰ ਸੀਮਿਤ ਕਰਨ ਦੇ ਉਚਿਤ ਕਾਰਨ ਹੋ ਸਕਦੇ ਹ

## ਬਬਲ ਜ਼ੋਨਜ਼

ਇੱਥੇ ਉਨ੍ਹਾਂ ਲੋਕਾਂ, ਜਿਹੜੇ ਗਰਭਪਾਤ ਕਲੀਨਿਕਾਂ ਦੇ ਬਾਹਰ ਗਰਭਪਾਤ ਦੇ ਵਿਖਾਵੇ ਦਾ ਵਿਰੋਧ ਕਰਦੇ ਹਨ ਦੇ ਬਾਰੇ ਕਾਫੀ ਵਾਦ-ਵਿਵਾਦ ਚਲਦਾ ਰਿਹਾ ਹੈ।

ਬ੍ਰਿਟਿਸ਼ ਕੁਲੰਬੀਆ ਵਿੱਚ ਸਰਕਾਰ ਨੇ ਇੱਕ ਕਾਨੂੰਨ ਬਣਾਇਆ ਜਿਹੜਾ ਗਰਭਪਾਤ ਕਲਿਨਕਾਂ ਦੁਆਲੇ ਵਿਖਾਵਾ ਕਰਨ ਵਾਲਿਆਂ ਦੇ ਹੱਕ ਨੂੰ ਸੀਮਿਤ ਕਰਦਾ ਹੈ, ਪਰ ਇਸ ਦੀ ਮਨਾਹੀ ਨਹੀਂ ਕਰਦਾ। ਨਾਗਰਿਕ ਹਾਲੇ ਵੀ ਗਰਭਪਾਤ ਦੇ ਖਿਲਾਫ ਵਿਖਾਵਾ ਕਰ ਸਕਦੇ ਹਨ, ਪਰ ਸਿਰਫ ਜੇਕਰ ਉਹ ਕਲੀਨਿਕ ਤੋਂ ਘੱਟ ਤੋਂ ਘੱਟ 50 ਮੀਟਰ ਦੂਰ ਖੜੇ ਰਹਿਣ ।

ਇਸ ਉਦਾਹਰਣ ਵਿੱਚ ਤਿੰਨ ਮਹੱਤਵਪੂਰਨ ਕਦਰਾਂ ਨੂੰ ਸੁਰੱਖਿਆ ਚਾਹੀਦੀ ਹੈ:

- ਪਹਿਲੀ ਉਹਨਾਂ ਲੋਕਾਂ ਦੇ ਪ੍ਰਗਟਾਉ ਦੀ ਸੁਤੰਤਰਤਾ, ਜਿਹੜੇ ਗਰਭਪਾਤ ਦਾ ਵਿਰੋਧ ਕਰਦੇ ਹਨ।
- ਦੂਜਾ, ਕਲੀਨਿਕ ਦੇ ਵਿੱਚ ਕੰਮ ਕਰਨ ਵਾਲਿਆਂ ਅਤੇ ਗਰਭਪਾਤ ਕਰਾਉਣ ਵਾਲੀਆਂ ਔਰਤਾਂ ਦੀ ਪ੍ਰਾਈਵੇਸੀ ਦਾ ਹੱਕ।
- ਤੀਜਾ, ਕਨੇਡਾ ਵਿੱਚ ਗਰਭਪਾਤ ਦਾ ਕਾਨੂੰਨੀ ਹੱਕ ਹੈ।

ਗਰਭਪਾਤ ਵਿਰੋਧੀਆਂ ਦੀ ਪ੍ਰਗਟਾਉ ਦੀ ਅਜ਼ਾਦੀ ਨੂੰ ਸੀਮਿਤ ਕਰਕੇ ਸਰਕਾਰ ਨੇ ਵਿਖਾਵਾ ਕਰਨ ਦੇ ਹੱਕ ਨੂੰ ਇੱਕ ਔਰਤ ਦੇ ਪ੍ਰਾਈਵੇਸੀ ਅਤੇ ਗਰਭਪਾਤ ਕਰਾਉਣ ਦੀ ਚੋਣ ਕਰਨ ਦੇ ਹੱਕ ਦੇ ਮੁਕਾਬਲੇ ਸੰਤੁਲਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।





# ਲੋਕਤੰਤਰੀ ਜਵਾਬਦੇਹੀ

### ਸਾਡੇ ਚੁਣੇ ਹੋਏ ਪ੍ਰਤੀਨਿੱਧ ਸਾਡੇ ਅੱਗੇ ਜਵਾਬਦੇਹ ਹਨ।

ਅਸੀਂ ਆਪਣੇ ਚੁਣੇ ਹੋਏ ਪ੍ਰਤੀਨਿੱਧਾਂ ਨੂੰ ਸਾਡੇ ਸਮਾਜ ਲਈ ਕਾਨੂੰਨ ਬਨਾਉਣ ਦੀ ਸਿੱਧੀ ਸ਼ਕਤੀ ਪ੍ਰਦਾਨ ਕਰਦੇ ਹਾਂ। ਕੁੱਝ ਦੂਜੇ ਸਮਾਜਾਂ ਦੇ ਉਲਟ, ਸਾਡੇ ਪ੍ਰਤੀਨਿੱਧ ਹਮੇਸ਼ਾਂ ਨਾਗਰਿਕਾਂ ਅੱਗੇ ਜਵਾਬਦੇਹ ਰਹਿੰਦੇ ਹਨ।

ਲੋਕਤੰਤਰੀ ਜਵਾਬਦੇਹੀ ਦੇ ਦੋ ਮਤਲਬ ਹਨ।

ਸਾਡੇ ਚੁਣੇ ਹੋਏ ਅਧਿਕਾਰੀ ਸਾਡੇ ਅੱਗੇ ਆਪਣੀਆਂ ਪਿਛਲੀਆਂ ਕਾਰਵਾਈਆਂ ਦੇ ਲਈ ਜ਼ਿੰਮੇਵਾਰ ਹਨ। ਚੋਣਾਂ ਦੀ ਮੁਹਿੰਮ ਦੇ ਦੌਰਾਨ ਜਦੋਂ ਸਾਡੇ ਪ੍ਰਤੀਨਿੱਧ ਦੁਬਾਰਾ ਸਾਡੇ ਕੋਲੋਂ ਸਾਡੀ ਪ੍ਰਤੀਨਿੱਧਤਾ ਕਰਨ ਲਈ ਮਦਦ ਮੰਗਦੇ ਹਨ ਤਾਂ ਉਹਨਾਂ ਨੂੰ ਸਾਡੇ ਸਾਹਮਣੇ ਆਪਣੇ ਪੁਰਾਣੇ ਕੰਮਾਂ ਦੀ ਵਿਆਖਿਆ ਕਰਨੀ ਪਵੇਗੀ ਅਤੇ ਇਹਨਾਂ ਕੰਮਾਂ ਨੂੰ ਉਚਿਤ ਠਹਿਰਾਉਣਾ ਪਵੇਗਾ।

ਨੰਬਰ ਦੋ, ਜਵਾਬਦੇਹੀ ਦਾ ਇਹ ਵੀ ਮਤਲਬ ਹੈ ਕਿ ਸਾਡੇ ਕੋਲ ਨਾਗਰਿਕ ਹੋਣ ਦੇ ਨਾਤੇ ਕਾਨੂੰਨ ਬਣਾਉਣ ਅਤੇ ਸਰਕਾਰੀ ਪ੍ਰੋਗਰਾਮਾਂ ਨੂੰ ਇੱਕ ਅਰਥ-ਪੂਰਣ ਢੰਗ ਨਾਲ ਪ੍ਰਭਾਵਿਤ ਕਰਨ ਲਈ ਕੰਮ ਕਰਕੇ ਲੋਕਤੰਤਰ ਵਿੱਚ ਭਾਗ ਲੈਣ ਦਾ ਹੱਕ ਹੈ।

ਨਾਗਰਿਕਾਂ ਨੂੰ ਸਿਰਫ ਹਰ ਚਾਰ ਸਾਲਾਂ ਬਾਅਦ ਚੋਣਾਂ ਵਿੱਚ ਵੋਟ ਪਾਉਣ ਤੋਂ ਵੱਧ ਵੀ ਬਹੁਤ ਕੁੱਝ ਕਰਨਾ ਪੈਂਦਾ ਹੈ।

**ਲੋਕਤੰਤਰੀ ਜਵਾਬਦੇਹੀ ਦਾ ਇਹ ਵੀ ਮਤਲਬ ਹੈ ਕਿ ਸਾਰੇ ਨਾਗਰਿਕਾਂ ਕੋਲ ਹਰ ਦਿਨ ਉਹਨਾਂ ਨਿਯਮਾਂ ਨੂੰ ਪ੍ਰਭਾਵਿਤ ਕਰਨ ਲਈ ਮੌਕਾ ਅਤੇ ਜ਼ਿੰਮੇਵਾਰੀ ਹੋਵੇ, ਜਿਨ੍ਹਾਂ ਨਾਲ ਅਸੀਂ ਆਪਣੇ ਸਮਾਜ ਵਿੱਚ ਰਹਿੰਦੇ ਹਾਂ।**

## ਸਾਡੇ ਲੋਕਤੰਤਰ ਵਿੱਚ ਤੁਹਾਡਾ ਨਵਾਂ ਰੋਲ

**ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਸੀਂ ਕਨੇਡਾ ਦੇ ਬੇਜੋੜ ਲੋਕਤੰਤਰ ਦਾ ਇੱਕ ਹਿੱਸਾ ਹੋ।**

ਤੁਹਾਡੇ ਅਤੇ ਤੁਹਾਡੇ ਵਰਗੇ ਹੋਰ ਨਾਗਰਿਕਾਂ ਦੇ ਬਿਨਾਂ ਅਤੇ ਲੋਕਤੰਤਰੀ ਜ਼ਿੰਦਗੀ ਵਿੱਚ ਤੁਹਾਡੀ ਪੂਰੀ ਸ਼ਮੂਲੀਅਤ ਬਿਨਾਂ, ਕੁੱਝ ਚੁਣੇ ਹੋਏ ਅਧਿਕਾਰੀ ਅਤੇ ਸਰਕਾਰੀ ਅਧਿਕਾਰੀ (ਸਰਕਾਰ ਦੇ ਲਈ ਕੰਮ ਕਰਨ ਵਾਲੇ) ਸਾਡੇ ਤੇ ਸ਼ਾਸਨ ਕਰਨਗੇ।

ਕਨੇਡਾ ਦੇ ਇੱਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਹਾਨੂੰ ਇਸ ਅਧਿਅਇ ਵਿੱਚ ਬਿਆਨ ਕੀਤੀਆਂ ਗਈਆਂ ਕਦਰਾਂ ਨੂੰ ਅਪਨਾਉਣ ਲਈ ਉਤਸਾਹਿਤ ਕੀਤਾ ਗਿਆ ਹੈ।

ਲੋਕਤੰਤਰ ਵਿੱਚ ਨਾਗਰਿਕਾਂ ਨੂੰ ਸਿਰਫ ਸਰਕਾਰ, ਕਾਨੂੰਨ ਜਾਂ ਅਦਾਲਤਾਂ, ਜਿਹੜੀਆਂ ਸਾਡੀਆਂ ਸਾਰੀਆਂ ਮਹੱਤਵਪੂਰਣ ਕਦਰਾਂ ਅਤੇ ਰਿਵਾਜ਼ਾਂ ਦੀ ਰਾਖੀ ਕਰਨ ਦੀ ਗਾਰੰਟੀ ਦਿੰਦੀਆਂ ਹਨ, ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਉਹ ਕਰ ਸਕਦੇ ਹਨ। ਇਨ੍ਹਾਂ ਕਦਰਾਂ ਦਾ ਖਿਆਲ ਰੱਖਣ ਅਤੇ ਉਹਨਾਂ ਦੀ ਰਾਖੀ ਕਰਨ ਦੀ ਜ਼ਿਮੇਵਾਰੀ ਸਾਡੇ ਨਾਗਰਿਕਾਂ ਦੀ ਹੈ।

ਤੁਹਾਡੇ ਲਈ ਅਜਿਹਾ ਕਰਨ ਦੇ ਹਰ ਰੋਜ਼ ਕਈ ਮੌਕੇ ਆਉਂਦੇ ਹਨ। ਜੇਕਰ ਅਸੀਂ ਇਨ੍ਹਾਂ ਕਦਰਾਂ ਦੀ ਇੱਜ਼ਤ ਕਰੀਏ ਅਤੇ ਦੂਜੇ ਨਾਗਰਿਕਾਂ ਨੂੰ ਵੀ ਅਜਿਹਾ ਕਰਨ ਲਈ ਉਤਸਾਹਿਤ ਕਰੀਏ ਤਾਂ ਕਨੇਡਾ ਦਾ ਲੋਕਤੰਤਰ ਹੋਰ ਮਜ਼ਬੂਤ ਹੋਵੇਗਾ।







ਇਹ ਕਦਰਾਂ ਗੁੰਝਲਦਾਰ ਹਨ। ਭਾਵੇਂ ਸਾਰੇ ਨਾਗਰਿਕ ਇਨ੍ਹਾਂ ਦੀ ਮਹੱਤਤਾ ਨਾਲ ਸਹਿਮਤ ਹੋਣ, ਅਸੀਂ ਇਸ ਗੱਲੋਂ ਅਸਹਿਮਤ ਵੀ ਹੋ ਸਕਦੇ ਹਾਂ ਕਿ ਉਨ੍ਹਾਂ ਨੂੰ ਕਾਨੂੰਨਾਂ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਕਿਵੇਂ ਪਰਿਵਰਤਿਤ ਕੀਤਾ ਜਾਣਾ ਚਾਹੀਦਾ ਹੈ।

ਕਨੇਡਾ ਵਰਗੇ ਲੋਕਤੰਤਰ ਵਿੱਚ ਰਹਿਣ ਦਾ ਇੱਕ ਲਾਭ ਇਹ ਹੈ ਕਿ ਇੱਥੇ ਨਾਗਰਿਕ ਕਈ ਢੰਗਾਂ ਨਾਲ ਇਹਨਾਂ ਕਦਰਾਂ ਨੂੰ ਅਸਲੀ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਬਦਲਣ ਦੀ ਪ੍ਰਕ੍ਰਿਆ ਵਿੱਚ ਹਿੱਸਾ ਪਾ ਸਕਦੇ ਹਨ।

ਅਸੀ ਹੇਠ ਲਿਖੇ ਢੰਗ ਨਾਲ ਹਿੱਸਾ ਪਾ ਸਕਦੇ ਹਾਂ-

- ❑ ਜਨਤਕ ਮੀਟਿੰਗਾਂ ਵਿੱਚ ਭਾਗ ਲੈ ਕੇ।
- ❑ ਰਾਜਨੀਤਿਕ ਪਾਰਟੀਆਂ ਨਾਲ ਕੰਮ।
- ❑ ਉਹਨਾਂ ਨਾਗਰਿਕ ਸਮੂਹਾਂ ਵਿੱਚ ਸ਼ਾਮਿਲ ਹੋ ਕੇ ਜਿਹੜੇ ਸਾਡੇ ਆਪਣੇ ਨਿਜੀ ਫਲਸਫੇ ਨੂੰ ਪ੍ਰਭਾਵਿਤ ਕਰਦੇ ਹਨ।

ਜਿਵੇਂ-ਜਿਵੇਂ ਤੁਸੀਂ ਭਾਗ ਲੈਣਾ ਸ਼ੁਰੂ ਕਰੋਗੇ, ਤੁਸੀਂ ਇਹ ਮਹਿਸੂਸ ਕਰੋਗੇ ਕਿ ਕਨੇਡਾ ਦੇ ਨਾਗਰਿਕ ਇਸ ਪਾਠ ਵਿੱਚ ਵਿਚਾਰੀਆਂ ਗਈਆਂ ਕਦਰਾਂ ਨਾਲ ਡੂੰਘਾਈ ਨਾਲ ਵਚਨਬੱਧ ਹਨ। ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਮਿਹਨਤ ਕਰਦੇ ਹਾਂ ਕਿ ਸਾਡਾ ਸਮਾਜ ਇਨ੍ਹਾਂ ਕਦਰਾਂ ਦੀ ਇਜ਼ਤ ਅਤੇ ਰਾਖੀ ਕਰੇ।

**ਕਨੇਡਾ ਦੇ ਨਾਗਰਿਕ ਹੋਣ ਦੇ ਨਾਤੇ, ਤੁਸੀਂ ਲੋਕਤੰਤਰ ਨਾਲ ਇਹ ਵਚਨਬੱਧਤਾ ਸਾਂਝੀ ਕਰਦੇ ਹੋ।**



# ਅਧਿਆਇ 3

## ਕਨੇਡਾ ਦੀ ਰਾਜਨੀਤਕ ਪ੍ਰਣਾਲੀ ਤੇ ਇੱਕ ਅਮਲੀ ਝਾਤ





ਭਾਵੇਂ ਕਨੇਡਾ ਵਸੋਂ (3 ਕਰੋੜ) ਦੇ ਲਿਹਾਜ਼ ਨਾਲ ਬਹੁਤ ਛੋਟਾ ਹੈ, ਪਰ ਖੇਤਰਫਲ ਵਿੱਚ ਇਹ ਸੰਸਾਰ ਦੇ ਬਹੁਤ ਵਿਸ਼ਾਲ ਦੇਸ਼ਾਂ ਵਿੱਚੋਂ ਇੱਕ ਹੈ।

ਕਨੇਡਾ ਦੇ ਬੇਜੋੜ ਭੂਗੋਲ ਅਤੇ ਇਤਿਹਾਸ ਕਾਰਨ, ਅਸੀਂ ਸਰਕਾਰ ਦੀ ਇੱਕ ਫੈਡਰਲ (ਕੇਂਦਰੀ) ਪ੍ਰਣਾਲੀ ਕਾਇਮ ਕੀਤੀ ਹੈ ਤਾਂ ਜੋ ਦੇਸ਼ ਦੇ ਅਲੱਗ-ਅਲੱਗ ਖੇਤਰਾਂ ਦੇ ਨਾਗਰਿਕਾਂ ਅਜਿਹੇ ਕਾਨੂੰਨ ਬਣਾ ਸਕਣ ਜਿਹੜੇ ਉਹਨਾਂ ਦੀਆਂ ਲੋੜਾਂ ਅਤੇ ਹਿੱਤਾਂ ਦੀ ਪੂਰਤੀ ਕਰਦੇ ਹੋਣ।

ਇਸ ਦਾ ਅਰਥ ਹੈ ਕਿ ਕਨੇਡਾ ਦੀ ਇੱਕ ਕੇਂਦਰੀ ਸਰਕਾਰ ਹੈ ਜਿਸਨੂੰ ਫੈਡਰਲ ਸਰਕਾਰ ਕਹਿੰਦੇ ਹਨ ਅਤੇ ਜਿਸ ਵਿਚ 10 ਸੂਬਾਈ ਸਰਕਾਰਾਂ ਅਤੇ ਕਨੇਡਾ ਦੇ ਉੱਤਰ ਵਿੱਚ ਦੋ ਰਾਜਖੇਤਰੀ ਸਰਕਾਰਾਂ ਹਨ। ( 1999 ਵਿੱਚ ਕਨੇਡਾ ਦੇ ਉੱਤਰ ਵਿੱਚ ਇੱਕ ਨਵਾਂ ਰਾਜ ਖੇਤਰ 'ਨੂਨੂਵੈਟ' ਬਣਾਇਆ ਜਾਵੇਗਾ)।

ਇਸਦੇ ਇਲਾਵਾ ਇਥੇ ਸਥਾਨਕ ਸਤਰ ਦੀ ਸਰਕਾਰ ਵੀ ਹੈ ਜਿਸ ਨੂੰ ਮਿਊਂਸਪੈਲ (ਸ਼ਹਿਰ) ਜਾਂ ਰੀਜਨਲ (ਖੇਤਰੀ) ਸਰਕਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।



## ਕਨੇਡਾ ਦੇ ਮੁੱਢਲੇ ਲੋਕ

ਕਨੇਡਾ ਦੇ ਮੂਲਵਾਸੀ (ਉਹਨਾਂ ਨੂੰ ਪਹਿਲੀਆਂ ਕੌਮਾਂ (ਫਸਟਨੇਸ਼ਨਜ਼) ਦੇ ਲੋਕ ਵੀ ਕਿਹਾ ਜਾਂਦਾ ਹੈ) ਕਨੇਡਾ ਵਿੱਚ ਹਜ਼ਾਰਾਂ ਸਾਲਾਂ ਤੋਂ ਰਹਿੰਦੇ ਆਏ ਹਨ। ਕੁੱਝ ਪਹਿਲੀਆਂ ਕੌਮਾਂ ਕੋਲ ਆਪਣੀਆਂ ਸਰਕਾਰੀ ਸ਼ਕਤੀਆਂ ਸਨ।

ਪਿਛਲੇ 10 ਸਾਲਾਂ ਦੌਰਾਨ, ਕਨੇਡਾ ਦੇ ਲੋਕ ਕਿਸੇ ਹੱਲ ਤੇ ਪਹੁੰਚੇ ਬਿਨਾਂ ਮੂਲਵਾਸੀਆਂ ਦੀਆਂ ਸਰਕਾਰਾਂ ਦੇ ਉਚਿਤ ਸਿਆਸੀ ਅਧਿਕਾਰਾਂ ਬਾਰੇ ਬਹਿਸ ਕਰ ਚੁੱਕੇ ਹਨ।

ਇਤਿਹਾਸਕ ਤੌਰ ਤੇ, ਪਹਿਲੀਆਂ ਕੌਮਾਂ ਤੇ ਸਮਝੌਤਿਆਂ (ਟਰੀਟੀਜ਼) ਦੁਆਰਾ ਰਾਜ ਕੀਤਾ ਜਾਂਦਾ ਸੀ, ਜਿਹੜੇ ਉਹ ਬਸਤੀਵਾਦੀ ਸਰਕਾਰਾਂ ਨਾਲ ਕਰਦੇ ਸਨ।



1867 ਵਿੱਚ ਕਨੇਡਾ ਦੇ ਰਾਸ਼ਟਰ ਬਣਣ ਤੋਂ ਪਹਿਲਾਂ ਬਸਤੀਵਾਦੀ ਸਰਕਾਰਾਂ ਹੁੰਦੀਆਂ ਸਨ।

ਇਹਨਾਂ ਸਮਝੌਤਿਆਂ (ਟਰੀਟੀਜ਼) ਨੇ ਪਹਿਲੀਆਂ ਕੌਮਾਂ ਦੇ ਲੋਕਾਂ ਨੂੰ ਸ਼ਿਕਾਰ ਕਰਨ, ਮੱਛੀਆਂ ਫੜਨ ਅਤੇ ਜ਼ਮੀਨ ਦੀ ਵਰਤੋਂ ਕਰਨ ਸਬੰਧੀ ਖਾਸ ਅਧਿਕਾਰ, ਲਾਭ ਅਤੇ ਹੱਕ ਦਿੱਤੇ।

ਬ੍ਰਿਟਿਸ਼ ਕੁਲੰਬੀਆ ਵਿੱਚ ਕਿਸੇ ਸਮਝੌਤੇ ਤੇ ਦਸਤਖਤ ਨਹੀਂ ਕੀਤੇ ਗਏ।

ਹੁਣ ਬੀ.ਸੀ. ਦੀ ਸਰਕਾਰ ਸੂਬੇ ਵਿੱਚ ਬਹੁਤ ਸਾਰੀਆਂ ਪਹਿਲੀਆਂ ਕੌਮਾਂ ਨਾਲ ਸਮਝੌਤੇ ਦੀ ਗੱਲਬਾਤ ਕਰ ਰਹੀ ਹੈ। ਕੁੱਝ ਪਹਿਲੀਆਂ ਕੌਮਾਂ ਜਿਵੇਂ ਕਿ ਨਿਸਗਾ ਅਤੇ ਸੀਸ਼ੈਲਟ, ਨਾਲ ਪਹਿਲਾਂ ਹੀ ਮੁੱਢਲੇ ਸਮਝੌਤੇ ਹੋ ਚੁੱਕੇ ਹਨ।





## ਸਰਕਾਰੀ ਸ਼ਕਤੀਆਂ ਦਾ ਬਟਵਾਰਾ

ਸੰਵਿਧਾਨ ਨਿਯਮਾਂ ਦਾ ਇੱਕ ਜੁੱਟ (ਸੈਟ) ਹੁੰਦਾ ਹੈ ਸਮਾਜ ਜਿਸਦੀ ਵਰਤੋਂ ਆਪਣੇ ਆਪ ਨੂੰ ਸ਼ਾਸਿਤ ਕਰਨ ਲਈ ਕਰਦਾ ਹੈ।

ਕਨੇਡਾ ਦਾ ਸੰਵਿਧਾਨ ਦੇਸ਼ ਦਾ ਸਭ ਤੋਂ ਉਚਾ ਕਾਨੂੰਨ ਹੈ। ਇਹ ਫੈਡਰਲ (ਕੇਂਦਰੀ) ਅਤੇ ਸੂਬਾਈ ਸਰਕਾਰਾਂ ਵਿਚਕਾਰ ਰਾਜਨੀਤਕ ਅਤੇ ਕਾਨੂੰਨ ਬਨਾਉਣ ਵਾਲੇ ਅਧਿਕਾਰ ਦੀ ਵੰਡ ਕਰਦਾ ਹੈ। ਅਧਿਕਾਰਾਂ ਦੀ ਵੰਡ ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਮੱਛੀਆਂ ਫੜਨਾ, ਬੈਂਕਿੰਗ ਅਤੇ ਆਵਾਜਾਈ ਦੇ ਸਾਧਨ ਅਨੁਸਾਰ ਹੁੰਦੀ ਹੈ।

ਕੇਂਦਰੀ ਅਤੇ ਸੂਬਾਈ ਸਰਕਾਰਾਂ ਕਿਸੇ ਖਾਸ ਵਿਸ਼ੇ ਤੇ ਕਾਨੂੰਨ ਤਾਂ ਹੀ ਬਣਾ ਸਕਦੀਆਂ ਹਨ ਜੇਕਰ ਸਰਕਾਰ ਨੂੰ ਅਜਿਹਾ ਕਰਨ ਲਈ ਸੰਵਿਧਾਨ ਵੱਲੋਂ ਅਧਿਕਾਰ ਦਿੱਤੇ ਗਏ ਹੋਣ।

ਕੋਈ ਵੀ ਸਰਕਾਰ ਉਨ੍ਹਾਂ ਵਿਸ਼ਿਆਂ ਨਾਲ ਸਬੰਧਿਤ ਕਾਨੂੰਨ ਨਹੀਂ ਬਣਾ ਸਕਦੀ ਜਿਨ੍ਹਾਂ ਦਾ ਅਧਿਕਾਰ ਦੂਜੀ ਸਰਕਾਰ ਕੋਲ ਹੈ। ਇਸ ਪ੍ਰਣਾਲੀ ਨੂੰ ਸ਼ਕਤੀਆਂ ਦਾ ਬਟਵਾਰਾ ਕਹਿੰਦੇ ਹਨ।

ਕੇਂਦਰੀ ਅਤੇ ਸੂਬਾਈ ਸਰਕਾਰਾਂ ਦਾ ਦਰਜਾ ਬਰਾਬਰ ਦਾ ਹੈ। ਸੂਬਾਈ ਸਰਕਾਰਾਂ ਆਪਣੇ ਕੁੱਝ ਅਧਿਕਾਰ ਸਥਾਨਕ ਸਰਕਾਰਾਂ (ਦੋਵੇਂ ਸ਼ਹਿਰੀ ਅਤੇ ਖੇਤਰੀ ਸਰਕਾਰਾਂ) ਨੂੰ ਸੌਂਪ ਦਿੰਦੀਆਂ ਹਨ ਜਿਹੜੇ ਕਿ ਸੂਬਾਈ ਸਰਕਾਰਾਂ ਦੇ ਅਧਿਕਾਰ ਅਧੀਨ ਆਉਂਦੇ ਹਨ।

ਕੇਂਦਰੀ ਸਰਕਾਰ ਦੇ ਕਾਨੂੰਨ ਸਾਰੇ ਨਾਗਰਿਕਾਂ ਤੇ ਲਾਗੂ ਹੁੰਦੇ ਹਨ। ਉਹਨਾਂ ਨੂੰ ਸੂਬੇ ਜਾਂ ਇਲਾਕੇ ਅਤੇ ਸ਼ਹਿਰਾਂ ਦੇ ਕਾਨੂੰਨ, ਜਿੱਥੇ ਉਹ ਰਹਿੰਦੇ ਹਨ ਜਾ ਘੁੰਮਣ ਜਾਂਦੇ ਹਨ, ਦੀ ਪਾਲਣਾ ਵੀ ਕਰਨੀ ਪੈਂਦੀ ਹੈ।

ਕਨਫੈਡਰੇਸ਼ਨ (ਜਦੋਂ 1867 ਵਿੱਚ ਕਨੇਡਾ ਇੱਕ ਦੇਸ਼ ਬਣਿਆ), ਦੇ ਸਮੇਂ ਤੋਂ ਸਾਡੇ ਕਾਨੂੰਨ ਦੀਆਂ ਅਦਾਲਤਾਂ ਨੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਵਿੱਚਕਾਰ ਉਨ੍ਹਾਂ ਦੇ ਅਧਿਕਾਰਾਂ ਸਬੰਧੀ ਵਿਵਾਦਾਂ ਦਾ ਨਿਪਟਾਰਾ ਕਰਨ ਲਈ ਸੰਵਿਧਾਨ ਦੀ ਵਿਆਖਿਆ ਕੀਤੀ। ਫਿਰ ਇਨ੍ਹਾਂ ਅਦਾਲਤਾਂ ਨੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਦੇ ਅਧਿਕਾਰਾਂ ਨੂੰ ਪਰਿਭਾਸ਼ਿਤ ਕੀਤਾ।

ਆਮਤੌਰ ਤੇ ਸਧਾਰਨ ਨਾਗਰਿਕ ਲਈ ਇਹ ਜਾਨਣਾ ਮੁਸ਼ਕਿਲ ਹੈ ਕਿ ਕੀ ਇੱਕ ਖਾਸ ਵਿਸ਼ਾ ਕੇਂਦਰੀ ਸਰਕਾਰ ਜਾਂ ਸੂਬਾਈ ਸਰਕਾਰ ਦੁਆਰਾ ਨਿਪਟਾਇਆ ਜਾਵੇਗਾ।

ਇਹ ਸ਼ਕਤੀਆਂ ਦੀ ਵੰਡ ਦੀ ਇੱਕ ਆਮ ਗਾਈਡ ਹੈ।

ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਕਾਰਜ ਖੇਤਰ ਵਿੱਚ ਰਾਸ਼ਟਰੀ ਹਨ। ਉਹਨਾਂ ਵਿੱਚ ਹੇਠ ਲਿਖੇ ਵਿਸ਼ੇ ਸ਼ਾਮਿਲ ਹਨ:

- ਰਾਸ਼ਟਰੀ ਸੁਰੱਖਿਆ
- ਅੰਤਰਰਾਸ਼ਟਰੀ ਸਬੰਧ
- ਇਮੀਗਰੇਸ਼ਨ
- ਕਸਟਮਸ
- ਟੈਕਸ ਪ੍ਰਬੰਧ
- ਅਪਰਾਧ

ਸੂਬਾਈ ਅਤੇ ਰਾਜਖੇਤਰੀ ਸਰਕਾਰਾਂ ਕੋਲ ਕਾਨੂੰਨ ਅਤੇ ਨੀਤੀਆਂ ਬਨਾਉਣ ਸਬੰਧੀ ਹੇਠ ਲਿਖੀਆਂ ਸ਼ਕਤੀਆਂ ਹਨ:

- ਸਿੱਖਿਆ
- ਸਮਾਜਕ ਸੇਵਾਵਾਂ
- ਹਸਪਤਾਲ
- ਕੁਦਰਤੀ ਸਾਧਨ
- ਮੋਟਰ ਵਾਹਨ

ਕੇਂਦਰੀ ਅਤੇ ਸੂਬਾਈ ਸਰਕਾਰਾਂ ਖਾਸ ਵਿਸ਼ਿਆਂ ਜਿਵੇਂ ਕਿ ਵਾਤਾਵਰਣ ਅਤੇ ਆਵਾਜਾਈ ਦੇ ਸਾਧਨ, ਸਬੰਧੀ ਸ਼ਕਤੀਆਂ ਸਾਂਝੀਆਂ ਕਰਦੀਆਂ ਹਨ।

ਅਖੀਰ ਵਿੱਚ, ਸਥਾਨਕ ਮਸਲਿਆਂ ਨੂੰ ਨਿਯਮਬੱਧ ਕਰਨ ਲਈ ਸੂਬੇ ਆਪਣੀਆਂ ਕੁੱਝ ਸ਼ਕਤੀਆਂ ਸਥਾਨਕ ਅਤੇ ਖੇਤਰੀ ਸਰਕਾਰਾਂ ਨੂੰ ਦਿੰਦੇ ਹਨ। ਇਨ੍ਹਾਂ ਸਥਾਨਕ ਸਰਕਾਰਾਂ ਕੋਲ ਹੇਠ ਲਿਖੇ ਵਿਸ਼ਿਆਂ ਬਾਰੇ ਕਾਨੂੰਨ ਬਨਾਉਣ ਦੀਆਂ ਸ਼ਕਤੀਆਂ ਹਨ:

- ਜ਼ਮੀਨ ਦੀ ਵਰਤੋਂ (ਇਮਾਰਤ ਨੂੰ ਉਸਾਰਨ ਸਮੇਤ)
- ਕੂੜਾ ਇਕੱਤਰਿਤ ਕਰਨਾ
- ਸਥਾਨਕ ਪੁਲਿਸ
- ਅੱਗ ਬੁਝਾਉਣ

ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀਆਂ ਕਾਨੂੰਨ ਬਣਾਉਣ ਅਤੇ ਪ੍ਰੋਗਰਾਮਾਂ ਨੂੰ ਤਿਆਰ ਕਰਨ ਲਈ ਸ਼ਕਤੀਆਂ ਬਾਰੇ ਹੋਰ ਸਿੱਖਣ ਲਈ ਆਪਣੀ ਸਥਾਨਕ ਟੈਲੀਫੋਨ ਦੀ ਕਿਤਾਬ ਦੇ ਨੀਲੇ ਪੰਨੇ ਦੇਖੋ। ਇਨ੍ਹਾਂ ਨੀਲੇ ਪੰਨਿਆਂ ਤੇ ਬਹੁਤ ਸਾਰੀਆਂ ਕੇਂਦਰੀ, ਸੂਬਾਈ ਅਤੇ ਸਥਾਨਕ ਸਰਕਾਰਾਂ ਦੀਆਂ ਏਜੰਸੀਆਂ ਬਾਰੇ ਸੂਚੀ ਹੈ।





## ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀਆਂ ਚੋਣਾਂ

ਕਨੇਡਾ ਨਾਗਰਿਕਾਂ ਦੁਆਰਾ ਚੁਣੇ ਹੋਏ ਵਿਅਕਤੀਆਂ ਦੀ ਅਸੈਂਬਲੀ ਦੁਆਰਾ ਸ਼ਾਸਿਤ ਕੀਤਾ ਜਾਂਦਾ ਹੈ। ਇਹ ਚੁਣੇ ਗਏ ਵਿਅਕਤੀ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਬਨਾਉਣ ਵਿੱਚ ਸਾਡੇ ਹਿਤਾਂ ਦੀ ਪ੍ਰਤੀਨਿੱਧਤਾ ਕਰਦੇ ਹਨ।

ਸਾਡੀ ਕੇਂਦਰੀ ਸਰਕਾਰ ਦੀਆਂ ਦੋ ਅਸੈਂਬਲੀਆਂ ਹਨ, ਜਿਨ੍ਹਾਂ ਨੂੰ 'ਹਾਊਸ ਆਫ ਕਾਮਨਸ' ਅਤੇ 'ਸੈਨਟ' ਕਿਹਾ ਜਾਂਦਾ ਹੈ। ਇਹਨਾਂ ਦੋਵਾਂ ਨੂੰ ਮਿਲਾ ਕੇ ਇਨ੍ਹਾਂ ਨੂੰ 'ਪਾਰਲੀਮੈਂਟ' ਕਿਹਾ ਜਾਂਦਾ ਹੈ।

ਹਰੇਕ ਸੂਬੇ ਜਾਂ ਟੈਰੀਟਰੀ (ਰਾਜਖੇਤਰ) ਦੀ ਆਪਣੀ ਅਸੈਂਬਲੀ ਹੁੰਦੀ ਹੈ, ਜਿਸ ਨੂੰ ਲੈਜਿਸਲੇਚਰ ਜਾਂ ਸੂਬਾਈ ਪਾਰਲੀਆਮੈਂਟ ਕਿਹਾ ਜਾਂਦਾ ਹੈ। ( ਕਿਊਬਕ ਵਿੱਚ ਇਸ ਨੂੰ ਨੈਸ਼ਨਲ ਅਸੈਂਬਲੀ ਕਿਹਾ ਜਾਂਦਾ ਹੈ।)

ਇਨ੍ਹਾਂ ਅਸੈਂਬਲੀਆਂ ਦੇ ਰਾਜਨੀਤਕ ਪ੍ਰਤੀਨਿੱਧ ਭੂਗੋਲੀ ਖੇਤਰਾਂ, ਜਿਨ੍ਹਾਂ ਨੂੰ ਇਲੈਕਟੋਰਲ ਡਿਸਟਰਿਕਟਸ ਜਾਂ "ਰਾਈਡਿੰਗਸ" ਕਿਹਾ ਜਾਂਦਾ ਹੈ,ਤੋਂ ਚੁਣੇ ਜਾਂਦੇ ਹਨ। ਕਨੇਡਾ ਰਾਈਡਿੰਗਸ (ਖੇਤਰਾਂ) ਵਿੱਚ ਵੰਡਿਆ ਹੋਇਆ ਹੈ, ਜਿਹੜੇ ਦੋਵੇਂ ਕੇਂਦਰੀ ਅਤੇ ਸੂਬਾਈ ਚੋਣਾਂ ਵਿੱਚ ਲਗਭਗ ਜਨਸੰਖਿਆ ਵਿੱਚ ਸਮਾਨ ਹਨ। ਫੇਰ ਵੀ ਕੇਂਦਰੀ ਅਤੇ ਸੂਬਾਈ ਰਾਈਡਿੰਗਸ ਵਿੱਚ ਵੱਖ ਵੱਖ ਭੂਗੋਲੀ ਖੇਤਰ ਸ਼ਾਮਿਲ ਹਨ।

ਰਾਜਨੀਤਕ ਪਾਰਟੀਆਂ ਚੋਣਾਂ ਦੇ ਦੌਰਾਨ ਵੱਖ-ਵੱਖ ਰਾਈਡਿੰਗਸ ਵਿੱਚ ਆਪਣੀ ਪ੍ਰਤੀਨਿੱਧਤਾ ਕਰਨ ਲਈ ਉਮੀਦਵਾਰ ਨਾਮਜ਼ਦ ਕਰਦੇ ਹਨ। ਇੱਕ ਰਾਜਨੀਤਕ ਪਾਰਟੀ ਦਾ ਹਰੇਕ ਰਾਈਡਿੰਗ ਲਈ ਸਿਰਫ ਇੱਕ ਪ੍ਰਤੀਨਿੱਧ ਹੋ ਸਕਦਾ ਹੈ। ਜਿਹੜੇ ਉਮੀਦਵਾਰ ਨੂੰ ਇੱਕ ਰਾਈਡਿੰਗ ਵਿੱਚ ਸਭ ਤੋਂ ਜ਼ਿਆਦਾ ਵੋਟਾਂ ਮਿਲਦੀਆਂ ਹਨ, ਉਹ ਅਸੰਬਲੀ ਵਿਚ ਉਸ ਰਾਈਡਿੰਗ ਦੇ ਨਾਗਰਿਕਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣਿਆ ਜਾਂਦਾ ਹੈ।

ਕੇਂਦਰੀ ਚੋਣਾਂ ਵਿੱਚ ਜਿਹੜਾ ਉਮੀਦਵਾਰ ਚੁਣਿਆ ਜਾਂਦਾ ਹੈ, ਉਸ ਨੂੰ ਮੈਂਬਰ ਆਫ ਪਾਰਲੀਮੈਂਟ ਜਾਂ ਐਮ.ਪੀ. ਕਿਹਾ ਜਾਂਦਾ ਹੈ। ਬ੍ਰਿਟਿਸ਼ ਕੁਲੰਬੀਆ ਦੀਆਂ ਚੋਣਾਂ ਵਿੱਚ ਜਿਹੜਾ ਵਿਅਕਤੀ ਚੁਣਿਆ ਜਾਂਦਾ ਹੈ, ਉਸ ਨੂੰ ਮੈਂਬਰ ਆਫ ਲੈਜਿਸਲੇਟਿਵ ਅਸੈਂਬਲੀ ਕਿਹਾ ਜਾਂਦਾ ਹੈ।

ਜਿਹੜੀ ਪਾਰਟੀ ਸਭ ਤੋਂ ਜ਼ਿਆਦਾ ਪ੍ਰਤੀਨਿੱਧ ਚੁਣਦੀ ਹੈ, ਉਹ ਸਰਕਾਰ ਬਣਦੀ ਹੈ ਅਤੇ ਇਸ ਪਾਰਟੀ ਦਾ ਨੇਤਾ ਪ੍ਰਧਾਨ ਮੰਤਰੀ (ਕੇਂਦਰੀ) ਜਾਂ ਪ੍ਰੀਮੀਅਰ (ਸੂਬਾਈ) ਬਣਦਾ ਹੈ। ਜਿਹੜੀ ਪਾਰਟੀ ਦੂਜੇ ਸਥਾਨ ਤੇ ਜ਼ਿਆਦਾ ਪ੍ਰਤੀਨਿੱਧ ਚੁਣਦੀ ਹੈ, ਉਸ ਨੂੰ ਆਫੀਸ਼ੀਅਲ ਅਪੋਜ਼ੀਸ਼ਨ ਕਿਹਾ ਜਾਂਦਾ ਹੈ।

# ਕੈਬਨਿਟ (ਮੰਤਰੀ ਮੰਡਲ) ਅਤੇ ਸਰਕਾਰੀ ਪ੍ਰਸ਼ਾਸਨ

ਪ੍ਰਧਾਨ ਮੰਤਰੀ (ਕੇਂਦਰੀ) ਜਾਂ ਪ੍ਰੀਮੀਅਰ (ਸੂਬਾਈ) ਸਰਕਾਰ ਬਣਾਉਣ ਵਾਲੀ ਰਾਜਨੀਤਕ ਪਾਰਟੀ ਵਿੱਚੋਂ ਚੁਣੇ ਗਏ ਪ੍ਰਤੀਨਿੱਧਾਂ ਦਾ ਇੱਕ ਛੋਟਾ ਸਮੂਹ ਚੁਣਦੇ ਹਨ। ਚੁਣੇ ਹੋਏ ਪ੍ਰਤੀਨਿੱਧਾਂ ਦੇ ਇਸ ਸਮੂਹ ਨੂੰ ਕੈਬਨਿਟ (ਮੰਤਰੀ ਮੰਡਲ) ਕਿਹਾ ਜਾਂਦਾ ਹੈ। ਇਸਦੇ ਮੈਂਬਰ **ਕਬਨਿਟ ਮੰਤਰੀ** ਕਹਾਉਂਦੇ ਹਨ ਅਤੇ ਉਹ ਸਭ ਤੋਂ ਜ਼ਿਆਦਾ ਸ਼ਕਤੀ ਵਾਲੇ ਸਰਕਾਰੀ ਅਧਿਕਾਰੀ ਹੁੰਦੇ ਹਨ।

ਸਰਕਾਰ ਅੱਗੇ ਵਿਭਾਗਾਂ (ਕੇਂਦਰੀ ਸਤਰ ਤੇ) ਜਾਂ ਮਨਿਸਟਰੀਆਂ (ਸੂਬਾਈ ਸਤਰ ਤੇ) ਵਿੱਚ ਵੰਡੀ ਹੁੰਦੀ ਹੈ। ਇੱਕ ਵਿਭਾਗ ਜਾਂ ਮਨਿਸਟਰੀ ਵਿੱਚ ਸਿਵਿਲ ਸਰਵਿਸ (ਸਰਕਾਰੀ ਮੁਲਾਜ਼ਮ) ਦਾ ਕੰਮ ਪਾਰਲੀਮੈਂਟ ਜਾਂ ਸੂਬਾਈ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਕਾਨੂੰਨਾਂ ਨੂੰ ਬਣਾਉਣ ਅਤੇ ਅਮਲ ਵਿੱਚ ਲਿਆਉਣ ਲਈ ਸਹਾਇਤਾ ਕਰਨਾ ਹੈ। ਇਹ ਕੰਮ ਕਰਨ ਵਾਲੇ ਸਰਕਾਰ ਲਈ ਨਵੇਂ ਕਾਨੂੰਨਾਂ ਅਤੇ ਪ੍ਰੋਗਰਾਮਾਂ ਨੂੰ ਤਿਆਰ ਕਰਨ ਵਿੱਚ ਬਹੁਤ ਮਹੱਤਵਪੂਰਣ ਹਨ।

ਹਰੇਕ ਵਿਭਾਗ ਅਤੇ ਮਨਿਸਟਰੀ ਦੀ ਅਗਵਾਈ ਇੱਕ ਮੰਤਰੀ ਵੱਲੋਂ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ, ਸਰਕਾਰੀ ਰੈਵਿਨਿਊ ਦੇ ਵਿਭਾਗ ਦੀ ਅਗਵਾਈ ਨੈਸ਼ਨਲ ਰੈਵਿਨਿਊ ਦੇ ਮੰਤਰੀ ਵੱਲੋਂ ਕੀਤੀ ਜਾਂਦੀ ਹੈ।

ਇੱਕ ਮੰਤਰੀ ਦੇ ਹੇਠਾਂ ਇੱਕ ਡਿਪਟੀ ਮੰਤਰੀ ਹੁੰਦਾ ਹੈ, ਜਿਹੜਾ ਅਣਚੁਣਿਆ ਹੋਇਆ ਬਿਊਰੋਕਰੈਟ (ਸਰਕਾਰ ਲਈ ਕੰਮ ਕਰਨ ਵਾਲਾ) ਹੁੰਦਾ ਹੈ ਅਤੇ ਮੰਤਰੀ ਮੰਡਲ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। ਡਿਪਟੀ ਮੰਤਰੀ ਡੀਪਾਰਟਮੈਂਟ ਜਾਂ ਮਨਿਸਟਰੀ ਵਿੱਚ ਵੱਡੇ ਰੁਤਬੇ ਦਾ, ਅਣਚੁਣਿਆ ਹੋਇਆ ਜਨਤਕ ਅਧਿਕਾਰੀ ਹੁੰਦਾ ਹੈ।

ਡਿਪਟੀ ਮੰਤਰੀ ਸਿਵਿਲ ਸਰਵਿਸ ਵਿੱਚ ਵੱਡੇ ਰੁਤਬੇ ਵਾਲੇ ਮੈਂਬਰ ਹਨ। ਉਹ ਸਰਕਾਰ ਵਿੱਚ ਬਹੁਤ ਸ਼ਕਤੀਸ਼ਾਲੀ ਵਿਅਕਤੀ ਹਨ। ਕੁੱਝ ਲੋਕ ਵਿਸ਼ਵਾਸ ਕਰਦੇ ਹਨ ਕਿ ਡਿਪਟੀ ਮੰਤਰੀਆਂ ਕੋਲ ਬਹੁਤ ਸਾਰੀ ਰਾਜਨੀਤਕ ਸ਼ਕਤੀ ਹੈ ਕਿਉਂਕਿ ਉਹ ਚੁਣੇ ਨਹੀਂ ਗਏ ਹਨ, ਅਤੇ ਇਸ ਕਾਰਨ ਉਹ ਨਾਗਰਿਕਾਂ ਅੱਗੇ ਸਿੱਧੇ ਤੌਰ ਤੇ ਜਵਾਬਦੇਹ ਨਹੀਂ ਹਨ।







## ਦੀ ਸੈਨਟ

ਕੇਂਦਰੀ (ਫੈਡਰਲ) ਸਰਕਾਰ ਵਿੱਚ ਸੈਨਟ ਮੈਂਬਰ ਚੁਣਨ ਦੀ ਬਜਾਏ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਂਦੇ ਹਨ। ਸਾਰੇ ਬਣਣ ਵਾਲੇ ਕੇਂਦਰੀ ਕਾਨੂੰਨ ਅਲੱਗ ਤੌਰ ਤੇ ਹਾਊਸ ਆਫ ਕਾਮਨਸ ਅਤੇ ਸੈਨਟ ਦੁਆਰਾ ਮੰਜ਼ੂਰ ਕੀਤੇ ਜਾਣੇ ਚਾਹੀਦੇ ਹਨ।

ਸਿਧਾਂਤਕ ਤੌਰ ਤੇ, ਸੈਨਟ ਬਣਣ ਵਾਲੇ ਨਵੇਂ ਕਾਨੂੰਨ ਇੱਕ ਨਿਰਪੱਖ ਨਿਰੀਖਣ ਕਰਨ ਲਈ ਬਣਾਈ ਗਈ ਸੀ। ਅਮਲੀ ਤੌਰ ਤੇ ਸੈਨਟ ਹਾਊਸ ਆਫ ਕਾਮਨਸ ਦੁਆਰਾ ਸੁਝਾਏ ਕਾਨੂੰਨ ਨੂੰ ਬਹੁਤ ਘੱਟ ਅਸਵੀਕਾਰ ਕਰਦੀ ਹੈ।

ਸੈਨਟ ਦੇ ਮੈਂਬਰ ਆਮ ਤੌਰ ਤੇ, ਉਹਨਾਂ ਦੇ ਇੱਕ ਰਾਜਨੀਤਕ ਪਾਰਟੀ ਨਾਲ ਸਬੰਧਾਂ ਦੇ ਕਾਰਨ ਨਿਯੁਕਤ ਕੀਤੇ ਜਾਂਦੇ ਹਨ। ਉਹ ਇੱਕ ਖਾਸ ਚੋਣ ਹਲਕੇ ਦੇ ਨਾਗਰਿਕਾਂ ਦੀ ਸਿੱਧੇ ਤੌਰ ਤੇ ਪ੍ਰਤੀਨਿੱਧਤਾ ਨਹੀਂ ਕਰਦੇ।

ਸੈਨਟ ਦੇ ਮੈਂਬਰ ਹੋਰ ਸਰਕਾਰੀ ਪ੍ਰਤੀਨਿੱਧਾਂ ਦੀ ਤਰ੍ਹਾਂ ਨਾਗਰਿਕਾਂ ਅੱਗੇ ਸਿੱਧੇ ਤੌਰ ਤੇ ਜਵਾਬਦੇਹ ਨਹੀਂ ਹਨ, ਤਾਂ ਹੀ ਬਹੁਤ ਸਾਰੇ ਲੋਕ ਸਮਝਦੇ ਹਨ ਕਿ ਸੈਨਟ ਲੋਕਤੰਤਰੀ ਨਹੀਂ ਹੈ ਅਤੇ ਇਸ ਨੂੰ ਬਦਲਣਾ ਜਾਂ ਖਤਮ ਕਰਨਾ ਚਾਹੀਦਾ ਹੈ।



## ਚੁਣੇ ਹੋਏ ਪ੍ਰਤੀਨਿਧਾਂ ਦੀਆਂ ਜ਼ਿੰਮੇਵਾਰੀਆਂ

ਚੁਣੇ ਹੋਏ ਪ੍ਰਤੀਨਿਧਾਂ ਦੇ ਦੋ ਮੁੱਢਲੇ ਕੰਮ ਹਨ: ਉਹ ਦੇਸ਼ ਜਾਂ ਸੂਬੇ ਦੇ ਸ਼ਾਸਨ ਵਿੱਚ ਭਾਗ ਲੈਂਦੇ ਹਨ ਅਤੇ ਉਹ ਆਪਣੇ ਹਲਕੇ ਦੇ ਵੋਟਰਾਂ ਦੇ ਹਿੱਤਾਂ ਦੀ ਪ੍ਰਤੀਨਿੱਧਤਾ ਕਰਦੇ ਹਨ।

ਐਮ.ਪੀ. ਅਤੇ ਐਮ.ਐਲ.ਏ ਆਪਣੇ ਹਲਕੇ ਦੇ ਸਾਰੇ ਲੋਕਾਂ ਦਾ ਪ੍ਰਤੀਨਿੱਧ ਕਰਨ ਲਈ ਜ਼ਿੰਮੇਵਾਰ ਹਨ, ਸਿਰਫ ਉਨ੍ਹਾਂ ਦੀ ਨਹੀਂ ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟ ਦਿੱਤਾ ਸੀ। ਇਹ ਲੋਕਤੰਤਰੀ ਸਰਕਾਰ ਵਿੱਚ ਚੁਣੇ ਹੋਏ ਅਧਿਕਾਰੀਆਂ ਦੀ ਬਹੁਤ ਮਹੱਤਵਪੂਰਨ ਜ਼ਿੰਮੇਵਾਰੀ ਹੈ।

ਐਮ.ਪੀਜ਼. ਅਤੇ ਐਮ.ਐਲ.ਏਜ਼. ਦਾ ਕੰਮ ਹੈ ਕਿ ਉਹ ਆਪਣੇ ਹਲਕੇ ਦੇ ਵਸਨੀਕਾਂ ਦੀ ਗੱਲ ਸੁਣਣ ਅਤੇ ਉਹਨਾਂ ਦੇ ਸਰੋਕਾਰ ਸਰਕਾਰ ਤੱਕ ਪਹੁੰਚਾਉਣ। ਜਿਹੜੇ ਐਮ.ਪੀ ਅਤੇ ਐਮ.ਐਲ.ਏ ਸ਼ਾਸਨ ਕਰਨ ਵਾਲੀ ਪਾਰਟੀ ਨਾਲ ਸਬੰਧਿਤ ਹੋਣ, ਸਰਕਾਰ ਦੇ ਕਾਨੂੰਨਾਂ ਅਤੇ ਨੀਤੀਆਂ ਤੇ ਸਿੱਧੇ ਤੌਰ ਤੇ ਜ਼ਿਆਦਾ ਅਸਰ ਪਾ ਸਕਦੇ ਹਨ।

ਐਮ.ਪੀ ਅਤੇ ਐਮ.ਐਲ.ਏ. ਤੋਂ ਆਸ ਕੀਤੀ ਜਾਂਦੀ ਹੈ ਕਿ ਨਾਗਰਿਕਾਂ ਦੀ ਉਹਨਾਂ ਮੁਸ਼ਕਲਾਂ ਵਿੱਚ ਮਦਦ ਕਰਨ ਜਿਹੜੀਆਂ ਉਹਨਾਂ ਨੂੰ ਸਰਕਾਰੀ ਏਜੰਸੀਆਂ ਨਾਲ ਵਿਹਾਰ ਕਰਦੇ ਸਮੇਂ ਆ ਸਕਦੀਆਂ ਹਨ।

ਐਮ.ਪੀ. ਅਤੇ ਐਮ.ਐਲ.ਏ. ਦੇ ਆਪਣੇ  ਚੋਣ-ਹਲਕੇ ਵਿੱਚ ਆਫਿਸ  ਹੁੰਦੇ ਹਨ। ਉਹਨਾਂ ਕੋਲ ਕੰਮ ਕਰਨ ਲਈ ਸਰਕਾਰੀ ਕਰਮਚਾਰੀ ਜਾਂ ਵਲੰਟੀਅਰ ਹੁੰਦੇ ਹਨ, ਜਿਹੜੇ ਨਾਗਰਿਕਾਂ ਅਤੇ ਸਰਕਾਰੀ ਏਜੰਸੀਆਂ ਵਿੱਚ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਨੂੰ ਸਮਝਦੇ ਹਨ। ਇਹ ਲੋਕ ਉਨ੍ਹਾਂ ਨਾਗਰਿਕਾਂ ਲਈ ਬਹੁਤ ਕੀਮਤੀ ਸ੍ਰੋਤ ਹਨ, ਜਿਨ੍ਹਾਂ ਨੂੰ ਮਦਦ ਦੀ ਲੋੜ ਹੈ ਜਾਂ ਜਿਹੜੇ ਲੋਕਤੰਤਰੀ ਜ਼ਿੰਦਗੀ ਵਿੱਚ ਭਾਗ ਲੈਣਾ ਚਾਹੁੰਦੇ ਹਨ। (ਅਧਿਆਇ 5 ਦੇਖੋ)





## ਕਾਨੂੰਨ ਬਨਾਉਣਾ

ਸਰਕਾਰ ਦੀ ਸਭ ਤੋਂ ਮਹੱਤਵਪੂਰਣ ਜ਼ਿੰਮੇਵਾਰੀ ਸਾਰੇ ਨਾਗਰਿਕਾਂ ਦੀ ਸੇਵਾ ਲਈ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਬਣਾਉਣਾ ਹੈ।

ਇੱਕ ਪ੍ਰਸਤਾਵਿਤ ਕਾਨੂੰਨ ਜਿਸਨੂੰ 'ਬਿੱਲ ਕਹਿੰਦੇ ਹਨ,ਅਸੰਬਲੀ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਚੁਣੇ ਹੋਏ ਪ੍ਰਤੀਨਿੱਧਾਂ ਦੁਆਰਾ ਉਸ ਲਈ ਵੋਟ ਪਾਈ ਜਾਂਦੀ ਹੈ। ਆਮਤੌਰ ਤੇ ਇੱਕ ਬਿੱਲ ਅਸੰਬਲੀ ਦੇ ਮੈਂਬਰਾਂ ਅੱਗੇ ਤਿੰਨ ਵਾਰ ਪੜ੍ਹਿਆ ਜਾਂਦਾ ਹੈ। ਇਹ ਸਾਰੇ ਮੈਂਬਰਾਂ ਨੂੰ ਕਾਨੂੰਨ ਦੀ ਦੁਬਾਰਾ ਪੜਤਾਲ ਕਰਨ ਅਤੇ ਇਸ ਬਾਰੇ ਪ੍ਰਸ਼ਨ ਪੁੱਛਣ ਦਾ ਮੌਕਾ ਦਿੰਦਾ ਹੈ। ਆਮ ਤੌਰ ਤੇ ਇੱਕ ਬਿਲ ਉੱਤੇ ਦੂਜੀ ਪੜ੍ਹਤ ਤੋਂ ਬਾਅਦ ਪੂਰੀ ਬਹਿਸ ਕੀਤੀ ਜਾਂਦੀ ਹੈ।

ਜੇਕਰ ਇੱਕ ਬਿੱਲ ਨੂੰ 50% ਤੋਂ ਵੱਧ ਵੋਟਾਂ ਮਿਲਦੀਆਂ ਹਨ ਤਾਂ ਉਹ ਕਾਨੂੰਨ ਬਣ ਜਾਂਦਾ ਹੈ।

ਕੇਂਦਰੀ ਸਤਰ ਤੇ ਇੱਕ ਬਿੱਲ ਹਾਊਸ ਆਫ ਕਾਮਨਸ ਅਤੇ ਸਨਟ ਦੋਵਾਂ ਵੱਲੋਂ ਪਾਸ ਹੋਣਾ ਚਾਹੀਦਾ ਹੈ। ਜ਼ਿਆਦਾਤਰ ਬਿੱਲ ਸ਼ਾਸਨ ਕਰਨ ਵਾਲੀ ਪਾਰਟੀ ਵੱਲੋਂ ਪੇਸ਼ ਕੀਤੇ ਜਾਂਦੇ ਹਨ। ਭਾਵੇਂ ਵਿਰੋਧੀ ਪਾਰਟੀ ਅਤੇ ਦੂਜੀ ਪਾਰਟੀਆਂ ਕੋਲ ਬਿੱਲਾਂ ਨੂੰ ਪੇਸ਼ ਕਰਨ ਦੇ ਕੁੱਝ ਸੀਮਿਤ ਮੌਕੇ ਹੁੰਦੇ ਹਨ।

ਚੁਣੇ ਹੋਏ ਪ੍ਰਤੀਨਿੱਧ ਲਗਭਗ ਹਮੇਸ਼ਾਂ ਹੀ ਆਪਣੀਆਂ ਰਾਜਨੀਤਕ ਪਾਰਟੀਆਂ ਦੇ ਮਿੱਥੇ ਪੈਂਤੜੇ ਅਨੁਸਾਰ ਬਿੱਲਾਂ ਨੂੰ ਵੋਟ ਪਾਉਂਦੇ ਹਨ। ਪਾਰਟੀਆਂ ਅਸੰਬਲੀ ਵਿੱਚ ਇੱਕ 'ਜਨਰਲ ਵੋਟ ਤੋਂ ਪਹਿਲਾਂ ਜਾਂ ਬਿੱਲ ਨੂੰ ਸਮਰਥਨ ਕਰਨ ਦਾ ਜਾਂ ਵਿਰੋਧ ਕਰਨ ਦਾ ਫੈਸਲਾ ਕਰਦੀਆਂ ਹਨ।

ਜਿੱਥੇ ਸਿਰਫ ਦੋ ਰਾਜਨੀਤਕ ਪਾਰਟੀਆਂ ਦੇ ਚੁਣੇ ਹੋਏ ਪ੍ਰਤੀਨਿੱਧ ਹੋਣ, ਉੱਥੇ ਸ਼ਾਸਨ ਕਰਨ ਵਾਲੀ ਪਾਰਟੀ ਸਫਲ ਹੋਵੇਗੀ ਕਿਉਂਕਿ ਸ਼ਾਸਨ ਕਰਨ ਵਾਲੀ ਪਾਰਟੀ ਕੋਲ ਵਿਰੋਧੀ ਪਾਰਟੀ ਨਾਲੋਂ ਜ਼ਿਆਦਾ ਵੋਟਾਂ ਹੁੰਦੀਆਂ ਹਨ।

ਉਸ ਸਮੇਂ ਹਾਲਾਤ ਹੋਰ ਗੁੰਝਲਦਾਰ ਬਣ ਜਾਂਦੇ ਹਨ ਜਦੋਂ ਤਿੰਨ ਜਾਂ ਜ਼ਿਆਦਾ ਪਾਰਟੀਆਂ ਦੇ ਨੁਮਾਂਇਦੇ ਅਸੰਬਲੀ ਲਈ ਚੁਣੇ ਗਏ ਹੋਣ।

ਜੇਕਰ ਬਹੁਮਤ ਦੀ ਸਰਕਾਰ ਹੈ ਤਾਂ ਸਥਿਤੀ ਉਸ ਤਰ੍ਹਾਂ ਦੀ ਹੋਵੇਗੀ ਜਦੋਂ ਸਿਰਫ ਦੋ ਪਾਰਟੀਆਂ ਹੁੰਦੀਆਂ ਹਨ। ਇੱਕ ਬਹੁਮਤ ਸਰਕਾਰ ਉਸ ਵੇਲੇ ਬਣਦੀ ਹੈ ਜਦੋਂ ਸ਼ਾਸਨ ਕਰਨ ਵਾਲੀ ਰਾਜਨੀਤਕ ਪਾਰਟੀ ਕੋਲ 50% ਤੋਂ ਜ਼ਿਆਦਾ ਚੁਣੇ ਹੋਏ ਪ੍ਰਤੀਨਿੱਧ ਹੁੰਦੇ ਹਨ।

ਪਰ ਜੇਕਰ ਘੱਟ-ਸੰਮਤੀ ਸਰਕਾਰ ਹੈ ਤਾਂ ਵਿਰੋਧੀ ਪਾਰਟੀਆਂ ਆਪਸ ਵਿੱਚ ਮਿਲ ਕੇ ਸਰਕਾਰ ਦੁਆਰਾ ਬਣਾਏ ਹੋਏ ਕਿਸੇ ਵੀ ਬਿਲ ਦੇ ਖਿਲਾਫ ਵੋਟ ਪਾ ਸਕਦੀਆਂ ਹਨ।

ਇੱਕ ਘੱਟ-ਸੰਮਤੀ ਸਰਕਾਰ ਉਸ ਵੇਲੇ ਬਣਦੀ ਹੈ ਜਦੋਂ ਸਰਕਾਰ ਕੋਲ ਸਾਰੇ ਚੁਣੇ ਹੋਏ ਪ੍ਰਤੀਨਿੱਧਾਂ ਵਿੱਚੋਂ 50% ਤੋਂ ਘੱਟ ਪ੍ਰਤੀਨਿੱਧ ਹੋਣ। ਕਨੇਡਾ ਦੀ ਰਾਜਨੀਤੀ ਘੱਟ-ਸੰਮਤੀ ਸਰਕਾਰਾਂ ਘੱਟ ਹੀ ਬਣਦੀਆਂ ਹਨ।

ਜੇਕਰ ਘੱਟ-ਸੰਮਤੀ ਸਰਕਾਰ ਵਿੱਚ ਹੈ ਤਾਂ ਸਰਕਾਰ ਚਲਾਉਣ ਵਾਲੀ ਪਾਰਟੀ ਅਸੈਂਬਲੀ ਵਿੱਚ ਵੋਟ ਤੋਂ ਪਹਿਲਾਂ ਵਿਰੋਧੀ ਪਾਰਟੀਆਂ ਵਿੱਚੋਂ ਕਿਸੇ ਇੱਕ ਦਾ ਬਿੱਲ ਲਈ ਸਮਰਥਨ ਹਾਸਿਲ ਕਰਨ ਦੀ ਕੋਸ਼ਿਸ਼ ਕਰਦੀ ਹੈ। ਜੇਕਰ ਉਹ ਇਸ ਤਰ੍ਹਾਂ ਨਹੀਂ ਕਰ ਸਕਦੀ ਤਾਂ ਸਰਕਾਰ ਆਮ ਤੌਰ ਤੇ ਬਿਲ ਨੂੰ ਪੇਸ਼ ਕਰਕੇ ਹਾਰਨ ਦਾ ਖਤਰਾ ਨਹੀਂ ਲੈਂਦੀ।

ਕੁੱਝ ਆਲੋਚਕਾਂ ਦਾ ਵਿਸ਼ਵਾਸ ਹੈ ਕਿ ਰਾਜਨੀਤਕ ਪਾਰਟੀ ਦੀ ਸਥਿਤੀ ਦੇ ਅਨੁਸਾਰ ਬਿੱਲਾਂ ਤੇ ਵੋਟ ਪਾਉਣੀ ਲੋਕਤੰਤਰੀ ਸਰਕਾਰ ਦੀ ਪਾਰਲੀਮੈਂਟਰੀ ਪ੍ਰਣਾਲੀ ਦੀ ਮੁੱਢਲੀ ਕਮਜ਼ੋਰੀ ਹੈ।

ਪਾਰਲੀਮੈਂਟਰੀ ਪ੍ਰਣਾਲੀ ਵਿੱਚ ਚੁਣੇ ਹੋਏ ਉਹ ਪ੍ਰਤੀਨਿੱਧ ਜਿਹੜੇ ਆਪਣੀ ਰਾਜਨੀਤਕ ਪਾਰਟੀ ਦੀ ਸਥਿਤੀ ਅਨੁਸਾਰ ਵੋਟ ਪਾਉਂਦੇ ਹਨ। ਇਹ ਗੱਲ ਉਸ ਅਸੂਲ ਦੇ ਉਲਟ ਜਾਂਦੀ ਹੈ ਜਿਸ ਅਨੁਸਾਰ ਚੁਣੇ ਗਏ ਪ੍ਰਤੀਨਿੱਧ ਆਪਣੇ ਹਲਕੇ ਦੇ ਨਾਗਰਿਕਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣੇ ਜਾਂਦੇ ਹਨ।

**ਫੇਰ ਵੀ** ਦੂਜੇ ਲੋਕਾਂ ਦਾ ਵਿਸ਼ਵਾਸ ਹੈ ਕਿ ਸਾਡੇ ਚੁਣੇ ਹੋਏ ਪ੍ਰਤੀਨਿੱਧਾਂ ਦੀ ਅਗਵਾਈ ਕਰਨ ਦੀ ਮਹੱਤਵਪੂਰਨ ਜ਼ਿੰਮੇਵਾਰੀ ਹੈ ਅਤੇ ਉਹਨਾਂ ਦੀ ਜ਼ਿੰਮੇਵਾਰੀ ਆਪਣੇ ਹਲਕੇ ਦੇ ਸਾਰੇ ਨਾਗਰਿਕਾਂ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਨਾ ਹੈ ਨਾਂ ਕਿ ਉਨ੍ਹਾਂ ਵਿਚੋਂ ਬਹੁਸੰਮਤੀ ਦੇ ਵਿਚਾਰਾਂ ਨੂੰ। ਇਸ ਦੇ ਨਾਲ ਹੀ ਚੁਣੇ ਹੋਏ ਪ੍ਰਤੀਨਿਧਾਂ ਦੀ ਜ਼ਿੰਮੇਵਾਰੀ ਸਾਰੇ ਦੇਸ਼ ਜਾਂ ਸੂਬੇ ਦੇ ਸਹੀ ਹਿੱਤਾਂ ਅਨੁਸਾਰ ਰਾਜ ਕਰਨਾ ਹੈ।

ਬਹੁਤ ਘੱਟ ਮੌਕਿਆਂ ਸਮੇਂ ਆਜ਼ਾਦ ਵੋਟ ਪਾਈ ਜਾਂਦੀ ਹੈ। ਆਜ਼ਾਦ ਵੋਟ ਸਮੇਂ ਚੁਣੇ ਹੋਏ ਪ੍ਰਤੀਨਿੱਧ ਬਿੱਲ ਤੇ ਰਾਜਨੀਤਕ ਪਾਰਟੀ ਦੀ ਸਥਿਤੀ ਦੀ ਬਜਾਏ ਆਪਣੇ ਹਲਕੇ ਦੇ ਵੋਟਰਾਂ ਦੀਆਂ ਇੱਛਾਵਾਂ ਜਾਂ ਆਪਣੇ ਨਿੱਜੀ ਵਿਸ਼ਵਾਸਾਂ ਅਨੁਸਾਰ ਵੋਟ ਪਾਉਂਦੇ ਹਨ।

1980 ਦੇ ਸ਼ੁਰੂ ਵਿਚ ਕੇਂਦਰੀ ਸਰਕਾਰ ਵੱਲੋਂ ਗੰਭੀਰ ਜੁਰਮਾਂ ਲਈ ਮੌਤ ਦੀ ਸਜ਼ਾ ਨੂੰ ਬਹਾਲ ਕਰਨ ਦਾ ਪ੍ਰਸਤਾਵ ਪੇਸ਼ ਕੀਤਾ। ਆਜ਼ਾਦ ਵੋਟ ਇੱਕ ਮਹੱਤਵਪੂਰਣ ਉਦਾਹਰਣ ਸੀ। ਸਾਰੀਆਂ ਪਾਰਟੀਆਂ ਦੇ ਜ਼ਿਆਦਾਤਰ ਐਮ.ਪੀਜ਼. ਨੇ ਇਸ ਬਿਲ ਦੇ ਖਿਲਾਫ ਵੋਟ ਦਿੱਤੀ।





## ਕਾਨੂੰਨ ਬਨਾਉਣ ਵਿੱਚ ਨਾਗਰਿਕਾਂ ਦਾ ਭਾਗ

ਅਜੇ ਤੱਕ ਅਸੀਂ ਸਿਰਫ ਇਹ ਦੱਸਿਆ ਹੈ ਕਿ ਰਾਜਨੀਤਿੱਗ ਕਿਵੇਂ ਕਾਨੂੰਨ ਬਣਾਉਂਦੇ ਹਨ। ਪਰ ਕਨੇਡਾ ਦੇ ਨਾਗਰਿਕ ਹੋਣ ਦੇ ਨਾਤੇ ਲੋਕਤੰਤਰੀ ਜ਼ਿੰਦਗੀ ਵਿੱਚ ਭਾਗ ਲੈਣ, ਕਾਨੂੰਨ ਬਣਾਉਣ ਸਮੇਤ, ਦੇ ਤੁਹਾਡੇ ਹੱਕ ਅਤੇ ਜ਼ਿੰਮੇਵਾਰੀ ਬਾਰੇ ਕੁੱਝ ਨਹੀਂ ਕਿਹਾ ਗਿਆ ਹੈ। ਕਾਨੂੰਨ ਬਨਾਉਣ ਵਿੱਚ ਸ਼ਾਮਿਲ ਹੋਣ ਲਈ ਤੁਹਾਡੇ ਕੋਲ ਕਿਸ ਤਰ੍ਹਾਂ ਦੇ ਮੌਕੇ ਹਨ?

ਕੇਂਦਰੀ ਰਾਜਨੀਤਕ ਪ੍ਰਣਾਲੀ ਵਿੱਚ ਨਾਗਰਿਕਾਂ ਕੋਲ ਕਈ ਵਾਰੀ ਇੱਕ ਪ੍ਰਸਤਾਵਿਤ ਬਿਲ ਤੇ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਹੁੰਦਾ ਹੈ। ਇੱਕ ਬਿੱਲ ਦੀ ਦੂਜੀ ਪੜ੍ਹਤ ਬਾਅਦ ਇਸਨੂੰ ਹੋਰ ਧਿਆਨ ਨਾਲ ਪੜਚੋਲਣ ਅਤੇ ਬਹਿਸ ਲਈ ਐਮ.ਪੀਜ਼. ਦੀ ਇੱਕ ਖਾਸ ਕਮੇਟੀ ਨੂੰ ਭੇਜਿਆ ਜਾ ਸਕਦਾ ਹੈ।

ਪਾਰਲੀਮੈਂਟਰੀ ਸਟੈਂਡਿੰਗ ਕਮੇਟੀ ਜਨਤਾ ਨੂੰ ਨਵੇਂ ਬਿੱਲ ਬਾਰੇ ਵਿਚਾਰ ਦੇਣ ਲਈ ਬੁਲਾ ਸਕਦੀ ਹੈ। ਇਹ ਪ੍ਰਕ੍ਰਿਆ ਨਾਗਰਿਕਾਂ ਅਤੇ ਉਹਨਾਂ ਦੇ ਸਮੂਹਾਂ ਨੂੰ ਬਿੱਲ ਦੇ ਕਾਨੂੰਨ ਬਣਣ ਤੋਂ ਪਹਿਲਾਂ ਇਸ ਵਿੱਚ ਤਬਦੀਲੀਆਂ ਲਈ ਸੁਝਾਅ ਦੇਣ ਦਾ ਮੌਕਾ ਦਿੰਦੀ ਹੈ।

ਆਪਣਾ ਕੰਮ ਖਤਮ ਹੋਣ ਤੋਂ ਬਾਅਦ ਸਟੈਂਡਿੰਗ ਕਮੇਟੀ ਸਰਕਾਰ ਨੂੰ ਬਿੱਲ ਦੇ ਕੁੱਝ ਭਾਗ ਬਦਲਣ ਲਈ ਸੁਝਾਉ ਪੇਸ਼ ਕਰਦੀ ਹੈ। ਸਰਕਾਰ ਇਹਨਾਂ ਸਾਰੇ ਸੁਝਾਵਾਂ ਜਾਂ ਇਹਨਾਂ ਵਿਚੋਂ ਕੁੱਝ ਸੁਝਾਵਾਂ ਨੂੰ ਸਵੀਕਾਰ ਵੀ ਕਰ ਸਕਦੀ ਹੈ ਅਤੇ ਨਹੀਂ ਵੀ। ਦੁਰਭਾਗ ਨਾਲ ਸੂਬਾਈ ਸਰਕਾਰਾਂ ਕੇਂਦਰੀ ਸਰਕਾਰ ਦੇ ਮੁਕਾਬਲੇ ਵਿਧਾਨ ਸਭਾ ਦੀਆਂ ਕਮੇਟੀਆਂ ਦੀ ਬਹੁਤ ਘੱਟ ਵਰਤੋਂ ਕਰਦੀਆਂ ਹਨ।

ਭਾਵੇਂ ਕੋਈ ਬਿੱਲ ਸਟੈਂਡਿੰਗ ਕਮੇਟੀ ਕੋਲ ਨਹੀਂ ਵੀ ਜਾਂਦਾ, ਨਾਗਰਿਕ ਚੁਣੇ ਹੋਏ ਪ੍ਰਤੀਨਿੱਧਾਂ ਨੂੰ ਸੰਪਰਕ ਕਰ ਸਕਦੇ ਹਨ ਅਤੇ ਦੱਸ ਸਕਦੇ ਹੋ ਕਿ ਉਹ ਇਸ ਬਾਰੇ ਕੀ ਸੋਚਦੇ ਹਨ।

ਨਾਗਰਿਕਾਂ ਕੋਲ ਕਾਨੂੰਨ ਨੂੰ ਪ੍ਰਭਾਵਿਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਰਸਤਾ ਹੈ ਬਿੱਲ ਪੇਸ਼ ਹੋਣ ਤੋਂ ਪਹਿਲਾਂ ਸਰਕਾਰ ਕੋਲ ਉਸ ਬਾਰੇ ਲਾਬੀ ਕਰਨਾ ਹੈ। ਲੋਬਇੰਗ ਕਾਨੂੰਨ ਨੂੰ ਬਦਲਣ ਦੀ ਜ਼ਰੂਰਤ ਬਾਰੇ ਸਰਕਾਰ ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਦੀ ਪ੍ਰਕ੍ਰਿਆ ਹੈ।

ਅਸੀਂ ਨਾਗਰਿਕਾਂ ਦੇ ਕਾਨੂੰਨ ਬਨਾਉਣ ਵਿੱਚ ਸ਼ਾਮਿਲ ਹੋਣ ਦੇ ਮੌਕਿਆਂ ਬਾਰੇ ਹੋਰ ਵਿਸਤਾਰ ਨਾਲ ਅਧਿਆਏ 5 ਵਿੱਚ ਗੱਲ ਕਰਾਂਗੇ।

## ਸਿੱਧਾ ਲੋਕਤੰਤਰ

ਪ੍ਰਤੀਨਿੱਧ ਸਰਕਾਰ, ਸਰਕਾਰ ਦੀ ਅਜਿਹੀ ਪ੍ਰਣਾਲੀ ਹੈ ਜਿਸ ਵਿੱਚ ਨਾਗਰਿਕ ਸਰਕਾਰ ਵਿੱਚ ਕਿਸੇ ਦੂਜੇ ਨੂੰ ਆਪਣੇ ਹਿੱਤਾਂ ਦੀ ਪ੍ਰਤੀਨਿੱਧਤਾ ਕਰਨ ਲਈ ਚੁਣਦੇ ਹਨ। ਕੁੱਝ ਲੋਕ ਵਿਸ਼ਵਾਸ ਕਰਦੇ ਹਨ ਕਿ ਇਹ ਪ੍ਰਕ੍ਰਿਆ ਸੰਪੂਰਣ ਨਹੀਂ ਹੈ ਕਿਉਂਕਿ ਇਸ ਅਧੀਨ ਆਮ ਨਾਗਰਿਕਾਂ ਲਈ ਸਰਕਾਰੀ ਮਸਲਿਆਂ ਤੇ ਪ੍ਰਭਾਵ ਪਾਉਣਾ ਬਹੁਤ ਮੁਸ਼ਕਿਲ ਹੈ।

ਉਦਾਹਰਣ ਦੇ ਲਈ ਭਾਵੇਂ ਚੋਣਾਂ ਵਿੱਚ ਚੁਣੇ ਹੋਏ ਪ੍ਰਤੀਨਿੱਧ ਸਿੱਧੇ ਤੌਰ ਤੇ ਨਾਗਰਿਕਾਂ ਅੱਗੇ ਜਵਾਬਦੇਹ ਹਨ, ਪਰ ਕੇਂਦਰੀ ਅਤੇ ਰਾਜ ਦੀਆਂ ਚੋਣਾਂ ਲਗਭਗ ਹਰ ਚਾਰ ਸਾਲ ਬਾਅਦ ਹੁੰਦੀਆਂ ਹਨ।

ਕੁੱਝ ਲੋਕ ਵਿਸ਼ਵਾਸ ਕਰਦੇ ਹਨ ਕਿ ਚੋਣਾਂ ਇੱਕ ਲੋਕਤੰਤਰ ਵਿੱਚ ਯੋਗ ਜਵਾਬਦੇਹੀ ਪ੍ਰਦਾਨ ਨਹੀਂ ਕਰਦੀਆਂ ਕਿਉਂਕਿ ਚੁਣੇ ਹੋਏ ਮੈਂਬਰ ਚੋਣਾਂ ਵਿਚਕਾਰ ਨਾਗਰਿਕਾਂ ਦੀਆਂ ਜ਼ਰੂਰਤਾਂ ਅਤੇ ਹਿੱਤਾਂ ਦੀ ਅਣਗੌਲਿਆਂ ਕਰ ਸਕਦੇ ਹਨ।

ਇਸ ਆਲੋਚਨਾ ਕਾਰਨ, ਸਿੱਧੀ ਜਵਾਬਦੇਹੀ ਜਾਂ ਸਿੱਧੇ ਲੋਕਤੰਤਰ ਦੇ ਲਈ ਨਵੇਂ ਢੰਗ ਹੁਣ ਸਰਕਾਰ ਦੀ ਸੂਬਾਈ ਪ੍ਰਣਾਲੀ ਦਾ ਭਾਗ ਬਣ ਚੁੱਕੇ ਹਨ। ਇਹਨਾਂ ਢੰਗਾਂ ਵਿੱਚ ਰੀਕਾਲ-(ਚੋਣ ਰੱਦ ਕਰਨੀ) ਜਾਂ ਇਨੀਸ਼ਿਏਟਿਵ ਸ਼ਾਮਿਲ ਹੈ।

ਰੀਕਾਲ ਉਹਨਾਂ ਨਾਗਰਿਕਾਂ, ਜਿਹੜੇ ਆਪਣੇ ਚੁਣੇ ਹੋਏ ਪ੍ਰਤੀਨਿੱਧਾਂ ਤੋਂ ਖੁਸ਼ ਨਹੀਂ ਹਨ, ਨੂੰ ਆਮ ਚੋਣਾਂ ਤੋਂ ਪਹਿਲਾਂ ਪ੍ਰਤੀਨਿੱਧ ਨੂੰ ਬਦਲਣ ਦੀ ਆਗਿਆ ਦਿੰਦੀ ਹੈ।

ਇਨੀਸ਼ਿਏਟਿਵ ਨਾਗਰਿਕਾਂ ਨੂੰ ਚੁਣੇ ਹੋਏ ਪ੍ਰਤੀਨਿਧਾਂ ਨੂੰ ਇੱਕ ਬਿੱਲ ਤੇ ਵੋਟ ਪਾਉਣ ਦੀ ਬਜਾਏ ਸਿੱਧੇ ਤੌਰ ਤੇ ਕਾਨੂੰਨ ਬਣਾਉਣ ਦੀ ਆਗਿਆ ਦਿੰਦਾ ਹੈ। ਨਾਗਰਿਕ ਇੱਕ ਰੈਫਰੈਂਡਮ (ਲੋਕਮੱਤ) ਪ੍ਰਸਤਾਵਿਤ ਬਿੱਲ ਜਾਂ ਇੱਕ ਮਸਲੇ ਤੇ ਸਿੱਧੇ ਤੌਰ ਤੇ ਵੋਟ ਪਾਉਂਦੇ ਹਨ।

ਉਦਾਹਰਣ ਦੇ ਤੌਰ ਤੇ ਬ੍ਰਿਟਿਸ਼ ਕੁਲੰਬੀਆ ਅਨੁਸਾਰ ਇਹ ਜ਼ਰੂਰੀ ਹੈ ਕਿ ਰੀਕਾਲ ਜਾਂ ਇਨੀਸ਼ਿਏਟਿਵ ਦੀ ਵਰਤੋਂ ਕਰਨ ਤੋਂ ਪਹਿਲਾਂ ਹੋਰ ਬਹੁਤ ਸਾਰੇ ਨਾਗਰਿਕਾਂ ਦੀ ਸਹਿਮਤੀ ਲੈਣੀ ਚਾਹੀਦੀ ਹੈ। ਇਹ ਕਰਨ ਲਈ (ਸਹਿਮਤੀ ਲੈਣ ਲਈ) ਉਹ ਨਾਗਰਿਕਾਂ ਤੋਂ ਇਕ ਅਪੀਲ ਤੇ ਦਸਤਖਤ ਕਰਵਾਉਂਦੇ ਹਨ ਕਾਨੂੰਨ ਬਹੁਤ ਸਾਰੀਆਂ ਸ਼ਰਤਾਂ ਰੱਖਦਾ ਹੈ ਜਿਹੜੀਆਂ ਰੀਕਾਲ ਜਾਂ ਇਨੀਸ਼ਿਏਟਿਵ ਢੰਗਾਂ ਦੀ ਸਫਲਤਾ ਤੋਂ ਪਹਿਲਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ। ਇਹ ਸ਼ਰਤਾਂ ਸਾਡੀ ਵਰਤਮਾਨ ਪ੍ਰਤੀਨਿਧਾਂ ਦੀ ਸਰਕਾਰ ਦੀ ਪ੍ਰਣਾਲੀ ਅਤੇ ਸਿੱਧੇ ਲੋਕਤੰਤਰ ਜਿਸ ਵਿੱਚ ਨਾਗਰਿਕ ਦੇਸ਼ ਦੇ ਕਾਨੂੰਨਾਂ ਦਾ ਸਿੱਧੇ ਤੌਰ ਤੇ ਫੈਸਲਾ ਕਰਦੇ ਹਨ, ਵਿੱਚਕਾਰ ਸੰਤੁਲਨ ਕਾਇਮ ਰੱਖਣ ਦੀ ਕੋਸ਼ਿਸ਼ ਕਰਦੀਆਂ ਹਨ।





ਸਾਡੀ ਸਰਕਾਰੀ ਪ੍ਰਣਾਲੀ ਬਾਰੇ ਹੋਰ ਵੀ ਬਹੁਤ ਸਾਰੀਆਂ ਆਲੋਚਨਾਵਾਂ ਹਨ। ਕੁੱਝ ਲੋਕ ਸੋਚਦੇ ਹਨ ਕਿ ਸਾਡੀ ਲੋਕਤੰਤਰੀ ਸਰਕਾਰ ਵੋਟ ਪਾਉਣ ਵਾਲਿਆਂ ਦੀਆਂ ਇੱਛਾਵਾਂ ਦੀ ਸਹੀ ਤਰਜਮਾਨੀ ਨਹੀਂ ਕਰਦੀ।

ਉਦਾਹਰਣ ਦੇ ਤੌਰ ਤੇ ਬ੍ਰਿਟਿਸ਼ ਕੁਲੰਬੀਆ ਵਿਚ 1996 ਦੀਆਂ ਚੋਣਾਂ ਵਿੱਚ ਨਿਊ ਡੈਮੋਕਰੇਟਿਕ ਪਾਰਟੀ ਨੂੰ ਨਾਗਰਿਕਾਂ ਦੀਆਂ ਸਿਰਫ 39.5% ਵੋਟਾਂ ਮਿਲੀਆਂ। ਫਿਰ ਵੀ ਐਨ.ਡੀ.ਪੀ. ਦੇ ਉਮੀਦਵਾਰ 52% ਚੁਣੇ ਗਏ ਸਨ ਅਤੇ ਉਸਨੇ ਸਰਕਾਰ ਬਣਾਈ। ਇਸਦੇ ਉਲਟ, ਲਿਬਰਲ ਪਾਰਟੀ ਨੂੰ ਕੁੱਲ ਵੋਟਾਂ ਵਿਚੋਂ 42% ਅਤੇ ਅਸੰਬਲੀ ਦੀਆਂ 44% ਵੋਟਾਂ ਮਿਲੀਆਂ ਅਤੇ ਲਿਬਰਲ ਪਾਰਟੀ ਵਿਰੋਧੀ ਦਲ ਬਣ ਗਈ।

ਸੰਨ 1997 ਦੀਆਂ ਕੇਂਦਰੀ ਚੋਣਾਂ ਵਿੱਚ ਕਨੇਡਾ ਦੇ 38% ਨਾਗਰਿਕਾਂ ਨੇ ਲਿਬਰਲ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਪਾਈ, ਫਿਰ ਵੀ ਚੁਣੇ ਹੋਏ ਪ੍ਰਤੀਨਿੱਧਾਂ ਵਿੱਚੋਂ 51% ਲਿਬਰਲ ਸੀ। ਇਸ ਦੇ ਉਲਟ, 20% ਕਨੇਡਾ ਦੇ ਨਾਗਰਿਕਾਂ ਨੇ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਵੋਟ ਪਾਈ, ਪਰ ਸਾਡੀ ਕੇਂਦਰੀ ਪਾਰਲੀਮੈਂਟ ਵਿੱਚ ਇਸ ਪਾਰਟੀ ਦੇ ਸਿਰਫ 7% ਪ੍ਰਤੀਨਿੱਧ ਹਨ।

ਇਹ ਉਦਾਹਰਣਾਂ ਉਹਨਾਂ ਆਲੋਚਲਕਾਂ ਲਈ ਬਾਰੂਦ ਦਾ ਕੰਮ ਕਰਦੀਆਂ ਹਨ, ਜਿਹੜੇ ਕਹਿੰਦੇ ਹਨ ਕਿ ਸਾਡੀ ਸਰਕਾਰ ਦੀ ਵਰਤਮਾਨ ਪ੍ਰਣਾਲੀ ਨਿਆਂ-ਪੂਰਣ ਢੰਗ ਨਾਲ ਰਾਜਨੀਤਕ ਸ਼ਕਤੀ ਨੂੰ ਸਾਂਝਿਆਂ ਨਹੀਂ ਕਰਦੀ। ਕੁੱਝ ਲੋਕ ਕਹਿੰਦੇ ਹਨ ਕਿ ਸਾਨੂੰ ਆਪਣੀ ਸਰਕਾਰੀ ਪ੍ਰਣਾਲੀ ਨੂੰ ਸੁਧਾਰਨਾ ਚਾਹੀਦਾ ਹੈ ਤਾਂ ਕਿ ਇਹ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਲਈ ਨਾਗਰਿਕਾਂ ਦੇ ਸਮਰਥਨ ਨੂੰ ਹੋਰ ਚੰਗੀ ਤਰ੍ਹਾਂ ਪ੍ਰਗਟ ਕਰ ਸਕੇ।

## ਸਥਾਨਕ ਸਰਕਾਰਾਂ

ਸੰਵਿਧਾਨ ਸੂਬਾਈ ਸਰਕਾਰਾਂ ਨੂੰ ਸੂਬੇ ਵਿੱਚ ਸਥਾਨਕ ਮਸਲਿਆਂ ਦੇ ਬਾਰੇ ਕਾਨੂੰਨ ਬਨਾਉਣ ਦਾ ਅਧਿਕਾਰ ਦਿੰਦਾ ਹੈ। ਉਨ੍ਹਾਂ ਮਸਲਿਆਂ ਜਿਨ੍ਹਾਂ ਦਾ ਇੱਕ ਸ਼ਹਿਰ ਜਾਂ ਕਸਬੇ ਦੇ ਰਹਿਣ ਵਾਲੇ ਲੋਕਾਂ ਤੇ ਪ੍ਰਭਾਵ ਪੈਂਦਾ ਹੈ ਬਾਰੇ ਉਪ-ਕਾਨੂੰਨ ਬਣਾਉਣ ਲਈ ਸੂਬੇ ਆਪਣੇ ਕੁੱਝ ਅਧਿਕਾਰ ਸਥਾਨਕ ਸਰਕਾਰਾਂ - ਜਿਵੇਂ ਕਿ ਸਿਟੀ ਕਾਉਂਸਲ, ਪਾਰਕਸ ਬੋਰਡ ਅਤੇ ਸਕੂਲ ਬੋਰਡ ਨੂੰ ਦਿੰਦੇ ਹਨ।

ਕੁੱਝ ਸੂਬਿਆਂ ਨੇ ਸਰਕਾਰ ਦਾ ਇਕ ਹੋਰ ਸਤਰ ਬਣਾਇਆ ਹੈ। ਇਲਾਕਾਈ ਸਰਕਾਰਾਂ (ਰੀਜਨਲ ਗਵਰਨਮੈਂਟਸ) ਇਲਾਕੇ ਦੀਆਂ ਜ਼ਰੂਰਤਾਂ ਨਾਲ ਨਿਪਟਣ ਲਈ ਸੂਬਾਈ ਸਰਕਾਰ ਅਤੇ ਨਗਰ-ਪਾਲਿਕਾਵਾਂ (ਮਿਉਂਸਪਲ ਸਰਕਾਰਾਂ) ਵਿਚਕਾਰ ਆਉਂਦੀਆਂ ਹਨ।

ਇਲਾਕਾਈ ਸਰਕਾਰਾਂ ਕੋਲ ਸੀਮਿਤ ਅਧਿਕਾਰ ਹਨ, ਆਮ ਤੌਰ ਤੇ ਵੱਡੇ ਸ਼ਹਿਰੀ ਖੇਤਰਾਂ ਦੀ ਵਿਉਂਤਬੰਦੀ ਸਬੰਧੀ ਤਾਲਮੇਲ ਰੱਖਣ ਲਈ।

ਉਦਾਹਰਣ ਲਈ, ਗਰੇਟਰ ਵੈਨਕੂਵਰ ਰੀਜਨਲ ਡਿਸਟ੍ਰਿਕਟ , ਬੀ.ਸੀ. ਦੇ ਲੋਅਰ ਮੇਨਲੈਂਡ ਵਿੱਚ ਬਹੁਤ ਸਾਰੀਆਂ ਨਗਰ-ਪਾਲਿਕਾਵਾਂ ਦੀ ਵਿਉਂਤਬੰਦੀ ਦਾ ਤਾਲਮੇਲ ਰੱਖਦਾ ਹੈ। ਦੂਸਰੇ ਰੀਜਨਲ ਡਿਸਟ੍ਰਿਕਟ ਪੇਂਡੂ ਖੇਤਰਾਂ ਵਿੱਚ ਬਹੁਤ ਛੋਟੇ ਕਸਬਿਆਂ ਲਈ ਸਥਾਨਕ ਸਰਕਾਰ ਪ੍ਰਦਾਨ ਕਰਦੇ ਹਨ।

ਸਥਾਨਕ ਸਰਕਾਰਾਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਤੋਂ ਕਈ ਮਹੱਤਵਪੂਰਣ ਢੰਗਾਂ ਨਾਲ ਵੱਖਰੀਆਂ ਹੋ ਸਕਦੀਆਂ ਹਨ।



ਵੈਨਕੂਵਰ ਸਿਟੀ ਕਾਂਉਸਲ ਮਈ 1997 ਦੇ ਸੈਸ਼ਨ ਵਿਚ





- ❑ ਪ੍ਰਤੀਨਿੱਧ ਸਮੁੱਚੇ ਗ੍ਰੁਪ ਵੀ ਚੁਣੇ ਜਾ ਸਕਦੇ ਹਨ, ਜਿਵੇ ਕਿ ਵੈਨਕੂਵਰ ਵਿੱਚ ਹੁੰਦੇ ਹਨ।

ਇਸਦਾ ਮਤਲਬ ਹੈ ਕਿ ਜੇਕਰ ਚੋਣਾਂ ਲਈ 10 ਸਥਾਨ ਹਨ, ਤਾਂ ਜਿਹੜੇ 10 ਉਮੀਦਵਾਰ ਸ਼ਹਿਰ ਜਾਂ ਕਸਬੇ ਦੀਆਂ ਸਭ ਤੋਂ ਜ਼ਿਆਦਾ ਵੋਟਾਂ ਪ੍ਰਾਪਤ ਕਰਨਗੇ, ਉਹ ਚੁਣੇ ਜਾਣਗੇ। ਫੇਰ ਵੀ ਬਹੁਤ ਸਾਰੇ ਵੱਡੇ ਸ਼ਹਿਰਾਂ ਜਿਵੇਂ ਕਿ ਟਰਾਂਟੋ ਜਾਂ ਐਡਮੰਟਨ ਵਿੱਚ ਵਾਰਡ (ਹਲਕੇ) ਦਾ ਪ੍ਰਬੰਧ ਹੈ। ਵਾਰਡ (ਸੂਬਾਈ ਜਾਂ ਕੇਂਦਰੀ ਚੋਣ ਹਲਕਿਆਂ) ਵਰਗੇ ਹੁੰਦੇ ਹਨ। ਇੱਕ ਵਾਰਡ ਵਿੱਚ ਉਮੀਦਵਾਰ ਉਸ ਤਰ੍ਹਾਂ ਹੀ ਚੋਣਾਂ ਲੜਦੇ ਹਨ, ਜਿਵੇਂ ਕਿ ਕੇਂਦਰੀ ਜਾਂ ਸੂਬੇ ਦੀਆਂ ਰਾਈਡਿੰਗਜ਼ ਦੀਆਂ ਚੋਣਾਂ ਵਿੱਚ ।

- ❑ ਰਾਜਨੀਤੀ ਪਾਰਟੀਆਂ ਦੇ ਨਾਲ ਮੈਂਬਰਸ਼ਿਪ ਜਾਂ ਸਬੰਧ ਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ।

ਭਾਵੇਂ ਪ੍ਰਤੀਨਿੱਧ ਸਥਾਨਕ ਰਾਜਨੀਤਕ ਪਾਰਟੀਆਂ ਨਾਲ ਸਬੰਧਿਤ ਹੋ ਸਕਦੇ ਹਨ, ਪਰ ਉਹ ਕੇਂਦਰੀ ਜਾਂ ਸੂਬੇ ਦੀ ਸਰਕਾਰ ਦੇ ਚੁਣੇ ਹੋਏ ਪ੍ਰਤੀਨਿਧਾਂ ਦੀ ਤਰ੍ਹਾਂ ਪਾਰਟੀ ਦੀ ਸਥਿਤੀ ਦੇ ਅਨੁਸਾਰ ਪ੍ਰਸਤਾਵਿਤ ਉਪ-ਕਾਨੂੰਨਾਂ ਤੇ ਵੋਟ ਨਹੀਂ ਪਾਉਂਦੇ।

- ❑ ਵੱਖ-ਵੱਖ ਵਿਭਾਗਾਂ ਜਾਂ ਮਨਿਸਟਰੀਜ਼ ਦੀ ਜ਼ਿੰਮੇਵਾਰੀ ਲਈ ਕੋਈ ਮੈਂਬਰਾਂ ਦਾ ਮੰਤਰੀਮੰਡਲ ਨਹੀਂ ਹੈ।

ਸਭਾ ਦੇ ਸਾਰੇ ਮੈਂਬਰ ਬਰਾਬਰ ਮਹੱਤਤਾ ਰੱਖਦੇ ਹਨ ਅਤੇ ਉਹਨਾਂ ਵਿਚੋਂ ਬਹੁਤੇ ਮੈਂਬਰ ਪੈਸੇ, ਪ੍ਰਸ਼ਾਸਨ ਜਾਂ ਯੋਜਨਾਬੰਦੀ ਨਾਲ ਸਬੰਧਿਤ ਕਮੇਟੀਆਂ ਨਾਲ ਸਬੰਧ ਰੱਖਦੇ ਹਨ।

- ❑ ਸਰਕਾਰ ਦਾ ਮੁਖੀ ਅਲੱਗ ਤਰ੍ਹਾਂ ਨਾਲ ਚੁਣਿਆ ਜਾਂਦਾ ਹੈ।

ਨਗਰ-ਪਾਲਿਕਾ ਕਮੇਟੀ ਲਈ, ਮੇਅਰ ਆਮਤੌਰ ਤੇ ਹੋਰ ਪ੍ਰਤੀਨਿੱਧਾਂ ਨਾਲੋਂ ਅਲੱਗ ਚੁਣਿਆ ਜਾਂਦਾ ਹੈ। ਸਕੂਲ ਅਤੇ ਪਾਰਕ ਬੋਰਡ ਲਈ ਬੋਰਡ ਦੇ ਮੈਂਬਰ ਆਮਤੌਰ ਤੇ ਆਪਣਾ ਪ੍ਰਧਾਨ ਚੁਣਦੇ ਹਨ। ਮੀਟਿੰਗਾਂ ਦੀ ਵਿਵਸਥਾ ਅਤੇ ਪ੍ਰਧਾਨਗੀ ਕਰਨ ਦੀ ਜ਼ਿੰਮੇਵਾਰੀ ਪ੍ਰਧਾਨ ਦੀ ਹੁੰਦੀ ਹੈ।

- ❑ ਚੁਣੇ ਹੋਏ ਪ੍ਰਤੀਨਿੱਧਾਂ ਦੁਆਰਾ ਪੇਸ਼ ਕੀਤੇ ਸਰੋਕਾਰਾਂ ਨਾਲ ਨਿਪਟਣ ਦੇ ਨਾਲ ਨਾਲ, ਸਭਾ ਜਾਂ ਬੋਰਡ ਨਾਗਰਿਕਾਂ ਦੁਆਰਾ ਸਿੱਧੇ ਤੌਰ ਤੇ ਦਾਇਰ ਕੀਤੀਆਂ ਅਪੀਲਾਂ ਜਾਂ ਸਰੋਕਾਰਾਂ ਨਾਲ ਵੀ ਨੱਜਿਠਦਾ ਹੈ।

ਸਥਾਨਕ ਸਰਕਾਰ ਦਾ ਇੱਕ ਵੱਡਾ ਫਾਇਦਾ ਇਹ ਹੈ ਕਿ ਨਾਗਰਿਕ ਕੇਂਦਰੀ ਜਾਂ ਪ੍ਰਾਂਤ ਦੀ ਸਰਕਾਰ ਦੀ ਬਜਾਏ ਆਪਣੀ ਸਥਾਨਕ ਸਰਕਾਰ ਦੇ ਉਪ-ਕਾਨੂੰਨਾਂ ਅਤੇ ਪ੍ਰੋਗਰਾਮਾਂ ਦੇ ਮੁੱਦੇ ਤੇ ਸਿੱਧਾ ਪ੍ਰਭਾਵ ਪਾਉਣ ਦੇ ਯੋਗ ਹੁੰਦੇ ਹਨ।

ਉਪ-ਕਾਨੂੰਨ ਅਤੇ ਪਾਲਸੀਆਂ ਚੁਣੇ ਹੋਏ ਪ੍ਰਤੀਨਿੱਧਾਂ ਦੀਆਂ ਵੋਟਾਂ ਦੀ 50% ਦੀ ਬਹੁਸੰਮਤੀ ਦੁਆਰਾ ਪਾਸ ਕੀਤੇ ਜਾਂਦੇ ਹਨ।

ਜਿੱਥੇ ਚੋਣਾਂ ਸਮੁੱਚੀ ਪੱਧਰ ਤੇ ਹੁੰਦੀਆਂ ਹਨ, ਉੱਥੇ ਨਗਰ ਪਾਲਿਕਾ ਕਮੇਟੀ ਜਾਂ ਬੋਰਡ ਦਾ ਹਰੇਕ ਮੈਂਬਰ ਸ਼ਹਿਰ ਦੇ ਸਾਰੇ ਨਾਗਰਿਕਾਂ ਲਈ ਜ਼ਿੰਮੇਵਾਰ ਹੁੰਦਾ ਹੈ। ਜਿੱਥੇ ਚੋਣਾਂ ਵਾਰਡ ਮੁਤਾਬਿਕ ਹੰਦੀਆਂ ਹਨ, ਉੱਥੇ ਮੈਂਬਰ ਆਪਣੇ ਵਾਰਡ ਦੇ ਮਤਦਾਤਾਵਾਂ ਦੇ ਸਰੋਕਾਰ ਜਾਂ ਜ਼ਰੂਰਤਾਂ ਦੀ ਪ੍ਰਤੀਨਿੱਧਤਾ ਕਰਨ ਲਈ ਹੁੰਦੇ ਹਨ।

ਕੇਂਦਰੀ ਅਤੇ ਸੂਬੇ ਦੀਆਂ ਸਰਕਾਰਾਂ ਦੀ ਤਰ੍ਹਾਂ, ਸਥਾਨਕ ਸਰਕਾਰਾਂ ਦੇ ਉਪ-ਕਾਨੂੰਨਾਂ ਅਤੇ ਪ੍ਰੋਗਰਾਮਾਂ ਦਾ ਪ੍ਰਬੰਧ ਵੀ ਸਿਵਲ ਕਰਮਸਚਾਰੀ ਕਰਦੇ ਹਨ। ਸਿਵਲ ਕਰਮਚਾਰੀ ਨਗਰ-ਪਾਲਿਕਾ ਜਾਂ ਬੋਰਡ ਲਈ ਕੰਮ ਕਰਦੇ ਹਨ। ਸਥਾਨਕ ਸਰਕਾਰੀ ਨੌਕਰਸ਼ਾਹੀ ਆਮਤੌਰ ਤੇ ਕੇਂਦਰੀ ਜਾਂ ਸੂਬੇ ਦੀ ਨੌਕਰਸ਼ਾਹੀ ਦੇ ਮੁਕਾਬਲੇ ਬਹੁਤ ਘੱਟ ਹੁੰਦੀ ਹੈ।

ਕਈ ਲੋਕ ਵਿਸ਼ਵਾਸ ਕਰਦੇ ਹਨ ਕਿ ਲੋਕਤੰਤਰੀ ਭਾਵਨਾ ਕੇਂਦਰੀ ਜਾਂ ਸੂਬਾਈ ਸਰਕਾਰਾਂ ਦੇ ਮੁਕਾਬਲੇ ਛੋਟੀਆਂ ਸਥਾਨਕ ਸਰਕਾਰਾਂ ਵਿੱਚ ਜ਼ਿਆਦਾ ਹੁੰਦੀ ਹੈ। ਸਥਾਨਕ ਸਤਰ ਤੇ ਨਾਗਰਿਕ ਮਸਲਿਆਂ ਨਾਲ ਜ਼ਿਆਦਾ ਪਰਿਚਿਤ ਹੁੰਦੇ ਹਨ ਅਤੇ ਉਹ ਸਰਕਾਰੀ ਫੈਸਲਿਆਂ ਅਤੇ ਪ੍ਰੋਗਰਾਮਾਂ ਦਾ ਅਸਰ ਜ਼ਿਆਦਾ ਸਿੱਧੇ ਤੌਰ ਤੇ ਮਹਿਸੂਸ ਕਰਦੇ ਹਨ। ਬਹੁਤ ਸਾਰੇ ਲੋਕਾਂ ਨੂੰ  ਸਥਾਨਕ ਸਰਕਾਰੀ ਪੱਧਰ ਤੇ ਲੋਕਤੰਤਰੀ ਜ਼ਿੰਦਗੀ ਵਿੱਚ ਭਾਗ ਲੈਣਾ ਅਤੇ ਅਸਲੀ ਬਦਲਾਵ ਲਿਆਉਣਾ ਅਸਾਨ ਲਗਦਾ ਹੈ।





# ਰਾਜਨੀਤਕ ਪ੍ਰਕ੍ਰਿਆ ਵਿੱਚ ਤੁਹਾਡਾ ਰੋਲ

## ਲੋਕਤੰਤਰੀ ਸਰਕਾਰ ਜਟਿਲ ਹੈ।

ਫੇਰ ਵੀ ਨਾਗਰਿਕ ਹੋਣ ਦੇ ਨਾਤੇ ਤੁਹਾਡੇ ਕੋਲ ਆਪਣੇ ਸਮਾਜ ਨੂੰ ਬਨਾਉਣ ਵਿਚ ਭਾਗ ਲੈਣ ਲਈ ਬਹੁਤ ਸਾਰੇ ਮੌਕੇ ਹਨ, ਭਾਵੇਂ ਇਸ ਵਿੱਚ ਕੇਂਦਰੀ, ਸੂਬਾਈ ਜਾਂ ਸਥਾਨਕ ਸਰਕਾਰ ਦੀ ਗੱਲ ਹੋਵੇ।

ਜਦੋਂ ਇੱਕ ਖਾਸ ਮੁੱਦੇ ਵਿੱਚ ਤੁਹਾਡੀ ਦਿਲਚਸਪੀ ਹੋਵੇ ਜਾਂ ਕੋਈ ਖਾਸ ਮੁੱਦਾ ਤੁਹਾਨੂੰ ਬੇਚੈਨ ਕਰਦਾ ਹੋਵੇ ਤਾਂ ਪਤਾ ਕਰੋ ਕਿ ਕਿਹੜੀ ਸਰਕਾਰ ਕੋਲ ਇਸ ਮੁੱਦੇ ਨਾਲ ਨਿਪਟਣ ਲਈ ਅਧਿਕਾਰ ਹੈ।

ਅਧਿਆਇ 5 ਉਨ੍ਹਾਂ ਵਿਚਾਰਾਂ ਤੇ ਚਰਚਾ ਕਰੇਗਾ ਕਿ ਤੁਸੀਂ ਕਿਸ ਤਰ੍ਹਾਂ ਸਰਕਾਰੀ ਫੈਸਲੇ ਕਰਨ ਵਾਲਿਆਂ ਤੇ ਪ੍ਰਭਾਵ ਪਾ ਸਕਦੇ ਹੋ।

ਕਨੇਡਾ ਦੀ ਰਾਜਨੀਤਕ ਪ੍ਰਣਾਲੀ ਬਾਰੇ ਤੁਹਾਡੀ ਜਾਣਕਾਰੀ ਤੁਹਾਡੇ ਲਈ ਲੋਕਤੰਤਰੀ ਜ਼ਿੰਦਗੀ ਵਿੱਚ ਭਾਗ ਲੈਣਾ ਬਹੁਤ ਅਸਾਨ ਕਰ ਦੇਵੇਗੀ।



# ਅਧਿਆਇ 4
## ਅਧਿਕਾਰਾਂ ਦੀ ਰੱਖਿਆ





## ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਕਰਨਾ

**ਆਪਣੇ ਸੰਵਿਧਾਨ, ਅਤੇ ਕੇਂਦਰੀ ਅਤੇ ਸੂਬਾਈ ਕਾਨੂੰਨਾਂ ਦੁਆਰਾ ਕਨੇਡਾ ਆਪਣੇ ਨਾਗਰਿਕਾਂ ਦੀ ਲੋਕਤੰਤਰੀ ਆਜ਼ਾਦੀਆਂ ਅਤੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ।**

ਜੇ ਅਸੀਂ ਸੋਚਦੇ ਹਾਂ ਕਿ ਸਾਡੇ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ ਤਾਂ ਅਸੀਂ ਇਸ ਦਾ ਇਲਾਜ ਲੱਭ ਸਕਦੇ ਹਾਂ। ਇਲਾਜ ਇੱਕ ਹੱਲ ਹੈ ਜੋ ਉਲੰਘਣਾ ਨੂੰ ਠੀਕ ਕਰਦਾ ਹੈ। ਮੁੱਖ ਇਲਾਜਾਂ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

- ਮੁਆਫੀ ਮੰਗਣਾ
- ਅਨੁਚਿੱਤ ਕਾਨੂੰਨ ਜਾਂ ਨੀਤੀ ਨੂੰ ਬਦਲਣਾ
- ਵਿੱਤੀ ਮੁਆਵਜ਼ਾ

ਨਾਗਰਿਕ ਵੱਖ-ਵੱਖ ਸਰਕਾਰੀ ਅਦਾਰਿਆਂ ਨੂੰ ਸ਼ਿਕਾਇਤਾਂ ਕਰਕੇ ਜਾਂ ਆਪਣੇ ਅਧਿਕਾਰਾਂ ਦੀ ਤਾਮੀਲ ਕਰਾਉਣ ਲਈ ਅਦਾਲਤਾਂ ਦੀ ਮਦਦ ਨਾਲ ਕੋਈ ਉਪਾਉ ਲੱਭ ਸਕਦੇ ਹਨ।

ਨਾਗਰਿਕਾਂ ਦੀਆਂ ਆਜ਼ਾਦੀਆਂ ਅਤੇ ਅਧਿਕਾਰਾਂ ਦੀ ਰੱਖਿਆ ਉਦੋਂ ਹੀ ਅਸਰਦਾਇਕ ਹੁੰਦੀ ਹੈ ਜਦੋਂ ਆਪਣੇ ਅਧਿਕਾਰਾਂ ਦੀ ਉਲੰਘਣਾ ਹੋਣ ਤੇ ਅਸੀਂ ਉਹਨਾਂ ਵਿਰੁੱਧ ਕੋਈ ਕਦਮ ਚੁੱਕੀਏ।

ਇੱਕ ਨਾਗਰਿਕ ਹੋਣ ਦੇ ਨਾਤੇ ਆਪਣੇ ਅਧਿਕਾਰਾਂ ਦੀ ਰੱਖਿਆ ਕਰਨਾ ਲੋਕਤੰਤਰੀ ਵਚਨਬੱਧਤਾ ਦਾ ਇੱਕ ਹਿੱਸਾ ਹੈ। ਆਪਣੇ ਅਧਿਕਾਰਾਂ ਦੀ ਰੱਖਿਆ ਕਰਕੇ ਤੁਸੀਂ ਦੂਜਿਆਂ ਦੀ ਮੱਦਦ ਕਰੋਗੇ ਜਿਨ੍ਹਾਂ ਨੂੰ ਅਨੁਚਿਤ ਕਾਨੂੰਨਾਂ, ਸਰਕਾਰੀ ਪ੍ਰੋਗਰਾਮਾਂ ਅਤੇ ਨੀਤੀਆਂ ਦੁਆਰਾ ਨੁਕਸਾਨ ਹੋਇਆ ਹੋਵੇ।

# ਚਾਰਟਰ ਆਫ਼ ਰਾਈਟਜ਼ ਐਂਡ ਫਰੀਡਮਜ਼

1982 ਵਿੱਚ, ਕਨੇਡੀਅਨ **ਅਧਿਕਾਰਾਂ ਅਤੇ** ਸੁਤੰਤਰਤਾਵਾਂ ਦਾ **ਫਰਮਾਨ (ਚਾਰਟਰ ਆਫ ਰਾਈਰਜ਼ ਐਂਡ ਫਰੀਡਮਜ਼)** ਸ਼ਾਮਲ ਕਰਨ ਲਈ ਕਨੇਡਾ ਦਾ ਸੰਵਿਧਾਨ ਬਦਲ ਦਿੱਤਾ ਗਿਆ ਸੀ – ਜੋ ਕਿ ਕਨੇਡਾ ਦੇ ਆਧੁਨਿਕ ਸਿਆਸੀ ਇਤਿਹਾਸ ਵਿੱਚ ਸੱਭ ਤੋਂ ਮਹੱਤਵ ਪੂਰਨ ਘਟਨਾਵਾਂ ਵਿੱਚੋਂ ਇੱਕ ਸੀ।

ਇਹ ਚਾਰਟਰ (ਅਧਿਕਾਰ-ਪੱਤਰ) ਕਨੇਡੀਅਨ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਅਤੇ ਮਹੱਤਵਪੂਰਨ ਸੁਤੰਤਰਤਾਵਾਂ ਦੀ ਸ਼ਨਾਖਤ ਕਰਦਾ ਹੈ। ਇਹ ਸਰਕਾਰੀ ਅਦਾਰਿਆਂ ਲਈ ਮਾਪਦੰਡ ਨਿਸ਼ਚਿਤ ਕਰਦਾ ਹੈ ਕਿ ਉਹਨਾਂ ਨੂੰ ਆਪਣੇ ਨਾਗਰਿਕਾਂ ਨਾਲ ਕਿਸ ਤਰ੍ਹਾਂ ਸਲੂਕ ਕਰਨਾ ਚਾਹੀਦਾ ਹੈ।

CANADIAN
CHARTER OF RIGHTS
AND FREEDOMS

CHARTE
CANADIENNE DES DROITS
ET LIBERTÉS

ਇਹ ਅਧਿਕਾਰ ਪੱਤਰ (ਚਾਰਟਰ) ਨਾਗਰਿਕਾਂ ਦੇ ਮਹੱਤਵਪੂਰਨ ਅਧਿਕਾਰਾਂ ਅਤੇ ਸੁਤੰਤਰਤਾਵਾਂ ਵਿੱਚ ਦਖਲ ਅੰਦਾਜ਼ੀ ਕਰਨ ਵਾਲੀਆਂ ਸਰਕਾਰੀ ਸ਼ਕਤੀਆਂ ਦੀ ਸੀਮਾ ਨਿਸ਼ਚਿਤ ਕਰਦਾ ਹੈ। ਚਾਰਟਰ ਅਧੀਨ ਆਉਂਦੇ ਮਹੱਤਵ ਪੂਰਨ ਅਧਿਕਾਰਾਂ ਅਤੇ ਸੁਤੰਤਰਤਾਵਾਂ ਇਹ ਹਨ:

### ਮੁੱਢਲੀਆਂ ਸੁਤੰਤਰਤਾਵਾਂ:

- ❑ ਸੋਚਣ, ਵਿਚਾਰਨ,ਯਕੀਨ ਕਰਨ, ਰਾਇ ਰੱਖਣ ਅਤੇ ਪ੍ਰਗਟਾਉਣ ਦੀ ਆਜ਼ਾਦੀ ਜਿਸ ਵਿੱਚ ਪਰੈਸ ਦੀ ਆਜ਼ਾਦੀ ਵੀ ਸ਼ਾਮਲ ਹੈ।
- ❑ ਧਰਮ ਅਤੇ ਈਮਾਨ ਦੀ ਆਜ਼ਾਦੀ
- ❑ ਸਭਾ ਅਤੇ ਸ਼ਾਂਤਮਈ ਇਕੱਠ ਦੀ ਆਜ਼ਾਦੀ

### ਲੋਕਤੰਤਰੀ ਅਧਿਕਾਰ:

- ❑ ਵੋਟ ਦੇਣ ਦਾ ਅਧਿਕਾਰ
- ❑ ਚੋਣ ਲੜਨ ਦਾ ਅਧਿਕਾਰ ਜਾਂ (ਪ੍ਰਤੀਨਿੱਧ ਦੇ ਤੌਰ ਤੇ ਚੁਣੇ ਜਾਣ ਦਾ ਅਧਿਕਾਰ)





### ਗਤੀਸ਼ੀਲ ਅਧਿਕਾਰ

- ❑ ਕਨੇਡਾ ਦੇ ਕਿਸੇ ਵੀ ਹਿੱਸੇ ਵਿੱਚ ਦਾਖਲ ਹੋਣ, ਕਿਸੇ ਵੀ ਹਿੱਸੇ ਨੂੰ ਛੱਡਣ ਅਤੇ ਕਿਸੇ ਵੀ ਹਿੱਸੇ ਵਿਚ ਰਹਿਣ ਅਤੇ ਕੰਮ ਕਰਨ ਦਾ ਅਧਿਕਾਰ

### ਕਾਨੂੰਨੀ ਅਧਿਕਾਰ:

- ❑ ਵਿਅਕਤੀ ਦੀ ਜ਼ਿੰਦਗੀ, ਅਜ਼ਾਦੀ ਅਤੇ ਸੁਰੱਖਿਆ ਦਾ ਅਧਿਕਾਰ
- ❑ ਉਚਿੱਤ ਮੁਕੱਦਮੇ ਦਾ ਅਧਿਕਾਰ
- ❑ ਅਨੁਚਿਤ ਤਲਾਸ਼ੀ ਅਤੇ ਗ੍ਰਿਫਤਾਰੀ ਤੋਂ ਆਜ਼ਾਦ ਹੋਣ ਦਾ ਅਧਿਕਾਰ
- ❑ ਨਿਰਦਈ ਜਾਂ ਬੇਤਰਕ ਸਜ਼ਾ ਦੇ ਅਧੀਨ ਨਾ ਹੋਣ ਦਾ ਅਧਿਕਾਰ
- ❑ ਭਾਸ਼ਾ ਨਾ ਜਾਨਣ ਵਾਲੇ ਲੋਕਾਂ ਲਈ ਕਾਨੂੰਨੀ ਕਾਰਵਾਈ ਦੌਰਾਨ ਦੁਭਾਸ਼ੀਏ ਦਾ ਅਧਿਕਾਰ

### ਸਮਾਨਤਾ ਦੇ ਅਧਿਕਾਰ:

- ❑ ਬਿਨਾਂ ਕਿਸੇ ਭੇਦ-ਭਾਵ ਦੇ ਕਾਨੂੰਨ ਦੇ ਇੱਕੋ ਜਿਹੇ ਫਾਇਦੇ ਦਾ ਅਧਿਕਾਰ ਅਤੇ ਦੀ ਰੱਖਿਆ ਦ ਅਧਿਕਾਰ।

### ਅਧਿਕਾਰਾਂ ਅਤੇ ਸੁਤੰਤਰਤਾਵਾਂ ਤੇ ਪਾਬੰਦੀਆਂ

ਭਾਵੇਂ ਇਹ ਅਧਿਕਾਰ ਅਤੇ ਸੁਤੰਤਰਤਾਵਾਂ ਬਹੁਤ ਮਹੱਤਵਪੂਰਨ ਹਨ ਪਰ ਉਹ ਸੰਪੂਰਣ ਨਹੀਂ ਹਨ।

ਸਰਕਾਰ ਅਤੇ ਅਦਾਲਤਾਂ ਇਹਨਾਂ ਅਧਿਕਾਰਾਂ ਅਤੇ ਸੁਤੰਤਰਤਾਵਾਂ 'ਤੇ ਪਾਬੰਦੀ ਲਾ ਸਕਦੀਆਂ ਹਨ, ਜੇ ਉਹ ਸਿੱਧ ਕਰ ਸੱਕਣ ਕਿ ਇਹ ਪਾਬੰਦੀਆਂ "ਆਜ਼ਾਦ ਅਤੇ ਲੋਕਤੰਤਰੀ ਸਮਾਜ" ਵਿੱਚ ਉਚਿੱਤ ਸਾਬਤ ਹੋ ਸਕਦੀਆਂ ਹਨ।

**ਨਫਰਤ ਭਰੀ ਭਾਸ਼ਾ ਬਾਰੇ ਕਾਨੂੰਨ:** ਨਸਲਵਾਦ ਨਾਲ ਲੜਾਈ ਦੀ ਕੋਸ਼ਿਸ਼ ਵਿੱਚ ਕੇਂਦਰੀ ਅਤੇ ਬਹੁਤ **ਸਾਰੀਆਂ** ਸੂਬਾਈ ਸਰਕਾਰਾਂ ਨੇ "ਨਫਰਤ ਵਾਲੀ ਭਾਸ਼ਾ ਦੇ ਕਾਨੂੰਨ"(ਹੇਟ ਸਪੀਚ ਲਾਜ਼) ਪਾਸ ਕਰਕੇ ਬੋਲਣ ਦੀ ਆਜ਼ਾਦੀ ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਕਾਨੂੰਨ ਕਨੇਡੀਅਨ ਨਾਗਰਿਕਾਂ ਦੇ ਜੋ ਉਹ ਚਾਹੁਣ ਬੋਲ ਸਕਣ ਦੇ ਅਧਿਕਾਰਾਂ 'ਤੇ ਪਾਬੰਦੀ ਲਾਉਂਦੇ ਹਨ।

**ਚਾਰਟਰ ਸਿਰਫ ਕੇਂਦਰੀ, ਸੂਬਾਈ ਅਤੇ ਸਥਾਨਕ ਸਰਕਾਰਾਂ ਦੇ ਕਾਨੂੰਨਾਂ, ਪ੍ਰੋਗਰਾਮਾਂ ਅਤੇ ਕੰਮਾਂ ਅਤੇ ਇਹਨਾਂ ਸਰਕਾਰਾਂ ਦੀਆਂ ਏਜੰਸੀਆਂ ਅਦਾਰਿਆਂ ਅਤੇ ਉਹਨਾਂ ਦੇ ਕਰਮਚਾਰੀਆਂ 'ਤੇ ਹੀ ਲਾਗੂ ਹੁੰਦਾ ਹੈ।**

ਇਹ ਗੈਰ ਸਰਕਾਰੀ ਸੰਸਥਾਵਾਂ, ਜਿਵੇਂ ਕਿ ਪ੍ਰਾਈਵੇਟ ਸੈਕਟਰ ਦੇ ਮਾਲਕਾਂ ਜੋ ਕਿ ਸਰਕਾਰ ਦਾ ਹਿੱਸਾ ਨਹੀਂ ਹੁੰਦੇ ਉੱਤੇ ਲਾਗੂ ਨਹੀਂ ਹੁੰਦਾ। ਬਹੁਤ ਸਾਰੇ ਕਨੇਡੀਅਨ ਲੋਕ ਇਸ ਮਹੱਤਵਪੂਰਨ ਫਰਕ ਨੂੰ ਨਹੀਂ ਸਮਝਦੇ।

**ਨਸ਼ੀਲੇ ਪਦਾਰਥਾਂ (ਡਰੱਗ) ਦਾ ਟੈਸਟ:** ਇਕ ਪ੍ਰਾਈਵੇਟ ਕੰਪਨੀ ਆਪਣੇ ਕਰਮਚਾਰੀਆਂ ਤੋਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਟੈਸਟ ਕਰਵਾਉਣ ਦਾ ਫੈਸਲਾ ਕਰ ਸਕਦੀ ਹੈ। ਪਰ ਉਹ ਕਰਮਚਾਰੀ ਇਸ ਤੋਂ ਬਚਣ ਲਈ ਆਪਣੇ ਮਾਲਕ ਵਿਰੁੱਧ ਚਾਰਟਰ ਵਿੱਚ ਦਿੱਤੀ ਗਈ ਰੱਖਿਆ ਦੀ ਵਰਤੋਂ ਨਹੀਂ ਕਰ ਸਕਦੇ।

**ਅਦਾਲਤ ਵਿੱਚ ਜਾਣਾ:** ਜੇ ਨਾਗਰਿਕ ਸੋਚਣ ਕਿ ਕਾਨੂੰਨ ਜਾਂ ਸਰਕਾਰੀ ਨੀਤੀ ਜਾਂ ਪ੍ਰੋਗਰਾਮ ਚਾਰਟਰ ਵਿੱਚ ਦਿੱਤੇ ਗਏ ਅਧਿਕਾਰਾਂ ਜਾਂ ਸੁਤੰਤਰਤਾਵਾਂ ਵਿੱਚੋਂ ਕਿਸੇ ਇੱਕ ਦੀ ਵੀ ਉਲੰਘਣਾ ਕਰਦੇ ਹਨ ਤਾਂ ਉਹ ਅਦਾਲਤ ਵਿੱਚ ਜਾ ਕੇ ਉਸ ਕਾਨੂੰਨ ਜਾਂ ਨੀਤੀ ਨੂੰ ਅਸੰਵਿਧਾਨਕ ਐਲਾਨ ਕਰਵਾ ਸਕਦੇ ਹਨ। ਜੇ ਅਦਾਲਤਾਂ ਸਹਿਮਤ ਹੋ ਜਾਣ ਤਾਂ ਉਹ ਐਲਾਨ ਕਰ ਸਕਦੀਆਂ ਹਨ ਕਿ ਇਹ ਕਾਨੂੰਨ ਨਾਗਰਿਕਾਂ 'ਤੇ ਲਾਗੂ ਨਹੀਂ ਹੁੰਦਾ, ਜਾਂ ਕੁੱਝ ਹਾਲਤਾਂ ਵਿੱਚ ਕਾਨੂੰਨ ਬਦਲਣ ਲਈ ਕਹਿ ਸਕਦੀਆਂ ਹਨ, ਤਾਂ ਜੋ ਚਾਰਟਰ ਦੀ ਉਲੰਘਣਾ ਨਾ ਹੋਵੇ।

ਅਸਲ ਵਿੱਚ ਅਦਾਲਤ ਵਿੱਚ ਜਾ ਕੇ ਇਸ ਦਾ ਉਪਾਉ ਕਰਨਾ ਅਤੇ ਚਾਰਟਰ ਵਿੱਚ ਦਿੱਤੀਆਂ ਸੁਤੰਤਰਤਾਵਾਂ ਅਤੇ ਅਧਿਕਾਰਾਂ ਨੂੰ ਲਾਗੂ ਕਰਨਾ ਬਹੁਤ ਮਹਿੰਗਾ ਪੈਂਦਾ ਹੈ ਅਤੇ ਬਹੁਤ ਸਮਾਂ ਵੀ ਲਗਦਾ ਹੈ।





## ਫੌਜਦਾਰੀ ਨਿਯਮਾਵਲੀ

ਫੌਜਦਾਰੀ ਨਿਯਮਾਵਲੀ ਇਕ ਕੇਂਦਰੀ ਕਾਨੂੰਨ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਕਨੇਡੀਅਨ ਸਮਾਜ ਵਿੱਚ ਕਿਹੜੇ ਕੰਮ ਕਰਨਾ ਜੁਰਮ ਹੈ। ਇਸ ਵਿਚ ਹਰ ਜੁਰਮ ਦੀ ਸਜ਼ਾ ਅਤੇ ਮੁਲਜ਼ਮ ਦੇ ਦੋਸ਼ੀ ਹੋਣ ਜਾਂ ਨਾ ਹੋਣ ਦਾ ਫੈਸਲਾ ਕਰਨ ਲਈ ਕੀਤੀ ਜਾਂਦੀ ਅਦਾਲਤੀ ਕਾਰਵਾਈ ਬਾਰੇ ਦੱਸਿਆ ਗਿਆ ਹੈ।

ਇਹ ਨਿਯਮਾਵਲੀ ਨਾਗਰਿਕਾਂ ਨੂੰ ਦੱਸਦੀ ਹੈ ਕਿ ਕਿਹੜੇ ਕੰਮ ਕਰਨੇ ਜੁਰਮ ਹਨ ਅਤੇ ਇਸ ਤਰ੍ਹਾਂ ਸਾਰੇ ਸਮਾਜ ਦੀ ਰੱਖਿਆ ਕਰਦੀ ਹੈ। ਇਹ ਸਮਾਜ ਨੂੰ ਉਹਨਾਂ ਖਤਰਨਾਕ ਲੋਕਾਂ ਤੋਂ ਬਚਾਉਂਦੀ ਹੈ ਜਿਨ੍ਹਾਂ ਨੇ ਜੁਰਮ ਕੀਤੇ ਹੁੰਦੇ ਹਨ।

ਇਹ ਨਿਯਮਾਵਲੀ ਬਚਾਉ ਦੇ ਤਰੀਕਿਆਂ ਦੀ ਕਾਰਜ-ਵਿਧੀ ਬਾਰੇ ਦੱਸਕੇ ਨਾਗਰਿਕ ਹੋਣ ਦੇ ਨਾਤੇ ਸਾਡੀ ਸਾਰਿਆਂ ਦੀ ਰੱਖਿਆ ਕਰਦੀ ਹੈ ਤਾਂ ਜੋ ਕਿਸੇ ਜੁਰਮ ਦੇ ਦੋਸ਼ੀ ਹੋਣ ਦੀ ਹਾਲਤ ਵਿਚ ਅਸੀਂ ਆਪਣੇ ਆਪ ਨੂੰ ਬਚਾ ਸਕੀਏ। ਇਸ ਨੂੰ ਉਚਿੱਤ ਕਾਰਵਾਈ ਕਿਹਾ ਜਾਂਦਾ ਹੈ।

ਕਈ ਤਰ੍ਹਾਂ ਦੇ ਵਿਹਾਰਾਂ, ਜਿਨ੍ਹਾਂ ਨੂੰ ਬਹੁਤ ਸਾਰੇ ਲੋਕ ਗਲਤ ਸਮਝਦੇ ਹਨ ਨੂੰ ਆਪਣੇ ਵਿਚ ਸ਼ਾਮਲ ਨਾਂ ਕਰਕੇ ਇਹ ਨਿਯਮਾਵਲੀ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਕਰਦੀ ਹੈ।

ਉਦਾਹਰਣ ਦੇ ਤੌਰ ਤੇ, ਬਹੁਤ ਸਾਰੇ ਕਨੇਡੀਅਨ ਸੋਚਦੇ ਹਨ ਕਿ ਬਹੁਤ ਜ਼ਿਆਦਾ ਅਸੱਭਿਅ ਹੋਣਾ ਜਾਂ ਅਪਮਾਨ ਕਰਨਾ ਗਲਤ ਹੈ। ਪਰ ਇਸ ਤਰ੍ਹਾਂ ਦਾ ਵਤੀਰਾ ਜੁਰਮ ਨਹੀਂ ਹੈ (ਬਜਾਇ ਕਿ ਜਦੋਂ ਇਸ ਵਿੱਚ ਦੂਜੇ ਵਿਅਕਤੀ ਨੂੰ ਧਮਕੀ ਦਿੱਤੀ ਗਈ ਹੋਵੇ)

**ਕਨੇਡਾ ਵਿੱਚ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਇਸ ਨਿਯਮਾਵਲੀ ਨੂੰ ਸਾਰੇ ਵਿਹਾਰਾਂ ਲਈ ਨਾ ਵਰਤਿਆ ਜਾਵੇ ਜੋ ਕਿ ਨੈਤਿਕ ਤੌਰ ਤੇ ਗਲਤ ਹੋਣ। ਸਾਡੀਆਂ ਪਾਬੰਦੀਆਂ, ਸੁਤੰਤਰਤਾ ਅਤੇ ਆਜ਼ਾਦੀ ਲਈ ਸਾਡੀ ਵਚਨਬੱਧਤਾ ਦਰਸਾਉਂਦੀਆਂ ਹਨ।**

ਇੱਥੇ ਉਹਨਾਂ ਖਾਸ ਤਰੀਕਿਆਂ ਦਾ ਸੰਖੇਪ ਦਿੱਤਾ ਗਿਆ ਹੈ ਜਿਨ੍ਹਾਂ ਅਨੁਸਾਰ ਫੌਜਦਾਰੀ ਕਾਨੂੰਨ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਕਰਦਾ ਹੈ।

- ਹਰ ਜੁਰਮ ਦਾ ਸਪਸ਼ਟ ਵਰਣਨ ਕੀਤਾ ਗਿਆ ਹੈ ਤਾਂ ਜੋ ਨਾਗਰਿਕਾਂ ਨੂੰ ਪਤਾ ਲੱਗ ਸਕੇ ਕਿ ਕਿਸ ਤਰ੍ਹਾਂ ਦਾ ਕੰਮ ਅਪਰਾਧਸ਼ੀਲ ਹੋ ਸਕਦਾ ਹੈ।
- ਸਰਕਾਰੀ ਵਕੀਲਾਂ ਨੂੰ ਉਚਿੱਤ ਸ਼ੱਕ ਤੋਂ ਵੱਧ ਸਬੂਤ ਦੇਣਾ ਪਵੇਗਾ ਕਿ ਦੋਸ਼ੀ ਵਿਅਕਤੀ ਨੇ ਜੁਰਮ ਕੀਤਾ ਹੈ। ਇਸ ਪੱਧਰ ਤੱਕ ਪਹੁੰਚਣ ਅਤੇ ਇਹ ਸਾਬਤ ਕਰਨ ਲਈ ਕਿ ਵਿਅਕਤੀ ਨੇ ਜੁਰਮ ਕੀਤਾ ਹੈ, ਬਹੁਤ ਸਾਰੇ ਮੰਨਣਯੋਗ ਸਬੂਤਾਂ ਦੀ ਲੋੜ ਹੈ। ਜੇ ਜੱਜ ਜਾਂ ਜੂਰੀ ਇਨ੍ਹਾਂ ਸਬੂਤਾਂ ਨਾਲ ਸੰਤੁਸ਼ਟ ਨਹੀਂ ਹੁੰਦੇ ਤਾਂ ਦੋਸ਼ੀ ਨੂੰ ਜੁਰਮ ਦਾ ਕਸੂਰਵਾਰ ਨਹੀਂ ਮੰਨਿਆ ਜਾਵੇਗਾ।
- ਬਹੁਤ ਸਾਰੇ ਜੁਰਮਾਂ ਲਈ ਇਹ ਨਿਯਮਾਵਲੀ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਸਜ਼ਾਵਾਂ ਦਾ ਵਰਣਨ ਕਰਦੀ ਹੈ। ਅਦਾਲਤਾਂ ਅਜਿਹੀ ਸਜ਼ਾ ਨਹੀਂ ਦੇ ਸਕਦੀਆਂ ਜੋ ਕਾਨੂੰਨ ਵਿੱਚ ਦੱਸੀ ਗਈ ਸਜ਼ਾ ਨਾਲੋਂ ਵੱਧ ਜਾਂ ਘੱਟ ਹੋਵੇ।
- ਦੋਸ਼ੀ ਵਿਅਕਤੀ ਨੂੰ ਆਪਣੀ ਰੱਖਿਆ ਕਰਨ ਦਾ ਪੂਰਾ ਅਧਿਕਾਰ ਹੈ। ਇਸ ਦਾ ਮਤਲਬ ਇਹ ਹੈ ਕਿ ਦੋਸ਼ੀ ਵਿਅਕਤੀ ਇਹ ਸਾਬਤ ਕਰਨ ਲਈ ਕਿ ਉਸਨੇ ਕਸੂਰ ਨਹੀਂ ਕੀਤਾ, ਹਰ ਤਰ੍ਹਾਂ ਦੀ ਬਹਿਸ ਕਰ ਸਕਦਾ ਹੈ।
- ਮੁਲਜ਼ਮ ਨੂੰ ਗਵਾਹੀ ਨਾਂ ਦੇਣ ਦਾ ਅਧਿਕਾਰ ਹੈ।
- ਕੁੱਝ ਮੌਕਿਆਂ ਤੇ ਦੋਸ਼ੀ ਵਿਅਕਤੀ ਨੂੰ ਇਹ ਫੈਸਲਾ ਕਰਨ ਦਾ ਵੀ ਅਧਿਕਾਰ ਹੈ ਕਿ ਉਸਦੇ ਮੁਕੱਦਮੇ ਵਿੱਚ ਜੂਰੀ ਬੈਠੇਗੀ ਜਾਂ ਸਿਰਫ ਜੱਜ। ਜੂਰੀ ਦੂਜੇ ਨਾਗਰਿਕਾਂ ਦਾ ਸਮੂਹ ਹੁੰਦਾ ਹੈ ਜੋ ਇਹ ਫੈਸਲਾ ਕਰਦੇ ਹਨ ਕਿ ਮੁਲਜ਼ਮ ਕਸੂਰਵਾਰ ਹੈ ਕਿ ਨਹੀਂ।
- ਮੁਜ਼ਲਮ ਨੂੰ ਕਿਸੇ ਸਫਾਈ ਵਕੀਲ ਦੁਆਰਾ ਪੇਸ਼ ਹੋਣ ਦਾ ਪੂਰਾ ਅਧਿਕਾਰ ਹੈ। ਇਕ ਦੋਸ਼ੀ ਵਿਅਕਤੀ ਜੋ ਵਕੀਲ ਦੀ ਫੀਸ ਨਹੀਂ ਦੇ ਸਕਦਾ ਉਹ "ਲੀਗਲ ਏਡ" (ਕਾਨੂੰਨੀ ਸਹਾਇਤਾ) ਦਾ ਹੱਕਦਾਰ ਹੋ ਸਕਦਾ ਹੈ। ਸਫਾਈ ਦੇ ਵਕੀਲ ਅਤੇ ਅਦਾਲਤ ਦੀ ਇਹ ਜ਼ੁੰਮੇਵਾਰੀ ਹੈ ਕਿ ਉਹ ਯਕੀਨ ਬਣਾਉਣ ਕਿ ਮੁਲਜ਼ਮ ਨਿਯਮਾਵਲੀ ਵਿੱਚ ਸ਼ਾਮਲ ਸੁਰੱਖਿਆਵਾਂ ਦਾ ਫਾਇਦਾ ਲਵੇ।





ਜੁਰਮ ਨਾਲ ਨਿਪਟਣਾ. ਜੇ ਤੁਸੀਂ ਸੋਚਦੇ ਹੋ ਕਿ ਕਿਸੇ ਨੇ ਤੁਹਾਡੇ ਵਿਰੁੱਧ ਜੁਰਮ ਕੀਤਾ ਹੈ ਤਾਂ ਤੁਹਾਨੂੰ ਪੁਲਿਸ ਨੂੰ ਬੁਲਾਉਣਾ ਚਾਹੀਦਾ ਹੈ। ਜਦੋਂ ਪੁਲਿਸ ਨੂੰ ਇਕ ਨਾਗਰਿਕ ਤੋਂ ਸ਼ਿਕਾਇਤ ਆਉਂਦੀ ਹੈ ਜਾਂ ਜਦੋਂ ਉਹਨਾਂ ਨੂੰ ਕਿਸੇ ਦੂਸਰੇ ਕਾਰਣ ਸ਼ੱਕ ਪੈਂਦਾ ਹੈ ਕਿ ਕਿਸੇ ਵਿਅਕਤੀ ਨੇ ਜੁਰਮ ਕੀਤਾ ਹੈ ਤਾਂ ਪੁਲਿਸ ਉਸਦੀ ਪੂਰੀ ਪੁੱਛ-ਪੜਤਾਲ ਕਰੇਗੀ

ਜੇ ਪੁਲਿਸ ਕਿਸੇ ਵਿਅਕਤੀ ਵਿਰੁੱਧ ਜੁਰਮ ਦਾ ਦੋਸ਼ ਲਗਾਉਣ ਲਈ ਕਾਫੀ ਸਬੂਤ ਲੱਭ ਲੈਂਦੀ ਹੈ ਤਾਂ ਫਿਰ ਪੁਲਿਸ ਕਰਾਊਨ ਕਾਊਂਸਲ (ਸਰਕਾਰੀ ਵਕੀਲ) ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ।

ਕਰਾਊਨ ਕਾਊਂਸਲ ਸਰਕਾਰੀ ਵਕੀਲ ਹੁੰਦੇ ਹਨ ਜੋ ਅਦਾਲਤ ਵਿੱਚ ਬਹਿਸ ਕਰਦੇ ਹਨ ਕਿ ਵਿਅਕਤੀ ਜੁਰਮ ਦਾ ਕਸੂਰਵਾਰ ਹੈ।

ਅਦਾਲਤ ਵਿੱਚ ਜਾਣ ਤੋਂ ਪਹਿਲਾਂ ਕਰਾਊਨ ਕਾਊਂਸਲ ਲਈ ਇਹ ਦੇਖਣਾ ਜਰੂਰੀ ਹੈ ਕਿ ਕੀ ਜੁਰਮ ਨੂੰ ਸਾਬਤ ਕਰਨ ਲਈ ਕਾਫੀ ਸਬੂਤ ਹਨ ਅਤੇ ਕੀ ਵਿਅਕਤੀ ਤੇ ਦੋਸ਼ ਲਾਉਣਾ ਪਬਲਿਕ ਦੇ ਹਿੱਤ ਵਿੱਚ ਜਾਵੇਗਾ। ਜੇ ਅਜਿਹਾ ਹੋਵੇ ਤਾਂ ਪੁਲਿਸ ਉਸ ਵਿਅਕਤੀ ਵਿਰੁੱਧ ਦੋਸ਼ ਲਾਏਗੀ, ਉਸ ਵਿਅਕਤੀ ਨੂੰ ਪਕੜ ਕੇ ਅਦਾਲਤ ਵਿੱਚ ਲਿਜਾਇਆ ਜਾਵੇਗਾ। ਜੇ ਇਕ ਉਚਿੱਤ ਸ਼ੱਕ ਤੋਂ ਵੱਧ ਦਿਖਾਇਆ ਜਾ ਸਕੇ ਕਿ ਦੋਸ਼ੀ ਨੇ ਜੁਰਮ ਕੀਤਾ ਹੈ ਤਾਂ ਉਸਨੂੰ ਅਦਾਲਤ ਦੁਆਰਾ ਸਜ਼ਾ ਦਿੱਤੀ ਜਾਵੇਗੀ।

## ਮਨੁੱਖੀ ਅਧਿਕਾਰਾਂ ਦੇ ਕਾਨੂੰਨ

**ਕਨੇਡੀਅਨ ਲੋਕਤੰਤਰ ਵਿੱਚ ਸਮਾਨਤਾ ਇਕ ਮੁੱਢਲਾ ਅਧਿਕਾਰ ਅਤੇ ਕਦਰ ਹੈ।**

ਸਮਾਨਤਾ ਦਾ ਮਤਲਬ ਹੈ ਕਿ ਹਰ ਇਕ ਨਾਗਰਿਕ ਦੀਆਂ ਜ਼ਰੂਰਤਾਂ ਅਤੇ ਉਮੀਦਾਂ ਇਕੋ ਜਿਹਾ ਮਹੱਤਵ ਰੱਖਦੀਆਂ ਹਨ। ਸਰਕਾਰ ਨੂੰ ਸਮਾਜ ਵਿਚ ਸਾਰੇ ਨਾਗਰਿਕਾਂ ਨਾਲ ਬਰਾਬਰ ਮਾਣ ਅਤੇ ਆਦਰ ਨਾਲ ਵਿਵਹਾਰ ਕਰਨਾ ਚਾਹੀਦਾ ਹੈ।

**ਇਹ ਸਿਧਾਂਤ ਸਾਡੀ ਜ਼ਿੰਦਗੀ ਵਿਚ ਸਾਡੀਆਂ ਵਿਅਕਤੀਗਤ ਸੰਭਾਵਨਾਵਾਂ ਨੂੰ ਪੂਰੀਆਂ ਕਰਨ ਵਿਚ ਮਦਦ ਕਰਦਾ ਹੈ ਅਤੇ ਲੋਕਤੰਤਰੀ ਜੀਵਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹ ਦਿੰਦਾ ਹੈ।**

ਚਾਰਟਰ ਵਿਚ ਦਿੱਤੀ ਸਮਾਨਤਾ ਦੀ ਗਾਰੰਟੀ ਤੋਂ ਇਲਾਵਾ ਕਨੇਡਾ ਦੇ ਕੇਂਦਰੀ ਅਤੇ ਸੂਬਾਈ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਹੇਠ ਲਿਖੀਆਂ ਗੱਲਾਂ ਤੇ ਅਧਾਰਿਤ ਭੇਦ-ਭਾਵ ਨੂੰ ਰੋਕਦੇ ਹਨ-

- ❑ ਨਸਲ
- ❑ ਰੰਗ
- ❑ ਕੌਮੀ ਜਾਂ ਨਸਲੀ ਪਿਛੋਕੜ
- ❑ ਉਮਰ
- ❑ ਧਰਮ
- ❑ ਪਰਿਵਾਰਿਕ ਜਾਂ ਵਿਵਾਹਿਤ ਸਥਿਤੀ
- ❑ ਸਰੀਰਕ ਜਾਂ ਦਿਮਾਗੀ ਅਸਮਰਥਾ
- ❑ ਲਿੰਗ
- ❑ ਲਿੰਗ ਰੁਚੀਆਂ

ਮਨੁੱਖੀ ਅਧਿਕਾਰਾਂ ਦੇ ਕਾਨੂੰਨ ਚਾਰਟਰ ਤੋਂ ਅਲੱਗ ਹਨ। ਇਹ ਕਾਨੂੰਨ ਸਰਕਾਰੀ ਅਦਾਰਿਆਂ ਅਤੇ ਪ੍ਰਾਈਵੇਟ ਸੈਕਟਰ (ਮਾਲਕ, ਜਥੇਬੰਦੀਆਂ ਅਤੇ ਉਹ ਵਿਅਕਤੀ ਜੋ ਸਰਕਾਰ ਦਾ ਹਿੱਸਾ ਨਹੀਂ ਹਨ) ਦੋਨਾਂ ਤੇ ਲਾਗੂ ਹੁੰਦੇ ਹਨ।





ਜਦੋਂ ਤੁਸੀਂ ਨੌਕਰੀ ਜਾਂ ਘਰ ਦੀ ਭਾਲ ਕਰਦੇ ਹੋ ਜਾਂ ਤੁਸੀਂ ਪਬਲਿਕ ਸੇਵਾਂਵਾਂ ਦੀ ਵਰਤੋਂ ਕਰਦੇ ਹੋ ਜਿਵੇਂ ਰੈਸਟੋਰੈਂਟ ਵਿਚ ਖਾਣਾ ਤਾਂ ਇਹ ਕਾਨੂੰਨ ਤੁਹਾਡੀ ਅਨੁਚਿਤ ਭੇਦ-ਭਾਵ ਤੋਂ ਰੱਖਿਆ ਕਰਦੇ ਹਨ।

**ਸ਼ਿਕਾਇਤ ਕਰਨਾ.** ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਤੁਸੀਂ ਕਨੇਡੀਅਨ ਹਿਊਮਨ ਰਾਈਟਸ ਕਮਿਸ਼ਨ ਜਾਂ ਬੀ. ਸੀ. ਹਿਊਮਨ ਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਕਰ ਸਕਦੇ ਹੋ। ਇਹਨਾਂ ਅਦਾਰਿਆਂ ਕੋਲ ਤੁਹਾਡੀ ਸ਼ਿਕਾਇਤ ਪ੍ਰਤੀ ਪੁੱਛ-ਪੜਤਾਲ ਕਰਨ ਅਤੇ ਵਿਤਕਰੇ ਦੇ ਹੱਲ ਲਈ ਕਾਰਵਾਈ ਕਰਨ ਦਾ ਅਧਿਕਾਰ ਹੈ।

British Columbia
Human Rights
Commission

ਅਨੁਚਿਤ ਵਿਤਕਰੇ ਦੇ ਹੱਲਾਂ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ❑ ਵਿਤਕਰੇ ਨੂੰ ਰੋਕਣ ਦਾ ਹੁਕਮ
- ❑ ਤੁਹਾਨੂੰ ਉਹ ਮੌਕਾ ਦੇਣ ਦਾ ਹੁਕਮ ਜਿਸ ਤੋਂ ਤੁਹਾਨੂੰ ਨਾਂਹ ਕੀਤੀ ਗਈ ਸੀ (ਜਿਵੇਂ ਨੌਕਰੀ)
- ❑ ਕਿਸੇ ਵੀ ਤਰ੍ਹਾਂ ਦੇ ਖਰਚੇ ਲਈ ਮੁਆਵਜ਼ਾ ਦੇਣ ਦਾ ਹੁਕਮ ਜੋ ਵਿਤਕਰੇ ਕਾਰਣ ਹੋਇਆ ਹੋਵੇ
- ❑ ਵਿਤਕਰੇ ਕਾਰਣ ਤੁਹਾਡੇ ਮਾਣ, ਭਾਵਨਾਵਾਂ ਜਾਂ ਸਵੈ-ਆਦਰ ਨੂੰ ਸੱਟ ਪਹੁੰਚੀ ਹੋਵੇ ਤਾਂ ਉਸ ਲਈ ਭੁਗਤਾਨ ਦੇਣ ਦਾ ਹੁਕਮ

ਕੁੱਝ ਹਾਲਤਾਂ ਵਿਚ, ਮਾਲਕ ਨੂੰ ਇੰਪਲਾਇਮੈਂਟ ਇਕੁਇਟੀ ਪ੍ਰੋਗਰਾਮ ਬਣਾਉਣ ਦਾ ਹੁਕਮ ਦਿੱਤਾ ਜਾਂਦਾ ਹੈ। ਇਸ ਵਿਚ ਮਾਲਕ ਨੂੰ ਅਜਿਹੇ ਕਦਮ ਲੈਣ ਦੀ ਜ਼ਰੂਰਤ ਪੈਂਦੀ ਹੈ ਜਿਨ੍ਹਾਂ ਨਾਲ ਇਹ ਯਕੀਨੀ ਬਣ ਸਕੇ ਕਿ ਕੰਮ ਤੇ ਦੂਜੇ ਲੋਕ ਵਿਤਕਰੇ ਦਾ ਸ਼ਿਕਾਰ ਨਾਂ ਹੋਣ।

## ਜਾਣਕਾਰੀ ਅਤੇ ਵਿਅਕਤੀਗਤ ਕਾਨੂੰਨਾਂ ਤੱਕ ਪਹੁੰਚ

ਦੋ ਕਾਰਣਾਂ ਕਰਕੇ ਨਾਗਰਿਕਾਂ ਦੀ ਉਸ ਜਾਣਕਾਰੀ ਤੱਕ ਪਹੁੰਚ ਹੋਣੀ ਚਾਹੀਦੀ ਹੈ ਜਿਸ ਤੇ ਸਰਕਾਰ ਦੁਆਰਾ ਕੰਟਰੋਲ ਕੀਤਾ ਜਾਂਦਾ ਹੈ:

- ਜਾਣਕਾਰੀ ਭਰਪੂਰ ਲੋਕਤੰਤਰੀ ਫੈਸਲੇ ਕਰਨ, ਅਤੇ
- ਚੁਣੇ ਹੋਏ ਪ੍ਰਤੀਨਿਧ ਨੂੰ ਆਪਣੇ ਸਾਹਮਣੇ ਜੁਆਬਦੇਹ ਬਣਾਉਣਾ

ਸਰਕਾਰਾਂ ਕੋਲ ਨਾਗਰਿਕਾਂ ਬਾਰੇ ਬਹੁਤ ਸਾਰੀ ਜਾਣਕਾਰੀ ਹੁੰਦੀ ਹੈ ਜੋ ਕਿ ਪ੍ਰਾਈਵੇਟ ਅਤੇ ਨਾਜ਼ਕ ਹੁੰਦੀ ਹੈ। ਇਹ ਜਾਣਕਾਰੀ ਸੁਰੱਖਿਅਤ ਹੋਣੀ ਚਾਹੀਦੀ ਹੈ।

**ਲੋਕਤੰਤਰਤਾ ਦੀ ਕਾਮਯਾਬੀ ਲਈ ਨਾਗਰਿਕਾਂ ਕੋਲ ਦੋਵੇਂ ਅਧਿਕਾਰ –ਜਾਣਕਾਰੀ ਤੱਕ ਪਹੁੰਚ ਅਤੇ ਪ੍ਰਾਈਵੇਸੀ ਦਾ ਹੱਕ ਹੋਣੇ ਚਾਹੀਦੇ ਹਨ।**

ਕਨੇਡਾ ਵਿਚ ਕੇਂਦਰੀ ਅਤੇ ਸੂਬਾਈ ਦੋਵੇਂ ਪੱਧਰਾਂ ਤੇ ਜਾਣਕਾਰੀ ਤੱਕ ਪਹੁੰਚਣ ਅਤੇ ਪ੍ਰਾਈਵੇਸੀ ਦੇ ਕਾਨੂੰਨ ਹਨ।

ਕੇਂਦਰੀ ਤੌਰ ਤੇ, **ਐਕਸੈਸ ਟੂ ਇਨਫਰਮੇਸ਼ਨ ਐਕਟ** ਨਾਗਰਿਕਾਂ ਨੂੰ ਉਸ ਜਾਣਕਾਰੀ ਤੱਕ ਪਹੁੰਚ ਦਾ ਮੁੱਢਲਾ ਅਧਿਕਾਰ ਪ੍ਰਦਾਨ ਕਰਦਾ ਹੈ ਜੋ ਕਿ ਕੇਂਦਰੀ ਸਰਕਾਰ ਦੁਆਰਾ ਕੰਟਰੋਲ ਕੀਤੀ ਜਾਂਦੀ ਹੈ। ਇਹ **ਐਕਟ** ਨਾਗਰਿਕਾਂ ਲਈ ਜਾਣਕਾਰੀ ਤੱਕ ਪਹੁੰਚ ਲਈ ਬੇਨਤੀ ਕਰਨ ਦਾ ਢਾਂਚਾ ਵੀ ਤਿਆਰ ਕਰਦਾ ਹੈ

ਬਹੁਤ ਸਾਰੇ ਪ੍ਰਾਂਤਾਂ ਵਿਚ ਜਾਣਕਾਰੀ ਤੱਕ ਪਹੁੰਚ ਦੇ ਕਾਨੂੰਨ ਹਨ। ਉਦਾਹਰਣ ਦੇ ਤੌਰ ਤੇ ਬ੍ਰਿਟਿਸ਼ ਕੋਲੰਬੀਆ ਵਿਚ **ਫਰੀਡਮ ਆਫ ਇਨਫਰਮੇਸ਼ਨ ਐਂਡ ਪਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ** ਸਾਰਿਆਂ ਨੂੰ ਸਰਕਾਰ ਦੁਆਰਾ ਕੰਟਰੋਲ ਕੀਤੀ ਗਈ ਜਾਣਕਾਰੀ ਲਈ ਬੇਨਤੀ ਕਰਨ ਅਤੇ ਉਸ ਜਾਣਕਾਰੀ ਨੂੰ ਪ੍ਰਾਪਤ ਕਰਨ ਦਾ ਅਧਿਕਾਰ ਦਿੰਦਾ ਹੈ।





ਜਾਣਕਾਰੀ ਤੱਕ ਪਹੁੰਚ ਦੇ ਅਧਿਕਾਰ ਸੰਪੂਰਣ ਨਹੀਂ ਹਨ। ਜੇ ਸਰਕਾਰ ਕੋਲ ਜਾਣਕਾਰੀ ਨਾ ਦੇਣ ਦੇ ਉਚਿੱਤ ਕਾਰਣ ਹੋਣ ਤਾਂ ਵੱਖ-ਵੱਖ ਹਾਲਤਾਂ ਵਿਚ ਸਰਕਾਰ ਨੂੰ ਇਸ ਕਾਨੂੰਨ ਤੋਂ ਛੋਟ ਮਿਲ ਸਕਦੀ ਹੈ।

ਉਦਾਹਰਣ ਦੇ ਤੌਰ ਤੇ, ਕੇਂਦਰੀ ਅਤੇ ਸੂਬਾਈ ਕਾਨੂੰਨਾਂ ਵਿਚ ਅਜਿਹੀ ਜਾਣਕਾਰੀ ਬਾਰੇ ਛੋਟ ਦਿੱਤੀ ਗਈ ਹੈ ਜਿਹੜੀ ਜਾਣਕਾਰੀ ਸਰਕਾਰ ਨੂੰ ਗੁਪਤ ਰੂਪ ਵਿਚ ਕੇਵਲ ਸਰਕਾਰ ਦੀ ਵਰਤੋਂ ਲਈ ਦਿੱਤੀ ਗਈ ਹੋਵੇ।

ਪਹੁੰਚ ਦੇ ਅਧਿਕਾਰ ਵਿਚ ਹੋਰ ਵੀ ਛੋਟਾਂ ਸ਼ਾਮਲ ਹਨ:

- ਤੀਸਰੀ ਪਾਰਟੀ ਬਾਰੇ ਜਾਣਕਾਰੀ
- ਕੌਮੀ ਸੁਰੱਖਿਆ ਸਬੰਧਿਤ ਜਾਣਕਾਰੀ
- ਕਾਨੂੰਨ ਲਾਗੂ ਕਰਨ ਜਾਂ ਪੁੱਛ-ਪੜਤਾਲ ਸਬੰਧੀ ਜਾਣਕਾਰੀ
- ਦੂਜੇ ਵਿਅਕਤੀਆਂ ਬਾਰੇ ਨਿੱਜੀ ਜਾਣਕਾਰੀ ਲੈਣੀ

ਪ੍ਰਾਈਵੇਸੀ (ਨਿੱਜੀ) ਅਧਿਕਾਰ: ਲੋਕਤੰਤਰ ਵਿਚ ਪ੍ਰਾਈਵੇਸੀ ਨਾਗਰਿਕ ਦਾ ਇਕ ਹੋਰ ਮੁੱਢਲਾ ਅਧਿਕਾਰ ਹੈ। ਸਾਨੂੰ ਸਰਕਾਰ ਦੇ ਕੰਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਸਾਡੇ ਬਾਰੇ ਨਿੱਜੀ ਜਾਣਕਾਰੀ ਇਕੱਠੀ ਨਹੀਂ ਕਰਨੀ ਚਾਹੀਦੀ ਅਤੇ ਨਾਂ ਹੀ ਨਿੱਜੀ ਮਾਮਲਿਆਂ ਬਾਰੇ ਬਿਨਾਂ ਕਿਸੇ ਉਚਿੱਤ ਕਾਰਣ ਦੇ ਨਿਰੀਖਣ ਕਰਨਾ ਚਾਹੀਦਾ ਹੈ।

**ਇਹ ਬਹੁਤ ਜ਼ਰੂਰੀ ਹੈ ਕਿ ਸਰਕਾਰ ਨੂੰ ਸਾਡੇ ਬਾਰੇ ਨਿਜੀ ਜਾਣਕਾਰੀ ਕਿਸੇ ਹੋਰ ਨਾਗਰਿਕ ਜਾਂ ਜਥੇਬੰਦੀਆਂ ਨੂੰ ਨਹੀਂ ਦੱਸਣੀ ਚਾਹੀਦੀ।**

ਕੇਂਦਰੀ ਸਰਕਾਰ ਦੇ ਉਸ ਕਾਨੂੰਨ ਜੋ ਸਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਦਾ ਹੈ, ਨੂੰ **ਪ੍ਰਾਈਵੇਸੀ ਐਕਟ** ਕਹਿੰਦੇ ਹਨ। ਬਹੁਤ ਸਾਰੇ ਦੂਜੇ ਸੂਬਿਆਂ ਦੇ ਵੀ ਇਹੋ ਜਿਹੇ ਕਾਨੂੰਨ ਹਨ। ਬ੍ਰਿਟਿਸ਼ ਕੋਲੰਬੀਆ ਦਾ **ਫਰੀਡਮ ਆਫ ਇਨਫਰਮੇਸ਼ਨ ਐਂਡ ਪਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ** ਵੀ ਨਾਗਰਿਕਾਂ ਦੀ ਪ੍ਰਾਈਵੇਸੀ ਦੀ ਰੱਖਿਆ ਕਰਦਾ ਹੈ।

**ਛੋਟਾਂ:** ਵੱਖਰੇ-ਵੱਖਰੇ ਕਾਨੂੰਨਾਂ ਵਿਚ ਇਹਨਾਂ ਸਿਧਾਂਤਾਂ ਬਾਰੇ ਬਹੁਤ ਸਾਰੀਆਂ ਛੋਟਾਂ ਹਨ। ਉਦਾਹਰਣ ਦੇ ਤੌਰ ਤੇ, ਜੇ ਪੁਲਿਸ ਕਿਸੇ ਉਚਿੱਤ ਜੁਰਮ ਬਾਰੇ ਛਾਣ-ਬੀਣ ਕਰ ਰਹੀ ਹੋਵੇ ਤਾਂ ਉਹ ਨਾਗਰਿਕ ਨੂੰ ਦੱਸੇ ਬਗੈਰ ਉਸ ਪ੍ਰਤੀ ਜਾਣਕਾਰੀ ਇਕੱਠੀ ਕਰ ਸਕਦੀ ਹੈ। ਪੁਲਿਸ ਨਾਗਰਿਕ ਨੂੰ ਉਸਦੀ ਆਪਣੀ ਨਿੱਜੀ ਜਾਣਕਾਰੀ ਦੇਣ ਤੋਂ ਨਾਂਹ ਵੀ ਕਰ ਸਕਦੀ ਹੈ, ਜੇ ਜਾਣਕਾਰੀ ਦੱਸਣ ਨਾਲ ਕਾਨੂੰਨ ਲਾਗੂ ਕਰਨ ਜਾਂ ਪੁਲਿਸ ਨੂੰ ਛਾਣ-ਬੀਣ ਵਿਚ ਰੁਕਾਵਟ ਪੈਂਦੀ ਹੋਵੇ।

## ਪ੍ਰਾਈਵੇਸੀ ਦੇ ਚਾਰ ਮੂਲ ਸਿਧਾਂਤ




- ਨਾਗਰਿਕਾਂ ਬਾਰੇ ਨਿੱਜੀ ਜਾਣਕਾਰੀ ਸਰਕਾਰ ਦੁਆਰਾ ਸਿਰਫ ਸਰਕਾਰ ਦੇ ਉਚਿੱਤ ਉਦੇਸ਼ਾਂ ਲਈ ਇਕੱਠੀ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ,ਸੂਬਾਈ ਸਰਕਾਰ ਕੋਲ ਡਰਾਈਵਿੰਗ ਲਾਇਸੈਂਸ ਦੇਣ ਤੋਂ ਪਹਿਲਾਂ ਸਬੰਧਿਤ ਵਿਅਕਤੀ ਦੀ ਸੇਹਤ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ।
- ਸਰਕਾਰ ਦੁਆਰਾ ਨਿੱਜੀ ਜਾਣਕਾਰੀ ਇਕੱਠੀ ਕਰ ਸਕਣ ਤੋਂ ਪਹਿਲਾਂ ਨਾਗਰਿਕ ਨੂੰ ਆਪਣੀ ਸਹਿਮਤੀ ਜ਼ਰੂਰ ਦੇਣੀ ਚਾਹੀਦੀ ਹੈ। ਸਰਕਾਰ ਨੂੰ ਨਿੱਜੀ ਜਾਣਕਾਰੀ ਇਕੱਠੀ ਕਰਨ ਦਾ ਕਾਰਣ ਨਾਗਰਿਕਾਂ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ।
- ਨਿੱਜੀ ਜਾਣਕਾਰੀ ਦੀ ਉਸੇ ਉਦੇਸ਼ ਲਈ ਵਰਤੋਂ ਕਰਨੀ ਚਾਹੀਦੀ ਹੈ ਜਿਸ ਉਦੇਸ਼ ਲਈ ਇਹ ਇਕੱਠੀ ਕੀਤੀ ਗਈ ਸੀ, ਜਿੰਨੀ ਦੇਰ ਨਾਗਰਿਕ ਹੋਰ ਵੱਖਰੇ ਉਦੇਸ਼ ਦੀ ਵਰਤੋਂ ਲਈ ਰਾਜ਼ੀ ਨਹੀਂ ਹੁੰਦਾ।
- ਨਾਗਰਿਕਾਂ ਨੂੰ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਦਾ ਵੀ ਅਧਿਕਾਰ ਹੋਣਾ ਚਾਹੀਦਾ ਹੈ ਜਿਸ ਵਿਚ ਗਲਤ ਨਿੱਜੀ ਜਾਣਕਾਰੀ ਨੂੰ ਠੀਕ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ।





ਸਰਕਾਰੀ ਅਦਾਰੇ ਜਾਣਕਾਰੀ ਤੱਕ ਪਹੁੰਚ ਅਤੇ ਪ੍ਰਾਈਵੇਸੀ ਦੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਜ਼ੁੰਮੇਵਾਰ ਹਨ। ਕੇਂਦਰੀ ਪੱਧਰ ਤੇ ਤੁਸੀਂ ਇਨਫਰਮੇਸ਼ਨ ਕਮਿਸ਼ਨਰ ਨਾਲ (ਜਾਣਕਾਰੀ ਹਾਸਲ ਕਰਨ ਲਈ) ਸੰਪਰਕ ਕਰ ਸਕਦੇ ਹੋ ਜਾਂ ਕੇਂਦਰੀ ਸਰਕਾਰੀ ਅਦਾਰਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਪ੍ਰਾਈਵੇਸੀ ਕਮਿਸ਼ਨਰ ਨਾਲ ਸੰਪਰਕ ਕਰ ਸਕਦੇ ਹੋ। ਬੀ. ਸੀ. ਵਿਚ ਇਕ ਅਦਾਰਾ ਹੀ ਦੋਨੋਂ ਕੰਮ ਕਰਦਾ ਹੈ। ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦਾ ਦਫਤਰ ਤੁਹਾਡੇ ਸਰੋਕਾਰਾਂ ਬਾਰੇ ਤੁਹਾਡੀ ਮੱਦਦ ਕਰ ਸਕਦਾ ਹੈ।

ਇਹਨਾਂ ਅਦਾਰਿਆਂ ਕੋਲ ਸਰਕਾਰ ਦੁਆਰਾ ਕੀਤੇ ਕੰਮਾਂ ਦੀ ਛਾਣ-ਬੀਣ ਕਰਨ ਦੀ ਤਾਕਤ ਹੈ। ਬਦਕਿਸਮਤ ਨਾਲ ਫੈਡਰਲ ਇਨਫਰਮੇਸ਼ਨ ਕਮਿਸ਼ਨਰ ਅਤੇ ਫੈਡਰਲ ਪ੍ਰਾਈਵੇਸੀ ਕਮਿਸ਼ਨਰ ਦੀਆਂ ਸਿਫਾਰਸ਼ਾਂ ਕੇਂਦਰੀ ਸਰਕਾਰ ਤੇ ਬੰਦਸ਼ ਨਹੀਂ ਹਨ।

ਇਸ ਦੇ ਉਲਟ, ਬੀ. ਸੀ. ਸਰਕਾਰ ਨੂੰ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਦਾ ਹੁਕਮ ਜ਼ਰੂਰ ਮੰਨਣਾ ਪੈਂਦਾ ਹੈ।

ਜਾਣਕਾਰੀ ਤੱਕ ਪਹੁੰਚ ਅਤੇ ਪ੍ਰਾਈਵੇਸੀ ਸਬੰਧੀ ਕਾਨੂੰਨ ਸਰਕਾਰ ਦੀਆਂ ਕਾਰਵਾਈਆਂ ਨਾਲ ਹੀ ਲਾਗੂ ਹੁੰਦੇ ਹਨ। ਜਿਸ ਵਿਚ ਅਕਸਰ ਲੋਕਲ ਸਰਕਾਰਾਂ ਦੀ ਵੀ ਸ਼ਮੂਲੀਅਤ ਹੁੰਦੀ ਹੈ। ਬੀ. ਸੀ ਵਿਚ ਇਹ ਕਾਨੂੰਨ ਉਹਨਾਂ ਅਦਾਰਿਆਂ ਤੇ ਵੀ ਲਾਗੂ ਹੁੰਦੇ ਹਨ ਜਿਹੜੇ ਕਿ ਕਿੱਤਿਆਂ ਨੂੰ ਨਿਯਮਬੱਧ ਕਰਨ ਲਈ ਸਰਕਾਰੀ ਅਦਾਰਿਆਂ ਵਾਂਗ ਕੰਮ ਕਰਦੇ ਹਨ। ਇਸਦੇ ਨਾਲ ਹੀ ਬੀ.ਸੀ. ਵਿਚ ਇਹ ਕਾਨੂੰਨ ਯੂਨੀਵਰਸਿਟੀਆਂ ਅਤੇ ਕਾਲਜਾਂ ਤੇ ਵੀ ਲਾਗੂ ਹੁੰਦੇ ਹਨ।

OFFICE OF THE
INFORMATION & PRIVACY
COMMISSIONER
— for —
*British Columbia*

ਇਹ ਕਾਨੂੰਨ ਪ੍ਰਾਈਵੇਟ ਸੈਕਟਰ ਦੇ ਸੰਗਠਨਾਂ ਜਿਵੇਂ ਮਾਲਕ ਅਤੇ ਵਿੱਤੀ ਸੰਸਥਾਵਾਂ ਤੇ ਲਾਗੂ ਨਹੀਂ ਹੁੰਦੇ।

ਫਿਰ ਵੀ, ਬੀ. ਸੀ. ਵਿਚ **ਪ੍ਰਾਈਵੇਸੀ ਐਕਟ** ਨਾਗਰਿਕਾਂ ਨੂੰ ਇਹ ਆਮ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਵੀ ਵਿਅਕਤੀ ਨੂੰ ਅਦਾਲਤ ਵਿਚ ਲਿਜਾ ਸਕਦੇ ਹਨ ਜਿਸ ਨੇ ਉਹਨਾਂ ਦੇ ਪ੍ਰਾਈਵੇਸੀ ਦੇ ਅਧਿਕਾਰ ਦੀ ਉਲੰਘਣਾ ਕੀਤੀ ਹੋਵੇ।

# ਹੋਰ ਕੇਂਦਰੀ ਅਤੇ ਸੂਬਾਈ ਕਾਨੂੰਨ

ਹੋਰ ਵੀ ਕਈ ਕੇਂਦਰੀ ਅਤੇ ਸੂਬਾਈ ਕਾਨੂੰਨ ਅਤੇ ਸਥਾਨਕ ਸਰਕਾਰ ਦੇ ਉੱਪ ਕਾਨੂੰਨ ਸਾਡੇ ਲੋਕਤੰਤਰੀ ਅਧਿਕਾਰਾਂ ਅਤੇ ਸੁਤੰਤਰਤਾਂਵਾਂ ਦੀ ਅਸਿੱਧੇ ਤੌਰ ਤੇ ਰੱਖਿਆ ਕਰਦੇ ਹਨ। ਕੁੱਝ ਉਦਾਹਰਣਾਂ ਇਸ ਤਰ੍ਹਾਂ ਹਨ:

> ਕੁੱਝ ਕਾਨੂੰਨ  ਸਰਕਾਰੀ ਅਦਾਰਿਆਂ ਨੂੰ ਇਹ ਸ਼ਕਤੀ ਦਿੰਦੇ ਹਨ ਕਿ ਉਹ ਨਾਗਰਿਕਾਂ ਦੇ ਕੰਮਾਂ ਦਾ ਨਿਰੀਖਣ ਕਰ ਸਕਣ। ਨਾਲ ਹੀ, ਇਹੀ ਕਾਨੂੰਨ ਨਾਗਰਿਕਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਕੰਮਾਂ ਅਤੇ ਵਤੀਰੇ ਬਾਰੇ ਪ੍ਰਸ਼ਨ ਕਰਨ ਦੀ ਆਗਿਆ ਦਿੰਦੇ ਹਨ।

ਉਦਾਹਰਣ: **ਪੁਲਿਸ.** ਬ੍ਰਿਟਿਸ਼ ਕੋਲੰਬੀਆ ਵਿਚ **ਪੁਲਿਸ ਐਕਟ ਅਤੇ ਫੈਡਰਲ ਆਰ ਸੀ ਐਮ ਪੀ ਐਕਟ**  ਪੁਲਿਸ ਨੂੰ ਕਾਨੂੰਨ ਲਾਗੂ ਕਰਨ ਦਾ ਅਧਿਕਾਰ ਦਿੰਦੇ ਹਨ। ਇਹੀ ਕਾਨੂੰਨ ਨਾਗਰਿਕਾਂ ਨੂੰ ਪੁਲਿਸ ਦੇ ਵਤੀਰੇ ਬਾਰੇ ਸ਼ਿਕਾਇਤ ਕਰਨ ਦਾ ਅਧਿਕਾਰ ਦਿੰਦੇ ਹਨ ਅਤੇ ਉਹਨਾਂ ਸਿਕਾਇਤਾਂ ਬਾਰੇ ਵਾਜਿਬ ਅਤੇ ਸਮੇਂ ਸਿਰ ਜੁਆਬ ਦੀ ਉਮੀਦ ਕਰਦੇ ਹਨ। (ਪੁਲਿਸ ਦੀਆਂ ਸ਼ਿਕਾਇਤਾਂ ਬਾਰੇ ਹੋਰ ਜਾਣਕਾਰੀ ਲੈਣ ਲਈ ਅਧਿਆਇ ਪੰਜਵਾਂ ਦੇਖੋ)

ਕੁੱਝ ਕਾਨੂੰਨ ਨਿਗਰਾਨ ਅਦਾਰੇ ਬਣਾਉਂਦੇ ਹਨ। ਇਹ ਅਦਾਰੇ ਸਰਕਾਰ ਦੇ ਕੰਮਾਂ ਦਾ ਨਿਰੀਖਣ ਕਰਦੇ ਹਨ ਅਤੇ ਕੁੱਝ ਹਾਲਤਾਂ ਵਿਚ ਸਰਕਾਰ ਦੇ ਵਤੀਰੇ ਬਾਰੇ ਪਬਲਿਕ ਰਿਪੋਰਟਾਂ ਤਿਆਰ ਕਰਦੇ ਹਨ।

**ਔਂਬੁਡਜ਼ਮੈਨ (ਲੋਕਪਾਲ).** ਬੀ. ਸੀ. ਵਿਚ ਲੋਕਪਾਲ ਦਾ ਦਫਤਰ ਉਹਨਾਂ ਨਾਗਰਿਕਾਂ ਦੀਆਂ ਸ਼ਿਕਾਇਤਾਂ ਸਵੀਕਾਰ ਕਰਦਾ ਹੈ ਜੋ ਇਹ ਮਹਿਸੂਸ ਕਰਦੇ ਹਨ ਕਿ ਸੂਬਾਈ ਸਰਕਾਰ ਦੇ ਅਦਾਰਿਆਂ ਦੁਆਰਾ ਉਹਨਾਂ ਨਾਲ ਅਨੁਚਿਤ ਸਲੂਕ ਕੀਤਾ ਗਿਆ ਹੈ। ਲੋਕਪਾਲ ਇਸ ਬਾਰੇ ਸਰਕਾਰ ਨੂੰ ਸਿਫਾਰਸ਼ਾਂ ਦੇ ਸਕਦੇ ਹਨ ਅਤੇ ਪਬਲਿਕ ਰਿਪੋਰਟਾਂ ਤਿਆਰ ਕਰ ਸਕਦੇ ਹਨ। (ਲੋਕਪਾਲ ਬਾਰੇ ਹੋਰ ਜਾਣਕਾਰੀ ਲੈਣ ਲਈ ਅਧਿਆਇ ਛੇਵਾਂ ਦੇਖੋ)

**ਆਡੀਟਰ ਜਨਰਲ** (ਲੇਖਾ-ਪਰੀਖਿਅਕ ਜਰਨੈਲ). ਕੇਂਦਰੀ ਸਰਕਾਰ ਅਤੇ ਸੂਬਾਈ ਸਰਕਾਰਾਂ ਦਾ ਇਕ ਆਡੀਟਰ ਜਨਰਲ ਹੁੰਦਾ ਹੈ_ਜੋ ਸਰਕਾਰ ਵੱਲੋਂ ਸਰਕਾਰੀ ਪੈਸੇ ਦੇ ਕੀਤੇ ਜਾਂਦੇ ਆਰਥਿਕ ਪ੍ਰਬੰਧ ਦੇ ਤਰੀਕਿਆਂ ਦਾ ਨਿਰੀਖਣ ਕਰਦੇ ਹਨ।





**ਪ੍ਰਾਈਵੇਟ ਸੈਕਟਰ:** ਕੁੱਝ ਕਾਨੂੰਨ ਗਾਹਕਾਂ ਦੀ ਰੱਖਿਆ ਲਈ ਪ੍ਰਾਈਵੇਟ ਸੈਕਟਰ ਦੇ ਅਦਾਰਿਆਂ (ਮਾਲਕਾਂ ਦੇ ਸੰਗਠਨ ਅਤੇ ਹੋਰ ਗੈਰ ਸਰਕਾਰੀ ਸੰਗਠਨ) ਤੇ ਵੀ ਲਾਗੂ ਹੁੰਦੇ ਹਨ। **ਫੈਡਰਲ ਬੈਂਕ ਐਕਟ** ਬੈਂਕ ਨਾਲ ਕਾਰ ਵਿਹਾਰ ਕਰਨ ਵਾਲੇ ਨਾਗਰਿਕਾਂ ਦੇ ਹਿੱਤਾਂ ਦੀ ਰੱਖਿਆ ਕਰਦੇ ਹਨ। ਜਿਆਦਾ ਸੂਬਿਆਂ ਵਿਚ ਅਜਿਹੇ ਕਾਨੂੰਨ ਹਨ ਜੋ ਵਿਕਰੇਤਾਵਾਂ (ਸੇਜ਼ਲ ਪੀਪਲਜ਼) ਨਾਲ ਵਰਤੋਂ-ਵਿਹਾਰ ਵਿਚ ਖਪਤਕਾਰਾਂ ਦੀ ਸੁਰੱਖਿਆ ਕਰਦੇ ਹਨ। ਇਸੇ ਤਰ੍ਹਾਂ ਕਰੈਡਿਟ ਬਿਊਰੋ ਅਤੇ ਕਰੈਡਿਟ ਅਦਾਰੇ (ਉਹ ਸੰਗਠਨ ਜੋ ਵਿਅਕਤੀਆਂ ਦੇ ਕਰਜ਼ਿਆਂ ਦੇ ਰਿਕਾਰਡ ਬਾਰੇ ਜਾਣਕਾਰੀ ਦਿੰਦੇ ਹਨ) ਅਕਸਰ ਸੂਬਾਈ ਕਾਨੂੰਨਾਂ ਦੁਅਰਾ ਚਲਾਏ ਜਾਂਦੇ ਹਨ ਜੋ ਕਿ ਇਹ ਪੱਕਾ ਕਰਦੇ ਹਨ ਕਿ ਕਰੈਡਿਟ ਅਦਾਰਿਆਂ ਦਾ ਵਤੀਰਾ ਨਾਗਰਿਕਾਂ ਪ੍ਰਤੀ ਉਚਿੱਤ ਹੋਵੇ।

**ਅਦਾਲਤੀ ਨਿਰੀਖਣ:** ਹੋਰ ਕਾਨੂੰਨ ਨਾਗਰਿਕਾਂ ਨੂੰ ਸਰਕਾਰੀ ਏਜੰਸੀ  ਦੁਆਰਾ ਦਿੱਤੇ ਗਏ ਫੈਸਲੇ ਜੋ ਉਹਨਾਂ ਤੇ ਪ੍ਰਭਾਵ ਪਾਉਂਦਾ ਹੈ ਦਾ ਅਦਾਲਤ ਦੁਆਰਾ ਨਿਰੀਖਣ ਕਰਵਾਉਣ ਦਾ ਅਧਿਕਾਰ ਦਿੰਦੇ ਹਨ। ਇਸਨੂੰ ਅਦਾਲਤੀ ਨਿਰੀਖਣ ਕਿਹਾ ਜਾਂਦਾ ਹੈ।

**ਸਥਾਨਕ ਕਾਨੂੰਨ:** ਕੁੱਝ ਕਾਨੂੰਨ ਸਮਾਜ ਦੇ ਸਾਂਝੇ ਉਦੇਸ਼ਾਂ ਨੂੰ ਵਧਾਉਣ ਲਈ ਸਾਡੀ ਆਜ਼ਾਦੀ ਤੇ ਪਾਬੰਦੀ ਲਾਉਂਦੇ ਹਨ। ਉਦਾਹਰਣ ਦੇ ਤੌਰ ਤੇ ਹੱਦਬੰਦੀ ਦੇ ਉੱਪ-ਕਾਨੂੰਨ ਇਹ ਹੱਦ ਨਿਸ਼ਚਤ ਕਰਦੇ ਹਨ ਕਿ ਪ੍ਰਾਈਵੇਟ ਜਾਇਦਾਦ ਤੇ ਕਿਸ ਤਰ੍ਹਾਂ ਦੀ ਇਮਾਰਤ ਬਣ ਸਕਦੀ ਹੈ।

**ਇਜ਼ੱਤ:** ਕਾਨੂੰਨ ਜਾਂ ਨੀਤੀ ਅਧੀਨ ਸਰਕਾਰੀ ਅਦਾਰਿਆਂ ਅਤੇ ਉਹਨਾਂ ਦੇ ਕਰਮਚਾਰੀਆਂ ਲਈ ਇਹ ਜਰੂਰੀ ਹੈ ਕਿ ਨਾਗਰਿਕਾਂ ਨਾਲ ਇਜ਼ੱਤ ਨਾਲ ਪੇਸ਼ ਆਉਣ। ਇਜ਼ੱਤ ਦਾ ਮਤਲਬ ਨਿਮਰਤਾ ਨਾਲ ਪੇਸ਼ ਆਉਣ ਤੋਂ ਵੱਧ ਹੈ। ਇਸਦਾ ਮਤਲਬ ਇਹ ਹੈ ਕਿ ਸਰਕਾਰੀ ਅਦਾਰੇ ਨਾਗਰਿਕਾਂ ਵੱਲੋਂ ਆਈਆਂ ਸ਼ਿਕਾਇਤਾਂ ਵੱਲ ਝੱਟਪੱਟ ਧਿਆਨ ਦੇਣ, ਸਵਾਲਾਂ ਦੇ ਜੁਆਬ ਦੇਣ, ਨਾਗਰਿਕਾਂ ਤੇ ਅਸਰ ਪਾਉਣ ਵਾਲੇ ਫੈਸਲਿਆਂ ਨੂੰ ਸਪਸ਼ਟ ਕਰਨ ਅਤੇ ਸਰਕਾਰ ਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਢੰਗਾਂ ਬਾਰੇ ਨਾਗਰਿਕਾਂ ਨੂੰ ਸਮਝ ਆਉਣ ਵਾਲੀ ਬੋਲੀ ਵਿਚ ਦੱਸਣ।

ਇਸ ਅਧਿਆਇ ਵਿਚ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਬਾਰੇ ਕੇਵਲ ਕੁੱਝ ਹੀ ਕਾਨੂੰਨ ਦੱਸੇ ਗਏ ਹਨ। ਹੋਰ ਜਾਣਕਾਰੀ ਲੈਣ ਲਈ ਆਪਣੀ ਲੋਕਲ ਕੋਰਟ ਹਾਊਸ ਲਾਇਬ੍ਰੇਰੀ, ਕਾਨੂੰਨੀ ਸਹਾਇਤਾ ਦੇ ਦਫਤਰ, ਵਕੀਲ ਸਬੰਧੀ ਸੇਵਾਂਵਾਂ, ਜਾਂ ਐਡਵੋਕੇਸੀ ਔਰਗੇਨਾਈਜ਼ੇਸ਼ਨ ਨਾਲ ਸੰਪਰਕ ਕਰੋ।

# ਅਦਾਲਤ ਵਿਚ ਜਾਣਾ

ਨਾਗਰਿਕਾਂ ਦੇ ਤੌਰ ਤੇ ਅਧਿਕਾਰਾਂ ਸੁਤੰਤਰਤਾਵਾਂ ਦੀ ਰੱਖਿਆ ਕਰਨ ਵਾਲੇ ਖਾਸ ਕਾਨੂੰਨਾਂ ਦੇ ਨਾਲ ਨਾਲ ਕਨੇਡਾ ਦੀ ਨਿਆਂ-ਪ੍ਰਣਾਲੀ ਵੀ ਬਹੁਤ ਵਿਕਸਤ ਹੈ। ਇਹ ਪ੍ਰਬੰਧ ਸਾਰਿਆਂ ਨੂੰ ਆਪਣੇ ਅਧਿਕਾਰਾਂ ਲਈ ਅਦਾਲਤ ਵਿਚ ਜਾਣ ਦੀ ਆਗਿਆ ਦਿੰਦਾ ਹੈ।

**ਰਿਵਾਜੀ** ਕਾਨੂੰਨ: ਬਹੁਤ ਦੇਰ ਤੋਂ ਸਾਡੀ ਕਾਨੂੰਨ ਪ੍ਰਣਾਲੀ ਨੇ ਅਜਿਹੇ ਕਈ ਨਿਯਮ ਬਣਾਏ ਹਨ ਜੋ ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਅਤੇ ਹਿੱਤਾਂ ਦੀ ਰੱਖਿਆ ਲਈ ਅਦਾਲਤ ਜਾਣ ਦੀ ਆਗਿਆ ਦਿੰਦੇ ਹਨ। **ਰਿਵਾਜੀ ਕਾਨੂੰਨ** ਦੇ ਨਾਂ ਨਾਲ ਜਾਣੇ ਜਾਂਦੇ, ਇਹ ਨਿਯਮ ਸਰਕਾਰ ਅਤੇ ਨਾਗਰਿਕਾਂ ਦੇ ਸਬੰਧਾਂ ਦੀ ਬਜਾਇ ਨਾਗਰਿਕਾਂ ਵਿਚਕਾਰ ਆਪਸੀ ਸਬੰਧਾਂ ਤੇ ਕੰਟਰੋਲ ਕਰਦੇ ਹਨ।

ਉਦਾਹਰਣ ਦੇ ਤੌਰ ਤੇ ਰਿਵਾਜੀ ਕਾਨੂੰਨ ਨਾਗਰਿਕਾਂ ਦੇ ਮਾਲੀ ਹਿੱਤਾਂ, ਉਹਨਾਂ ਦੇ ਮਾਣ ਜਾਂ ਉਹਨਾਂ ਦੀ ਜਾਇਦਾਦ ਦੀ ਰੱਖਿਆ ਕਰ ਸਕਦੇ ਹਨ।

**ਕਾਨੂੰਨੀ ਸਹਾਇਤਾ (ਲੀਗਲ ਏਡ):** ਅਦਾਲਤ ਵਿਚ ਜਾਣਾ ਬਹੁਤ ਮਹਿੰਗਾ ਹੈ। ਕੁੱਝ ਲੋਕ ਸਾਡੇ ਨਿਆਂ ਪ੍ਰਬੰਧ ਦੀ ਆਲੋਚਨਾ ਕਰਦੇ ਹਨ ਕਿ ਜਿਆਦਾਤਰ ਨਾਗਰਿਕਾਂ ਦੀ ਲਈ ਬਹੁਤ ਮਹਿੰਗਾ ਹੈ। ਨਿਆਂ ਪ੍ਰਬੰਧ ਨੂੰ ਜਨਤਾ ਦੀ ਪਹੁੰਚ ਮੁਤਾਬਿਕ ਕਰਨ ਲਈ ਸਰਕਾਰ ਨੇ **ਲੀਗਲ ਏਡ** ਦੀ ਸਿਰਜਨਾ ਕੀਤੀ ਹੈ। ਇਹ ਪ੍ਰਬੰਧ ਉਹਨਾਂ ਲੋਕਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ ਪ੍ਰਾਈਵੇਟ ਵਕੀਲ ਦੀ ਫੀਸ ਨਹੀਂ ਦੇ ਸਕਦੇ। ਬਦਕਿਸਮਤੀ ਨਾਲ, ਕਾਨੂੰਨੀ ਸਹਾਇਤਾ ਸਿਰਫ ਕੁੱਝ ਖਾਸ ਕਾਨੂੰਨੀ ਮਾਮਲਿਆਂ ਲਈ ਮਿਲਦੀ ਹੈ ਜਿਵੇਂ ਕਿ ਫੌਜਦਾਰੀ ਅਤੇ ਪਰਿਵਾਰਿਕ ਕਾਨੂੰਨ।







**ਦਾਅਵਿਆਂ ਦੀਆਂ ਅਦਾਲਤਾਂ(ਸਮਾਲ ਕਲੇਮਜ਼ ਕੋਰਟ):** ਆਪਣੇ ਅਧਿਕਾਰਾਂ ਦੀ ਪਾਲਣਾ ਕਰਵਾਉਣ ਵਾਸਤੇ ਨਾਗਰਿਕਾਂ ਦਾ ਅਦਾਲਤ ਵਿਚ ਜਾਣਾ ਸੌਖਾ ਅਤੇ ਸਸਤਾ ਬਣਾਉਣ ਲਈ ਬ੍ਰਿਟਿਸ਼ ਕੋਲੰਬੀਆ ਵਿਚ ਛੋਟੇ ਦਾਅਵਿਆਂ ਦੀਆਂ ਅਦਾਲਤਾਂ ਹਨ। ਸਮਾਲ ਕਲੇਮਜ਼ ਕੋਰਟ ਨਾਗਰਿਕਾਂ ਵੱਲੋਂ ਵਕੀਲ ਤੋਂ ਬਿਨਾਂ ਆਪਣੇ ਝਗੜੇ ਨਿਪਟਾਉਣ ਲਈ ਬਣਾਈਆਂ ਗਈਆਂ ਹਨ। ਬ੍ਰਿਟਿਸ਼ ਕੋਲੰਬੀਆ ਵਿਚ ਤੁਸੀਂ ਛੋਟੀਆਂ ਅਦਾਲਤਾਂ ਦੀ ਵਰਤੋਂ ਤਾਂ ਹੀ ਕਰ ਸਕਦੇ ਹੋ ਜੇ ਤੁਹਾਡਾ ਦਾਅਵਾ 10,000 ਡਾਲਰ ਜਾਂ ਇਸ ਤੋਂ ਘੱਟ ਦਾ ਹੋਵੇ।

**ਹੋਰ ਸੇਵਾਂਵਾਂ:** ਜੇ ਤੁਸੀਂ ਆਪਣੇ ਅਧਿਕਾਰਾਂ ਬਾਰੇ ਅੱਧੇ ਘੰਟੇ ਲਈ ਅਤੇ ਥੋੜੀ ਫੀਸ ਤੇ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਤੁਸੀਂ **ਲਾਅਰ ਰੈਫਰਲ ਸਰਵਿਸ** ਨੂੰ 1-800-663-1919 ਤੇ ਫੋਨ ਕਰ ਸਕਦੇ ਹੋ।

ਤੁਸੀਂ ਕਾਨੂੰਨੀ **ਸਹਾਇਤਾ ਲਈ** ਯੂਨੀਵਰਸਿਟੀ **ਆਫ** ਬ੍ਰਿਟਿਸ਼ ਕੋਲੰਬੀਆ **ਅਤੇ** ਯੂਨੀਵਰਸਿਟੀ **ਆਫ ਵਿਕਟੋਰੀਆ** ਦੇ **ਕਾਨੂੰਨ** ਦੇ ਵਿਦਿਆਰਥੀਆਂ ਨਾਲ ਵੀ ਗੱਲ ਕਰ ਸਕਦੇ ਹੋ।

ਦੂਜੇ ਅਦਾਰੇ ਜਿਵੇਂ **ਪੀਪਲਜ਼ ਲਾਅ ਸਕੂਲ** ਕਾਨੂੰਨ ਅਤੇ ਲੀਗਲ ਸਿਸਟਮ ਵਿਚ ਤੁਹਾਡੇ ਅਧਿਕਾਰਾਂ ਬਾਰੇ ਮੁਫਤ ਜਾਣਕਾਰੀ ਦਿੰਦੇ ਹਨੋ।

**ਆਪਣੇ ਅਧਿਕਾਰਾਂ ਦੀ ਰੱਖਿਆ ਵਿਚ ਤੁਹਾਡਾ ਫਰਜ਼**

ਕਾਨੂੰਨ ਜੋ ਕਿ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਹਨ ਤਾਂ ਹੀ ਮਹੱਤਵ-ਪੂਰਨ ਹੋ ਸਕਦੇ ਹਨ ਜੇ ਨਾਗਰਿਕ ਉਹਨਾਂ ਨੂੰ ਗੰਭੀਰ ਰੂਪ ਵਿਚ ਲੈਣ ਅਤੇ ਲੋੜ ਵੇਲੇ ਉਹਨਾਂ ਦੀ ਵਰਤੋਂ ਕਰਨ।

**ਜਦੋਂ ਤੁਸੀਂ ਸੋਚਦੇ ਹੋ ਕਿ ਸਰਕਾਰ ਜਾਂ ਦੂਜੇ ਵਿਅਕਤੀ ਤੁਹਾਡੇ ਨਾਲ ਜਾਂ ਦੂਜਿਆਂ ਨਾਲ ਅਨੁਚਿਤ ਵਿਵਹਾਰ ਕਰ ਰਹੇ ਹਨ ਉਸ ਸਮੇਂ ਆਪਣੇ ਅਧਿਕਾਰਾਂ ਲਈ ਖੜ੍ਹੇ ਹੋਣਾ ਅਤੇ ਸਹਾਇਤਾ ਲੈਣਾ ਤੁਹਾਡੀ ਲੋਕਤੰਤਰੀ ਵਚਨਬੱਧਤਾ ਦਾ ਇਕ ਮਹੱਤਵਪੂਰਨ ਹਿੱਸਾ ਹੈ।**

the people's law school



# ਅਧਿਆਇ 5

## ਲੋਕਤੰਤਰੀ ਪ੍ਰਕਿਰਿਆ ਨੂੰ ਆਪਣੇ ਯੋਗ ਬਣਾਉਣਾ





### ਕਨੇਡਾ ਦੇ ਲੋਕਤੰਤਰ ਵਿਚ ਸ਼ਮੂਲੀਅਤ

ਸਰਕਾਰ ਅਤੇ ਕਾਨੂੰਨ ਸਾਡੀ ਜ਼ਿੰਦਗੀ ਤੇ ਇਕ ਵੱਡਾ ਅਸਰ ਪਾ ਸਕਦੇ ਹਨ। ਤੁਸੀਂ ਸੋਚਦੇ ਹੋਵੋਗੇ ਕਿ ਸਰਕਾਰ ਦੇ ਪ੍ਰੋਗਰਾਮਾਂ ਅਤੇ ਕਾਨੂੰਨਾਂ ਵਿਚ ਤਬਦੀਲੀ ਦੀ ਲੋੜ ਹੈ।

ਉਦਾਹਰਣ ਦੇ ਤੌਰ ਤੇ, ਹੋ ਸਕਦਾ ਹੈ ਤੁਸੀਂ ਸੋਚਦੇ ਹੋਵੋ ਕਿ ਕੁੱਝ ਇਮੀਗਰੇਸ਼ਨ ਦੇ ਕਾਨੂੰਨ ਅਨੁਚਿਤ ਹਨ। ਜਾਂ ਹੋ ਸਕਦਾ ਹੈ ਤੁਸੀਂ ਸੋਚਦੇ ਹੋਵੋ ਕਿ ਨਗਰਪਾਲਿਕਾ ਦਾ ਉਪ ਨਿਯਮ ਗਲਤ ਹੈ ਕਿਉਂਕਿ ਇਹ ਤੁਹਾਨੂੰ ਉਹ ਕੰਮ ਕਰਨ ਤੋਂ ਰੋਕਦਾ ਹੈ ਜੋ ਤੁਸੀਂ ਆਪਣੀ ਜਾਇਦਾਦ ਤੇ  ਕਰਨਾ ਚਾਹੁੰਦੇ ਹੋਵੋ।

ਕਨੇਡਾ, ਸਰਕਾਰ ਦੇ ਪ੍ਰੋਗਰਾਮਾਂ ਅਤੇ ਕਾਨੂੰਨਾਂ ਨੂੰ ਆਪਣੀਆਂ ਜ਼ਰੂਰਤਾਂ ਮੁਤਾਬਿਕ ਬਣਾਉਣ ਲਈ ਤੁਹਾਨੂੰ ਬਹੁਤ ਸਾਰੇ ਅਵਸਰ ਦਿੰਦਾ ਹੈ।

ਵੋਟ ਪਾਉਣਾ: ਲੋਕਤੰਤਰੀ ਜ਼ਿੰਦਗੀ ਵਿਚ ਹਿੱਸਾ ਲੈਣ ਦਾ ਪਹਿਲਾ ਅਤੇ ਸੱਭ ਤੋਂ ਸਪਸ਼ਟ ਤਰੀਕਾ ਇਹ ਹੈ ਕਿ ਚੋਣਾਂ ਦੌਰਾਨ ਵੋਟ ਪਾਉ। ਵੋਟ ਪਾਉਣ ਨਾਲ, ਤੁਸੀਂ ਇਹ ਅਸਰ ਪਾ ਸਕਦੇ ਹੋ ਕਿ ਸਰਕਾਰ ਵਿਚ ਤੁਹਾਡਾ ਪ੍ਰਤੀਨਿਧ ਕੌਣ ਹੋਵੇਗਾ ਅਤੇ ਆਮ ਨਵੇਂ ਕਾਨੂੰਨ ਅਤੇ ਪ੍ਰੋਗਰਾਮ ਕਿਸ ਤਰ੍ਹਾਂ ਦੇ ਹੋਣਗੇ।

ਇਕ ਨਵੇਂ ਨਾਗਰਿਕ ਹੋਣ ਦੇ ਨਾਤੇ ਤੁਸੀਂ ਕੇਂਦਰੀ ਚੋਣਾਂ, ਸੂਬਾਈ ਚੋਣਾਂ ਅਤੇ ਸਥਾਨਕ ਸਰਕਾਰ ਦੀਆਂ ਚੋਣਾਂ ਵਿਚ ਵੋਟ ਪਾ ਸਕਦੇ ਹੋ।



## ਲੋਕਤੰਤਰੀ ਜੀਵਨ ਵਿਚ ਹਿੱਸਾ ਲੈਣ ਦੇ ਹੋਰ ਤਰੀਕੇ

ਸਿਰਫ ਵੋਟ ਪਾਉਣ ਦੇ ਤਰੀਕੇ ਨਾਲ ਹੀ ਤੁਸੀਂ ਆਪਣੇ ਸਮਾਜ ਦੇ ਪ੍ਰਬੰਧ ਵਿਚ ਹਿੱਸਾ ਲੈ ਸਕਦੇ ਹੋ। ਤੁਹਾਡੇ ਕੋਲ ਚੋਣਾਂ ਦਰਮਿਆਨ ਆਪਣੇ ਸਮਾਜ ਤੇ ਪ੍ਰਭਾਵ ਪਾਉਣ ਲਈ ਬਹੁਤ ਸਾਰੇ ਮੌਕੇ ਹੋਣਗੇ।

**ਅਸਲ ਵਿਚ ਚੋਣਾਂ ਦਰਮਿਆਨ ਕਾਨੂੰਨ ਅਤੇ ਸਰਕਾਰ ਦੇ ਪ੍ਰੋਗਰਾਮਾਂ ਨੂੰ ਪ੍ਰਭਾਵਿਤ ਕਰਨ ਲਈ ਤੁਹਾਡੀਆਂ ਕੋਸ਼ਿਸ਼ਾਂ ਸ਼ਾਇਦ ਕਨੇਡਾ ਦੇ ਲੋਕਤੰਤਰੀ ਸਮਾਜ ਲਈ ਸੱਭ ਤੋਂ ਮਹੱਤਵ-ਪੂਰਨ ਅਤੇ ਅਸਰਦਾਇਕ ਯੋਗਦਾਨ ਹਨ।**

**ਰਾਜਨੀਤਿਕ ਪਾਰਟੀਆਂ:** ਬਹੁਤ ਸਾਰੇ ਕਨੇਡੀਅਨ ਰਾਜਨੀਤਿਕ ਪਾਰਟੀ ਵਿਚ ਸ਼ਾਮਲ ਹੁੰਦੇ ਹਨ। ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਵੱਖ-ਵੱਖ ਰਾਜਨੀਤਿਕ ਸਿਧਾਂਤ ਹਨ। ਸੱਭ ਤੋਂ ਵੱਡੀਆ ਰਾਜਨੀਤਿਕ ਪਾਰਟੀਆਂ ਵਿਚ ਲਿਬਰਲ ਪਾਰਟੀ, ਪ੍ਰੋਗਰੈਸਿਵ ਕਨਜ਼ਰਵੇਟਿਵ ਪਾਰਟੀ ਅਤੇ ਰਿਫਾਰਮ ਪਾਰਟੀ ਸ਼ਾਮਲ ਹਨ। ਇਥੇ ਹੋਰ ਵੀ ਬਹੁਤ ਸਾਰੀਆਂ ਰਾਜਨੀਤਿਕ ਪਾਰਟੀਆਂ ਹਨ।

ਰਾਜਨੀਤਿਕ ਪਾਰਟੀ ਦੇ ਮੈਂਬਰ ਹੋਣ ਦੇ ਨਾਤੇ, ਜਨਤਾ ਦੇ ਜ਼ਰੂਰੀ ਮਾਮਲਿਆਂ ਸਬੰਧੀ ਤੁਸੀਂ ਪਾਰਟੀ ਦੀ ਸਥਿਤੀ ਤੇ ਅਸਰ ਪਾ ਸਕਦੇ ਹੋ। ਰਾਜਨੀਤਿਕ ਪਾਰਟੀ ਵਿਚ ਸ਼ਾਮਲ ਹੋਣ ਸਬੰਧੀ ਜਾਣਕਾਰੀ ਲੈਣ ਲਈ, ਪਾਰਟੀ ਨੂੰ ਸਿੱਧੇ ਤੌਰ ਤੇ ਸੰਪਰਕ ਕਰੋ।

**ਨਾਗਰਿਕਾਂ ਦੇ ਗਰੁੱਪ:** ਬਹੁਤ ਸਾਰੇ ਕਨੇਡੀਅਨ ਲੋਕਤੰਤਰੀ ਜੀਵਨ ਵਿਚ ਹਿੱਸਾ ਲੈਣ ਲਈ ਨਾਗਰਿਕਾਂ ਦੇ ਗਰੁੱਪ ਵਿਚ ਸ਼ਾਮਲ ਹੋਣ ਦਾ ਫੈਸਲਾ ਕਰਦੇ ਹਨ ਜੋ ਕਿ ਖਾਸ ਮਾਮਲਿਆਂ ਲਈ ਕੰਮ ਕਰਦਾ ਹੈ। ਜਿਵੇਂ ਕਿ ਵਾਤਾਵਰਣ ਨੂੰ ਸੁਰੱਖਿਅਤ ਰੱਖਣਾ, ਸਰਕਾਰੀ ਖਰਚੇ ਅਤੇ ਟੈਕਸ ਨੂੰ ਘਟਾਉਣਾ ਜਾਂ ਗਰੀਬੀ ਲਈ ਲੜਨਾ। ਸੈਂਕੜਿਆਂ ਦੀ ਗਿਣਤੀ ਵਿਚ ਨਾਗਰਿਕਾਂ ਦੇ ਗਰੁੱਪ ਹਨ ਜੋ ਕਿ ਜਨਤਾ ਲਈ ਮਹੱਤਵ ਰੱਖਣ ਵਾਲੇ ਕਿੰਨੇ ਹੀ ਮੱਸਲਿਆਂ ਤੇ ਕੇਂਦਰਿਤ ਹਨ।





ਇਸ ਅਧਿਆਇ ਦਾ ਮੁੱਖ ਵਿਸ਼ਾ ਨਾਗਰਿਕਾਂ ਦੇ ਗਰੁੱਪਾਂ ਦੁਆਰਾ ਜਾਂ ਤੁਹਾਡੀਆਂ ਆਪਣੀਆਂ ਨਿਜੀ ਕੋਸ਼ਿਸ਼ਾਂ ਦੁਆਰਾ ਲੋਕਤੰਤਰ ਵਿਚ ਸ਼ਮੂਲੀਅਤ ਕਰਨ ਬਾਰੇ ਹੈ। ਲੋਕਤੰਤਰੀ ਜੀਵਨ ਵਿਚ ਹਿੱਸਾ ਲੈਣ ਦੇ ਕੁੱਝ ਤਰੀਕੇ ਇਹ ਹਨ:

- ❑ ਆਪਣੇ ਐਮ ਪੀ ਜਾਂ ਐਮ ਐਲ ਏ ਜਾਂ ਲੋਕਲ ਸਰਕਾਰ ਦੇ ਪ੍ਰਤੀਨਿਧ ਨੂੰ ਲਿਖਣਾ ਜਾਂ ਮਿਲਣਾ
- ❑ ਖਾਸ ਮਾਮਲਿਆਂ ਤੇ ਕੰਮ ਕਰਨ ਸਬੰਧੀ ਨਾਗਰਿਕਾਂ ਦਾ ਇਕ ਗਰੁੱਪ ਬਣਾਉਣਾ
- ❑ ਜਨਤਕ ਮੁਜ਼ਾਹਰਿਆਂ ਵਿਚ ਹਿੱਸਾ ਲੈਣਾ ਜਾਂ ਮੁਜ਼ਾਹਰਿਆਂ ਦਾ ਪ੍ਰਬੰਧ ਕਰਨਾ
- ❑ ਅਖਬਾਰ ਵਿਚ ਲੇਖ ਜਾਂ ਚਿੱਠੀ ਲਿਖਣੀ ਜਿਸ ਵਿਚ ਜਨਤਾ ਸਬੰਧੀ ਮਾਮਲਿਆਂ ਬਾਰੇ ਤੁਹਾਡੇ ਵਿਚਾਰ ਪ੍ਰਗਟਾਏ ਗਏ ਹੋਣ ਜਾਂ ਕਿਸੇ ਮੱਸਲੇ ਬਾਰੇ ਆਪ ਜਾਣਕਾਰੀ ਵੰਡਣਾ।

ਇਸ ਅਧਿਆਇ ਦਾ ਬਾਕੀ ਹਿੱਸਾ ਇਹਨਾਂ ਵਿਚੋਂ ਕੁੱਝ ਕਾਰਜ-ਨੀਤੀਆਂ ਬਾਰੇ ਹੋਰ ਵਿਸਥਾਰ ਨਾਲ ਵਰਣਨ ਕਰਦਾ ਹੈ, ਅਤੇ ਉਹਨਾਂ ਵਿਅਕਤੀਆਂ ਅਤੇ ਗਰੁੱਪਾਂ ਬਾਰੇ ਖਾਸ ਉਦਾਹਰਣਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੇ ਲੋਕਤੰਤਰੀ ਵਿਧੀਆਂ ਦਾ ਪ੍ਰਯੋਗ ਸਮਾਜ ਵਿਚ ਤਬਦੀਲੀ ਲਿਆਉਣ ਲਈ ਕੀਤਾ ਹੈ।

**ਇਸ ਅਧਿਆਇ ਨੂੰ ਪੜਨ ਤੋਂ ਪਹਿਲਾਂ, ਤੁਹਾਨੂੰ ਕਨੇਡਾ ਦੇ ਰਾਜਨੀਤਿਕ ਪ੍ਰਬੰਧ ਬਾਰੇ ਪਤਾ ਹੋਣਾ ਚਾਹੀਦਾ ਹੈ ਜਿਸ ਬਾਰੇ ਅਧਿਆਇ 3 ਵਿਚ ਵਰਣਨ ਕੀਤਾ ਗਿਆ ਹੈ।**

**ਉਚਿੱਤ ਕਾਰਜਨੀਤੀ ਨੂੰ ਲੱਭਣਾ.** ਬਦਕਿਸਮਤੀ ਨਾਲ, ਅਜਿਹਾ ਕੋਈ ਜਾਦੂ ਵਾਲਾ ਫਾਰਮੂਲਾ ਨਹੀਂ ਬਣਿਆ ਕਿ ਤੁਸੀਂ ਆਪਣੀ ਮਰਜ਼ੀ ਮੁਤਾਬਿਕ ਤਬਦੀਲੀਆਂ ਕਰਨ ਵਿਚ ਕਾਮਯਾਬ ਹੋ ਜਾਵੋ। ਵੱਖ-ਵੱਖ ਹਾਲਤਾਂ ਵਿਚ ਵੱਖ-ਵੱਖ ਕਾਰਜਨੀਤੀਆਂ ਕੰਮ ਕਰਨਗੀਆਂ। ਤੁਹਾਡੀ ਕਾਰਜਨੀਤੀ ਦੀ ਚੋਣ ਇਹਨਾਂ ਗੱਲਾਂ ਤੇ ਨਿਰਭਰ ਹੋ ਸਕਦੀ ਹੈ: ਤੁਸੀਂ ਕਿੰਨੀ ਵੱਡੀ ਤਬਦੀਲੀ ਲਿਆਉਣਾ ਚਾਹੁੰਦੇ ਹੋ, ਕਿਸੇ ਮੱਸਲੇ ਤੇ ਕਿੰਨਾ ਵਾਦ-ਵਿਵਾਦ ਖੜਾ ਹੋ ਸਕਦਾ ਹੈ, ਜਾਂ ਹੋਰ ਕਈ ਗੱਲਾਂ ਤੇ। ਲੋਕਤੰਤਰ ਵਿਚ ਲਚਕਦਾਰ ਹੋਣਾ ਸਫਲਤਾ ਦੀ ਕੁੰਜੀ ਹੈ। ਵੱਖ-ਵੱਖ ਕਾਰਜਨੀਤੀਆਂ ਨੂੰ ਅਜ਼ਮਾਉ ਪਰ ਉਸ ਕਾਰਜਨੀਤੀ ਦੀ ਵਰਤੋਂ ਕਰੋ ਜਿਹੜਾ ਸੱਭ ਤੋਂ ਚੰਗਾ ਕੰਮ ਕਰੇ।

**ਤਜਰਬਾ ਬਹੁ-ਮੁੱਲਾ ਹੈ ਪਰ ਜ਼ਰੂਰੀ ਨਹੀਂ.** ਜੇ ਤੁਸੀਂ ਲੋਕਤੰਤਰਤਾ ਵਿਚ ਨਵੇਂ ਸ਼ਾਮਲ ਹੋਏ ਹੋ, ਤੁਸੀਂ ਕਿਸੇ ਹੋਰ ਵਿਅਕਤੀ ਕੋਲੋਂ ਜਿਸਨੂੰ ਜਿਆਦਾ ਤਜਰਬਾ ਹੋਵੇ ਕੋਲੋਂ ਸਿੱਖਕੇ ਤੁਸੀਂ ਆਰਾਮਦੇਹ ਮਹਿਸੂਸ ਕਰ ਸਕਦੇ ਹੋ। ਪ੍ਰੰਤੂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੀ ਲੋਕਤੰਤਰਤਾ ਵਿਚ ਤੁਹਾਡੀ ਕਾਮਯਾਬ ਸ਼ਮੂਲੀਅਤ ਦਾ ਇਹ ਮਤਲਬ ਨਹੀਂ ਕਿ ਨਾਗਰਿਕਾਂ ਨੂੰ "ਘੱਟ ਤੋਂ ਘੱਟ ਕੰਮ ਦਾ ਤਜ਼ਰਬਾ" ਹੋਵੇ।

**ਆਪਣੇ ਆਪ ਨੂੰ ਸਿਖਿਅਤ ਕਰਨਾ.** ਕਨੇਡਾ ਦੇ ਜ਼ਰੂਰੀ ਮਾਮਲਿਆਂ ਬਾਰੇ ਆਪਣੇ ਆਪ ਨੂੰ ਸਿਖਿਅਤ ਕਰਨਾ, ਇਕ ਬਹੁਤ ਹੀ ਚੰਗਾ ਵਿਚਾਰ ਹੈ। ਅਖਬਾਰਾਂ ਅਤੇ ਖਬਰਾਂ ਵਾਲੇ ਮੈਗਜ਼ੀਨ ਪੜੋ, ਰੇਡੀਉ ਤੇ ਖਬਰਾਂ ਸੁਣੋ ਜਾਂ ਟੈਲੀਵਿਜ਼ਨ ਦੇਖੋ, ਅਤੇ ਪਬਲਿਕ ਮੀਟਿੰਗ ਵਿਚ ਜਾਉ। ਆਪਣੇ ਆਪ ਨੂੰ ਸਿਖਿਅਤ ਬਣਾ ਕੇ, ਤੁਸੀਂ ਠੀਕ ਫੈਸਲਾ ਕਰ ਸਕਦੇ ਹੋ ਕਿ ਵੋਟ ਕਿਸ ਨੂੰ ਪਾਉਣੀ ਹੈ। ਸਰਕਾਰ ਦੇ ਪ੍ਰੋਗਰਾਮਾਂ ਅਤੇ ਕਾਨੂੰਨਾਂ ਵਿਚ ਤਬਦੀਲੀਆਂ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੀ ਤੁਸੀਂ ਆਪਣੇ ਆਪ ਨੂੰ ਜ਼ਿਆਦਾ ਸਾਰਥਕ ਮਹਿਸੂਸ ਕਰੋਗੇ।

**ਭਾਗ ਲੈਣ ਦੀ ਆਜ਼ਾਦੀ.** ਕਨੇਡਾ ਵਿਚ ਜ਼ਿੰਦਗੀ ਦੀ ਸੱਭ ਤੋਂ ਵਧੀਆ ਵਿਸ਼ੇਸ਼ਤਾ ਇਹ ਹੈ ਕਿ ਅਸੀਂ ਬਗੈਰ ਕਿਸੇ ਡਰ ਤੋਂ ਲੋਕਰਾਜ ਵਿਚ ਭਾਗ ਲੈ ਸਕਦੇ ਹਾਂ। ਸਰਕਾਰ ਵਿਚੋਂ, ਜਾਂ ਪੁਲਿਸ ਵਿਚੋਂ ਕੋਈ ਵੀ, ਜਾਂ ਹੋਰ ਨਾਗਰਿਕ ਤੁਹਾਨੂੰ ਆਪਣੇ ਵਿਚਾਰ ਦੱਸਣ ਤੋਂ ਰੋਕ ਨਹੀਂ ਸਕਦਾ। ਹੋ ਸਕਦਾ ਹੈ ਦੂਸਰੇ ਨਾਗਰਿਕ ਤੁਹਾਡੇ ਨਾਲ ਜ਼ਬਰਦਸਤ ਅਸਹਿਮਤ ਹੋਣ, ਅਤੇ ਉਹ ਅਜਿਹਾ ਕਰ ਸਕਦੇ ਹਨ। ਪਰ ਉਹ ਤੁਹਾਨੂੰ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਨਹੀਂ ਰੋਕ ਸਕਦੇ।







**ਆਪਣੇ ਆਪ ਨੂੰ ਸਿਖਿਅਤ ਕਰਨਾ**

ਲੋਕਤੰਤਰਾਤਮਕ ਜ਼ਿੰਦਗੀ ਵਿਚ ਹਿੱਸਾ ਲੈਣਾ ਸਮਾਂ-ਖਰਚਾਊ ਹੋ ਸਕਦਾ ਹੈ. ਸਰਕਾਰ ਦੇ ਪ੍ਰੋਗਰਾਮਾਂ ਅਤੇ ਕਾਨੂੰਨਾਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਕੁੱਝ ਗੱਲਾਂ ਧਿਆਨ ਦੇਣ ਯੋਗ ਹਨ:

- ❑ ਤੁਹਾਨੂੰ ਆਪਣਾ ਬਹੁਤ ਸਾਰਾ ਨਿੱਜੀ ਸਮਾਂ ਅਤੇ ਯੋਗਤਾ ਉਸ ਪਰੋਜੈਕਟ ਤੇ ਲਾਉਣਾ ਪਵੇਗਾ। ਇਸ ਨਾਲ ਤੁਹਾਡੀ ਨਿੱਜੀ ਜ਼ਿੰਦਗੀ ਤੇ ਅਸਰ ਪੈ ਸਕਦਾ ਹੈ।
- ❑ ਇਹ ਵੀ ਹੋ ਸਕਦਾ ਹੈ ਕਿ ਪਰੋਜੈਕਟ ਨੂੰ ਪੂਰਾ ਹੋਣ ਵਿਚ ਬਹੁਤ ਸਾਰੇ ਮਹੀਨੇ ਜਾਂ ਸਾਲ ਲੱਗ ਸਕਦੇ ਹਨ।
- ❑ ਤੁਸੀਂ ਲੋਕਾਂ ਦੇ ਧਿਆਨ ਦੇ ਕੇਂਦਰ ਬਣ ਸਕਦੇ ਹੋ, ਕਦੇ ਇਹ ਗੱਲ ਨਾਂਹ-ਪੱਖੀ ਵੀ ਹੋ ਸਕਦੀ ਹੈ ਜੇ ਲੋਕ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਾ ਹੋਣ।
- ❑ ਤਬਦੀਲੀਆਂ ਕਰਨ ਵਿਚ ਤੁਹਾਡੀਆਂ ਕੋਸ਼ਿਸ਼ਾਂ ਨਾ-ਕਾਮਯਾਬ ਵੀ ਹੋ ਸਕਦੀਆਂ ਹਨ।

ਨਿਰਸੰਦੇਹ, ਤੁਸੀਂ ਭਾਵੇਂ ਕਾਮਯਾਬ ਹੋਵੋ ਜਾਂ ਨਾ, ਪਰ ਤੁਸੀਂ ਦੇਖੋਗੇ ਕਿ:

- ❑ ਕਿਸੇ ਜ਼ਰੂਰੀ ਮਾਮਲੇ ਬਾਰੇ ਤੁਸੀਂ ਲੋਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ, ਜਿਸ ਨਾਲ ਤੁਹਾਡੇ ਤਬਦੀਲੀਆਂ ਕਰਨ ਦੇ ਮੌਕਿਆਂ ਵਿਚ ਸੁਧਾਰ ਆਉਣਾ ਚਾਹੀਦਾ ਹੈ।
- ❑ ਤੁਸੀਂ ਨਵੇਂ ਦੋਸਤ ਬਣਾਏ ਹਨ ਅਤੇ ਤੁਹਾਨੂੰ ਆਪਣੀ ਕਮਿਊਨਿਟੀ ਦੇ ਅੰਦਰਲੇ ਅਤੇ ਬਾਹਰਲੇ ਲੋਕਾਂ ਵੱਲੋਂ ਆਦਰ ਮਿਲਿਆ ਹੈ।
- ❑ ਲੋਕਰਾਜ ਅਤੇ ਨਾਗਰਿਕਾਂ ਦੇ ਸੰਗਠਨ ਕਿਸ ਤਰ੍ਹਾਂ ਕੰਮ ਕਰਦੇ ਹਨ, ਇਸ ਬਾਰੇ ਤੁਸੀਂ ਬਹੁਤ ਕੁੱਝ ਸਿੱਖ ਚੁੱਕੇ ਹੋਵੋਗੇ।
- ❑ ਤੁਹਾਡੀ ਕਮਿਊਨਿਟੀ, ਸੂਬੇ ਜਾਂ ਦੇਸ਼ ਦਾ ਰਾਜ ਪ੍ਰਬੰਧ ਕਿਸ ਤਰ੍ਹਾਂ ਚਲਾਇਆ ਜਾਣਾ ਚਾਹੀਦਾ ਹੈ, ਇਹਨਾਂ ਖਿਆਲਾਂ ਬਾਰੇ ਕੰਮ ਕਰਨ ਦੀ ਤੁਹਾਨੂੰ ਖੁਦ ਨੂੰ ਸੰਤੁਸ਼ਟੀ ਹੋਵੇਗੀ।

ਇਹ ਫੈਸਲਾ ਕਰਨਾ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਅਤੇ ਕਦੋਂ ਲੋਕਤੰਤਰੀ ਜ਼ਿੰਦਗੀ ਵਿਚ ਹਿੱਸਾ ਲੈਣਾ ਹੈ। ਵੱਖ-ਵੱਖ ਨਾਗਰਿਕ ਵੱਖ-ਵੱਖ ਪਰ ਫਿਰ ਵੀ ਬਰਾਬਰ ਦਾ ਯੋਗਦਾਨ ਪਾਉਂਦੇ ਹਨ। ਬਹੁਤ ਸਾਰੇ ਨਾਗਰਿਕ ਲੋਕਰਾਜੀ ਜ਼ਿੰਦਗੀ ਵਿਚ ਹਿੱਸਾ ਲੈਣ ਨੂੰ ਆਪਣੇ ਨਿੱਜੀ ਤਜਰਬਿਆਂ ਦਾ ਸੱਭ ਤੋਂ ਵੱਧ ਚੰਗਾ ਤਜ਼ਰਬਾ ਮੰਨਦੇ ਹਨ।





## ਰਾਜਨੀਤਿਕ ਕੰਮਾਂ ਲਈ ਜਥੇਬੰਦ ਹੋਣਾ

**ਜਨਤਾ ਦੀ ਹਿਮਾਇਤ ਹਾਸਲ ਕਰਨੀ.** ਜਿੰਨੀ ਜ਼ਿਆਦਾ ਤੁਹਾਨੂੰ ਆਪਣੇ ਉਦੇਸ਼ ਲਈ ਜਨਤਾ ਦੀ ਹਿਮਾਇਤ ਹਾਸਲ ਹੋਵੇਗੀ, ਉਨਾ ਹੀ ਜ਼ਿਆਦਾ ਚੁਣਿਆ ਹੋਇਆ ਪ੍ਰਤੀਨਿਧ ਤੁਹਾਡੇ ਮੱਸਿਲਆਂ ਨੂੰ ਸੁਣੇਗਾ। ਸੱਭ ਤੋਂ ਪਹਿਲਾਂ ਇਹੋ ਜਿਹੇ ਸਾਥੀ ਲੱਭੋ ਜੋ ਤੁਹਾਡੇ ਵਿਚਾਰਾਂ ਨਾਲ ਸਹਿਮਤ ਹੋਣ।

**ਨਾਗਰਿਕਾਂ ਦੇ ਗਰੁੱਪਾਂ ਦੀ ਭਾਲ ਕਰੋ.** ਸੱਭ ਤੋਂ ਪਹਿਲਾਂ ਇਹ ਦੇਖੋ ਕਿ ਤੁਹਾਡੀ ਕਮਿਊਨਿਟੀ ਵਿਚ, ਤੁਹਾਡੇ ਸੂਬੇ ਜਾਂ ਕਨੇਡਾ ਵਿਚ ਹੋਰ ਕਿਤੇ ਕੋਈ ਗਰੁੱਪ ਉਸੇ (ਤੁਹਾਡੇ ਵਾਲੇ) ਮਾਮਲੇ ਤੇ ਪਹਿਲਾਂ ਤੋਂ ਹੀ ਕੰਮ ਕਰ ਰਿਹਾ ਹੈ ਜਾਂ ਨਹੀਂ। ਜੇ ਤੁਹਾਨੂੰ ਕੋਈ ਅਜਿਹਾ ਗਰੁੱਪ ਮਿਲੇ ਤਾਂ ਉਸ ਗਰੁੱਪ ਦੇ ਮੈਂਬਰ ਤੁਹਾਨੂੰ ਦੱਸ ਸਕਦੇ ਹਨ ਕਿ ਤੁਸੀਂ ਕਿਸ ਤਰ੍ਹਾਂ ਦੀ ਮਦੱਦ ਕਰ ਸਕਦੇ ਹੋ।

**ਹੋਰ ਦੂਜੇ ਵਿਅਕਤੀਆਂ ਦੀ ਭਾਲ ਕਰੋ.** ਜੇ ਤੁਹਾਨੂੰ ਕੋਈ ਅਜਿਹਾ ਗਰੁੱਪ ਨਹੀਂ ਮਿਲਦਾ, ਤਾਂ ਦੂਜੇ ਨਾਗਰਿਕਾਂ ਨੂੰ ਮਿਲੋ ਜਿਨ੍ਹਾਂ ਦੇ ਸਰੋਕਾਰ ਵੀ ਉਹੋ ਜਿਹੇ ਹੋਣ। ਅਜਿਹਾ ਕਰਨ ਲਈ ਤੁਸੀਂ ਲੋਕਲ ਜਾਂ ਕਮਿਊਨਿਟੀ ਦੀਆਂ ਅਖਬਾਰਾਂ ਵਿਚ ਇਸ਼ਤਿਹਾਰ ਦੇ ਸਕਦੇ ਹੋ, ਕਮਿਊਨਿਟੀ ਸੈਂਟਰ ਵਿਚ ਇਸ਼ਤਿਹਾਰ ਲਾ ਸਕਦੇ ਹੋ ਜਾਂ ਇਹੋ ਜਿਹੇ ਨਾਗਰਿਕਾਂ ਦੇ ਗਰੁੱਪਾਂ ਨੂੰ ਮਿਲ ਸਕਦੇ ਹੋ ਜੋ ਤੁਹਾਡੇ ਮਾਮਲਿਆਂ ਵਿਚ ਰੁਚੀ ਰੱਖਦੇ ਹੋਣ।

ਆਪਣੇ ਮਾਮਲਿਆਂ ਸਬੰਧੀ ਕਮਿਊਨਿਟੀ ਦੇ ਪ੍ਰਭਾਵਸ਼ਾਲੀ ਮੈਂਬਰਾਂ ਨਾਲ ਸੰਪਰਕ ਕਰਨਾ ਲਾਭਦਾਇਕ ਹੋ ਸਕਦਾ ਹੈ। ਤੁਸੀਂ ਉਹਨਾਂ ਕੋਲੋਂ ਉਹਨਾਂ ਦੀ ਸਲਾਹ, ਮਦੱਦ ਅਤੇ ਦੂਜੇ ਮਹੱਤਵ-ਪੂਰਨ ਵਿਅਕਤੀਆਂ ਦੇ ਨਾਂ ਜੋ ਤੁਹਾਡੇ ਪ੍ਰੋਜੈਕਟ ਵਿਚ ਤੁਹਾਡੀ ਮਦੱਦ ਕਰ ਸਕਣ, ਬਾਰੇ ਪੁੱਛ ਸਕਦੇ ਹੋ।

**ਜਦੋਂ ਤੁਹਾਨੂੰ ਹਿਮਾਇਤ ਨਹੀਂ ਮਿਲਦੀ.** ਜੇਕਰ ਇਹ ਸੱਭ ਕੁੱਝ ਕਰਨ ਦੇ ਬਾਵਜੂਦ ਤੁਹਾਨੂੰ ਆਪਣੇ ਵਿਚਾਰਾਂ ਬਾਰੇ ਘੱਟ ਹਿਮਾਇਤ ਮਿਲਦੀ ਹੈ ਤਾਂ ਤੁਸੀਂ ਆਪਣੇ ਪੈਂਤੜੇ ਤੇ ਪੁਨਰ-ਵਿਚਾਰ ਕਰੋ। ਕੀ ਆਪਣੀਆਂ ਕੋਸ਼ਿਸ਼ਾਂ ਨੂੰ ਜਾਰੀ ਰੱਖਣਾ ਠੀਕ ਹੈ? ਵਿਵਾਦਪੂਰਨ ਮਾਮਲਿਆਂ ਲਈ ਬਹੁਤ ਸਾਰੇ ਸਗੰਠਨਾਂ ਅਤੇ ਕੋਸ਼ਿਸ਼ਾਂ ਦੀ ਲੋੜ ਹੈ।
ਸਹਾਇਤਾ ਤੋਂ ਬਿਨਾਂ, ਕੋਈ ਪ੍ਰਭਾਵਸ਼ਾਲੀ ਤਬਦੀਲੀ ਲਿਆਉਣ ਲਈ ਤੁਹਾਨੂੰ ਇਕ ਲੰਬੀ ਅਤੇ ਕਠਨ ਲੜਾਈ ਦਾ ਸਾਹਮਣਾ ਕਰਨਾ ਪਵੇਗਾ।

**ਇਕ ਵਿਅਕਤੀ ਵੀ ਤਬਦੀਲੀਆਂ ਲਿਆ ਸਕਦਾ ਹੈ.** ਅਜੇ ਵੀ ਕਨੇਡਾ ਦਾ ਇਤਿਹਾਸ ਸੁਧਾਰ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ ਜੋ ਕਿ ਇਕੱਲੇ ਅਤੇ ਹਿੰਮਤ ਵਾਲੇ ਵਿਅਕਤੀ ਦੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਈਆਂ ਸਨ। ਲੋਕਰਾਜ ਵਿਚ ਇਕ ਵਿਅਕਤੀ ਤਬਦੀਲੀ ਲਿਆ ਸਕਦਾ ਹੈ ਪਰ ਤੁਹਾਨੂੰ ਆਪਣੀ ਕਾਮਯਾਬੀ ਦੇ ਮੌਕਿਆਂ ਲਈ ਯਥਾਰਵਾਦੀ ਹੋਣ ਦੀ ਲੋੜ ਹੈ।

## ਇਕ ਵਿਅਕਤੀ ਜਿਸ ਨੇ ਪਰਿਵਰਤਨ ਲਿਆਂਦਾ

ਬਹੁਤ ਸਾਲ ਪਹਿਲਾਂ ਕਨੇਡੀਅਨ ਸਮਾਜ ਵਿਚ ਵਿਚਾਰ ਵਟਾਂਦਰਾ ਹੋਇਆ ਕਿ ਟੀ ਵੀ ਦੇ ਹਿੰਸਾਤਮਕ ਪ੍ਰੋਗਰਾਮਾਂ ਬਾਰੇ ਕੀ ਕਰਨਾ ਚਾਹੀਦਾ ਹੈ। ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਅਸਲ ਜ਼ਿੰਦਗੀ ਵਿਚ ਹੋਣ ਵਾਲੀ ਹਿੰਸਾ ਟੀ ਵੀ ਤੇ ਹੋਣ ਵਾਲੀ ਹਿੰਸਾ ਕਾਰਣ ਹੈ।

ਇਸ ਮਾਮਲੇ ਨੇ ਵਰਜਾਈਨੀ ਲੈਰੀਵਿਏਰੀ ਤੇ ਬਹੁਤ ਹੀ ਨਿੱਜੀ ਅਤੇ ਦੁੱਖਦਾਇਕ ਅਸਰ ਪਾਇਆ। ਉਸ ਦੀ ਭੈਣ ਦਾ ਅਪਹਰਣ ਕਰਕੇ ਕਤਲ ਕਰ ਦਿੱਤਾ ਗਿਆ ਸੀ। ਲੈਰੀਵਿਏਰੀ ਨੂੰ ਯਕੀਨ ਸੀ ਕਿ ਕਾਤਿਲ ਟੀ ਵੀ ਦੇ ਹਿੰਸਾਤਮਕ ਪ੍ਰੋਗਰਾਮਾਂ ਦੁਆਰਾ ਪ੍ਰਭਾਵਿਤ ਹੋਇਆ ਸੀ। ਉਸ ਨੇ ਤਬਦੀਲੀ ਲਿਆਉਣ ਲਈ ਕੁੱਝ ਕਰਨ ਦਾ ਫੈਸਲਾ ਕੀਤਾ।

ਤੇਰ੍ਹਾਂ ਸਾਲ ਦੀ ਉਮਰ ਵਿਚ ਲੈਰੀਵਿਏਰੀ ਨੇ ਟੈਲੀਵਿਜ਼ਨ ਤੋਂ ਹਿੰਸਾਤਮਕ ਗੱਲਾਂ ਨੂੰ ਰੋਕਣ ਦਾ ਅੰਦੋਲਨ ਸ਼ੁਰੂ ਕੀਤਾ। ਉਸਦਾ ਮੁੱਖ ਮਕਸਦ ਇਕ ਪਟੀਸ਼ਨ (ਇਕ ਲਿਖਤੀ-ਪੱਤਰ ਜਿਸ ਤੇ ਨਾਗਰਿਕ ਕਾਨੂੰਨ ਅਤੇ ਸਰਕਾਰ ਦੇ ਪ੍ਰੋਗਰਾਮਾਂ ਵਿਚ ਤਬਦੀਲੀ ਲਿਆਉਣ ਦੀ ਮੰਗ ਕਰਦੇ ਹਨ) ਤੇ ਦਸਤਖਤ ਕਰਨ ਲਈ ਕਨੇਡੀਅਨ ਲੋਕਾਂ ਨੂੰ ਉਤਸ਼ਾਹਿਤ ਕਰਨਾ ਸੀ।



1992 ਵਿਚ ਜਦੋਂ ਉਸਨੇ ਪ੍ਰਧਾਨ ਮੰਤਰੀ ਅੱਗੇ ਪਟੀਸ਼ਨ ਰੱਖੀ ਤਾਂ ਉਸਨੇ ਅਤੇ ਉਸਦੇ ਹੋਰ ਸਹਾਇਕਾਂ ਨੇ 1.3 ਮਿਲੀਅਨ ਤੋਂ ਵੱਧ ਦਸਤਖਤ ਇਕੱਠੇ ਕਰ ਲਏ ਸਨ। ਇਸ ਪਟੀਸ਼ਨ ਵਿਚ ਟੀ ਵੀ ਦੇ ਹਿੰਸਾਤਮਕ ਪ੍ਰੋਗਰਾਮਾਂ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ।

ਸਾਡੇ ਪਹਿਲੇ ਸੀ ਆਰ ਟੀ ਸੀ ਦੇ ਚੇਅਰਮੈਨ ਕੀਥ ਸਪਾਈਸਰ ਨੇ ਕਿਹਾ, "ਲੈਰੀਵਿਏਰੀ ਨੇ ਸਾਡੀ ਕੌਮੀ ਜ਼ਮੀਰ ਤੇ ਬਹੁਤ ਡੂੰਘਾ ਅਸਰ ਪਾਇਆ ਸੀ ਅਤੇ ਉਸਦਾ ਅੰਦੋਲਨ ਹਿੰਸਾ ਦੇ ਟੀ ਵੀ ਪ੍ਰੋਗਰਾਮਾਂ ਨੂੰ ਕੌਮੀ ਕਾਰਜ-ਸੂਚੀ ਵਿਚ ਸੱਭ ਤੋਂ ਉਪਰ ਦਾ ਮੁੱਦਾ ਬਣਾਉਣ ਵਿਚ ਪ੍ਰਭਾਵਸ਼ਾਲੀ ਸੀ।"

ਸੀ ਆਰ ਟੀ ਸੀ, ਕਨੇਡੀਅਨ ਰੇਡੀਉ ਐਂਡ ਟੈਲੀਵਿਜ਼ਨ ਕਮਿਸ਼ਨ, ਇਕ ਆਜ਼ਾਦ ਏਜੰਸੀ ਹੈ ਜੋ ਕਿ ਰੇਡਿਉ ਅਤੇ ਟੀ ਵੀ ਨੂੰ ਨਿਯਮਬੱਧ ਕਰਦੀ ਹੈ।

ਟੀ ਵੀ ਦੇ ਹਿੰਸਾਤਮਕ ਪ੍ਰੋਗਰਾਮਾਂ ਦੇ ਅਸਰ ਨੂੰ ਰੋਕਣ ਲਈ ਸੀ ਆਰ ਟੀ ਸੀ ਹੁਣ ਟੀ ਵੀ ਪ੍ਰੋਗਰਾਮ ਸਬੰਧਿਤ ਨਵੇਂ ਨਿਯਮ ਬਣਾ ਰਹੀ ਹੈ।





## ਪ੍ਰਭਾਵਸ਼ਾਲੀ ਜਥੇਬੰਦੀ

ਕਾਮਯਾਬ ਨਾਗਰਿਕਾਂ ਦੇ ਗਰੁੱਪ ਬਹੁਤ ਜਥੇਬੰਦ ਹੁੰਦੇ ਹਨ। ਭਾਵੇਂ ਤੁਸੀਂ ਪਹਿਲਾਂ ਤੋਂ ਬਣੇ ਗਰੁੱਪ ਵਿਚ ਸ਼ਾਮਲ ਹੋਣਾ ਚਾਹੁੰਦੇ ਹੋ ਜਾਂ ਆਪਣਾ ਗਰੁੱਪ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਉਹ ਗਰੁੱਪ ਪ੍ਰਭਾਵਸ਼ਾਲੀ ਕੰਮ ਕਰੇ। ਕਾਮਯਾਬ ਗਰੁੱਪ ਬਣਾਉਣ ਸਬੰਧੀ ਕੁੱਝ ਤਜ਼ਵੀਜ਼ਾਂ ਇਸ ਤਰ੍ਹਾਂ ਹਨ:

**ਜਥੇਬੰਦ ਕਰਨਾ.** ਨਾਗਰਿਕਾਂ ਦਾ ਗਰੁੱਪ ਤਾਂ ਹੀ ਕਾਮਯਾਬ ਹੁੰਦਾ ਹੈ ਕਿਉਂਕਿ ਇਸ ਦੇ ਮੈਂਬਰ ਖਾਸ ਸਰਗਰਮੀਆਂ ਤੇ ਕੰਮ ਕਰਦੇ ਹਨ ਜਿਸ ਨਾਲ ਗਰੁੱਪ ਦੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ। ਹਰ ਇਕ ਮੈਂਬਰ ਦਾ ਖਾਸ ਕੰਮ ਹੋਣਾ ਚਾਹੀਦਾ ਹੈ। ਗਰੁੱਪ ਵਿਚੋਂ ਕਿਸੇ ਇਕ ਮੈਂਬਰ ਦੀ ਇਹ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਦੂਜੇ ਮੈਂਬਰ ਆਪਣਾ ਕੰਮ ਕਰਨ। ਗਰੁੱਪ ਨੂੰ ਮੀਟਿੰਗਾਂ ਕਰਨ ਲਈ ਕੁੱਝ ਮੈਬਰਾਂ ਦੀ ਚੋਣ ਕਰਨੀ ਚਾਹੀਦੀ ਹੈ, ਕੁੱਝ ਮੈਂਬਰਾਂ ਨੂੰ ਪ੍ਰਚਾਰ ਸਬੰਧੀ ਕੰਮ ਕਰਨਾ ਚਾਹੀਦਾ ਹੈ, ਅਤੇ ਜੇ ਗਰੁੱਪ ਨੂੰ ਧੰਨ ਦੀ ਲੋੜ ਹੋਵੇ ਤਾਂ ਕੁੱਝ ਮੈਂਬਰਾਂ ਨੂੰ ਫੰਡ ਰੇਜ਼ਿਗ (ਧੰਨ ਇਕੱਠਾ ਕਰਨਾ) ਦਾ ਕੰਮ ਕਰਨਾ ਚਾਹੀਦਾ ਹੈ।

**ਮੀਟਿੰਗਾਂ.** ਮੀਟਿੰਗਾਂ ਨਾਗਰਿਕਾਂ ਦੇ ਗਰੁੱਪ ਦਾ ਇਕ ਮਹੱਤਵ-ਪੂਰਨ ਅੰਗ ਹਨ। ਹਰ ਗਰੁੱਪ ਦਾ ਇਕ ਪ੍ਰਧਾਨ ਹੋਣਾ ਚਾਹੀਦਾ ਹੈ ਜੋ ਮੀਟਿੰਗ ਅਤੇ ਏਜੰਡਾ (ਮੀਟਿੰਗ ਵਿਚ ਵਿਚਾਰ-ਵਟਾਂਦਰੇ ਦੀ ਕਾਰਜ-ਸੂਚੀ) ਬਣਾਉਣ ਵਿਚ ਸਹਾਇਕ ਹੋਵੇ। ਪ੍ਰਧਾਨ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਮੀਟਿੰਗ ਯੋਗ (ਬਹੁਤ ਲੰਬੀ ਨਾ) ਹੋਵੇ ਅਤੇ ਮੀਟਿੰਗ ਵਿਚ ਉਪਸਥਿਤ ਹੋਣ ਵਾਲੇ ਸਾਰੇ ਮੈਂਬਰਾਂ ਨੂੰ ਬਹਿਸ ਵਿਚ ਹਿੱਸਾ ਲੈਣ ਦੀ ਆਸਾਨੀ ਹੋਵੇ।

**ਪ੍ਰਚਾਰ.** ਕਾਨੂੰਨ ਜਾਂ ਸਰਕਾਰ ਦੇ ਪ੍ਰੋਗਰਾਮ ਵਿਚ ਸੁਧਾਰ ਲਿਆਉਣ ਲਈ ਗਰੁੱਪ ਦੀਆਂ ਕੋਸ਼ਿਸ਼ਾਂ ਦਾ ਪ੍ਰਚਾਰ ਕਰਨਾ ਜ਼ਰੂਰੀ ਹੈ। ਪ੍ਰਚਾਰ ਕਰਨ ਨਾਲ ਕੇਵਲ ਨਵੇਂ ਮੈਂਬਰ ਹੀ ਨਹੀਂ ਆਉਣਗੇ, ਇਸ ਨਾਲ ਸਿਆਸਤਦਾਨ ਵੀ ਸੁਚੇਤ ਹੋਣਗੇ ਕਿ ਉਹਨਾਂ ਦੀ ਕਮਿਊਨਿਟੀ ਵਿਚ ਕੋਈ ਮਾਮਲਾ ਹੈ ਜਿਸ ਵੱਲ ਉਹਨਾਂ ਨੂੰ ਧਿਆਨ ਦੇਣਾ ਚਾਹੀਦਾ ਹੈ। ਐਮ ਪੀ, ਐਮ ਐਲ ਏ ਅਤੇ ਸਥਾਨਕ ਸਰਕਾਰ ਦੇ ਪ੍ਰਤੀਨਿਧ ਨਾਗਰਿਕਾਂ ਦੇ ਮੱਸਲਿਆਂ ਸਬੰਧੀ ਸੁਚੇਤ ਰਹਿੰਦੇ ਹਨ ਜਦੋਂ ਇਹ ਮੱਸਲੇ ਮੀਡੀਆ ਕੋਲ ਪਹੁੰਚ ਜਾਂਦੇ ਹਨ।

**ਜਨਤਕ ਸਮਾਗਮ.** ਜਨਤਕ ਸਮਾਗਮ ਤੁਹਾਡੇ ਗਰੁੱਪ ਦੀਆਂ ਕੋਸ਼ਿਸ਼ਾਂ ਦਾ ਪ੍ਰਚਾਰ ਕਰਨ ਅਤੇ ਧੰਨ ਇਕੱਠਾ ਕਰਨ ਵਿਚ ਮੱਦਦ ਕਰਦੇ ਹਨ। ਫਿਰ ਵੀ ਇਹਨਾਂ ਨੂੰ ਠੀਕ ਤਰ੍ਹਾਂ ਚਲਾਉਣ ਲਈ ਬਹੁਤ ਸਾਰਾ ਸਮਾਂ ਅਤੇ ਯੋਜਨਾ ਦੀ ਲੋੜ ਹੈ।

**ਜਨਤਕ ਮੁਜ਼ਾਹਰੇ.** ਸਰਕਾਰ ਤੇ ਦਬਾਉ ਪਾਉਣ ਲਈ ਕਿ ਉਹ ਅਜਿਹੇ ਕੰਮ ਕਰੇ ਜੋ ਉਹ ਨਹੀਂ ਕਰਨਾ ਚਾਹੁੰਦੀ, ਜਨਤਕ ਮੁਜ਼ਾਹਰੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਤਰੀਕਾ ਹੋ ਸਕਦੇ ਹਨ। ਲੋਕ ਇਹਨਾਂ ਮੁਜ਼ਾਹਰਿਆਂ ਦੀ ਹੋਰ ਵੀ ਹਿਮਾਇਤ ਕਰਦੇ ਹਨ, ਜੇ ਇਹ ਮੁਜ਼ਾਹਰੇ ਹਿੰਸਾਤਮਕ ਨਾ ਹੋਣ ਅਤੇ ਕਾਨੂੰਨ ਨਾ ਤੋੜਨ। ਕਨੇਡੀਅਨ ਲੋਕਾਂ ਕੋਲ ਸਰਕਾਰ ਦੇ ਵਤੀਰੇ ਸਬੰਧੀ ਆਪਣੇ ਸਰੋਕਾਰ ਪ੍ਰਗਟਾਉਣ ਅਤੇ ਤਬਦੀਲੀਆਂ ਦੀ ਮੰਗ ਕਰਨ ਲਈ ਜਨਤਕ ਮੁਜ਼ਾਹਰਿਆਂ ਦੀ ਵਰਤੋਂ ਕਰਨ ਦਾ ਇਕ ਲੰਬਾ ਇਤਿਹਾਸ ਹੈ।

ਬਹੁਤ ਘੱਟ ਹਾਲਤਾਂ ਵਿਚ ਇਕ ਮੁਜ਼ਾਹਰਾ ਸਰਕਾਰ ਨੂੰ ਆਪਣਾ ਮਨ ਬਦਲਣ ਤੇ ਮਜਬੂਰ ਕਰਨ ਲਈ ਕਾਫੀ ਹੋਵੇਗਾ। ਪ੍ਰੰਤੂ ਜਨਤਕ ਮੁਜ਼ਾਹਰੇ ਲੋਕਾਂ ਦਾ ਕਾਫੀ ਧਿਆਨ ਗਰੁੱਪ ਦੇ ਮਾਮਲਿਆ ਵੱਲ ਕੇਂਦਰਿਤ ਕਰ ਸਕਦੇ ਹਨ    ਖਾਸ ਕਰਕੇ ਜਦੋਂ ਉਹ ਸਹੀ ਵਕਤ ਤੇ ਸਹੀ ਢੰਗ ਨਾਲ ਜਥੇਬੰਦ ਕੀਤੇ ਗਏ ਹੋਣ। ਲੋਕਾਂ ਵੱਲੋਂ ਕੀਤੇ ਗਏ ਕਾਮਯਾਬ ਮੁਜ਼ਾਹਰੇ ਸਰਕਾਰ ਨੂੰ ਉਸਦੇ ਕਾਨੂੰਨਾਂ ਅਤੇ ਪ੍ਰੋਗਰਾਮਾਂ ਦਾ ਨਿਰੀਖਣ ਕਰਨ ਅਤੇ ਤਬਦੀਲੀ ਕਰਨ ਵਿਚ ਮਜਬੂਰ ਕਰ ਸਕਦੇ ਹਨ।








**ਮੀਡੀਏ ਦੀ ਵਰਤੋਂ ਕਰਨੀ.** ਮੀਡੀਆ ਨਾਗਰਿਕਾਂ ਦੇ ਗਰੁੱਪਾਂ ਦਾ ਇਕ ਬਹੁਤ ਹੀ ਚੰਗਾ ਦੋਸਤ ਹੋ ਸਕਦਾ ਹੈ ਕਿਉਂਕਿ ਉਹ ਕਨੇਡਾ ਵਿਚ ਬਹੁਤ ਹੀ ਪ੍ਰਭਾਵਸ਼ਾਲੀ ਹੈ। ਟੀ ਵੀ ਅਤੇ ਰੇਡੀਉ ਰਿਪੋਰਟਾਂ, ਅਖਬਾਰਾਂ ਅਤੇ ਮੈਗਜ਼ੀਨ ਦੇ ਆਰਟੀਕਲ ਦੂਜੇ ਹੋਰ ਨਾਗਰਿਕਾਂ ਅਤੇ ਚੁਣੇ ਹੋਏ ਪ੍ਰਤੀਨਿਧਾਂ ਦਾ ਧਿਆਨ ਤੁਹਾਡੇ ਮਾਮਲਿਆਂ ਵੱਲ ਲਿਆਂਦੀਆਂ ਹਨ। ਮੀਡੀਏ ਦੇ ਲੋਕ ਰਿਪੋਰਟਾਂ ਵਾਸਤੇ ਨਵੇਂ ਅਤੇ ਦਿਲਚਸਪ ਵਿਸ਼ੇ ਲੱਭਣ ਲਈ ਅਕਸਰ ਨਾਗਰਿਕਾਂ ਦੇ ਗਰੁੱਪਾਂ ਨਾਲ ਸੰਪਰਕ ਕਰਦੇ ਹਨ।

ਤੁਹਾਡੇ ਗਰੁੱਪ ਦੀ ਮੀਡੀਆ ਨਾਲ ਕੰਮ ਕਰਨ ਦੀ ਯੋਜਨਾ ਹੋਣੀ ਚਾਹੀਦੀ ਹੈ। ਉਦਾਹਰਣ ਦੇ ਤੌਰ ਤੇ, ਮੀਡੀਆ ਤੱਕ ਪ੍ਰਭਾਵਸ਼ਾਲੀ ਸੰਦੇਸ਼ਾ ਪਹੁੰਚਾਣ ਲਈ, ਬਹੁਤ ਸਾਰੇ ਗਰੁੱਪ ਦੋ ਵਿਚੋਂ ਇਕ ਮੈਂਬਰ ਨੂੰ ਬੁਲਾਰੇ ਦੇ ਤੌਰ ਤੇ ਚੁਣਦੇ ਹਨ (ਬੁਲਾਰਾ ਉਹ ਵਿਅਕਤੀ ਹੁੰਦਾ ਹੈ ਜੋ ਗਰੁੱਪ ਦੇ ਹਿੱਤ ਲਈ ਬੋਲਦਾ ਹੈ ਅਤੇ ਜੋ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਮੀਡੀਏ ਨੂੰ ਗਰੁੱਪ ਦੀ ਕਾਰਜ-ਕਿਰਿਆ ਬਾਰੇ ਪਤਾ ਲੱਗੇ।

**ਵਿਰੋਧੀ ਪਾਰਟੀਆਂ ਦਾ ਇਸਤੇਮਾਲ ਕਰਨਾ.** ਵਿਰੋਧੀ ਪਾਰਟੀਆਂ ਵੀ ਸਿਟੀਜ਼ਨ ਗਰੁੱਪਾਂ ਦੀਆਂ ਮਿੱਤਰ ਬਣ ਸਕਦੀਆਂ ਹਨ। ਉਹਨਾਂ ਦਾ ਕੰਮ ਸਰਕਾਰ ਦੀ ਆਲੋਚਨਾ ਕਰਨਾ ਹੈ, ਇਸ ਲਈ ਉਹ ਸਿਟੀਜ਼ਨ ਗਰੁੱਪਾਂ ਨੂੰ ਧਿਆਨ ਨਾਲ ਸੁਣਦੀਆਂ ਹਨ ਜੋ ਕਿ ਤਬਦੀਲੀਆਂ ਕਰਨਾ ਚਾਹੁੰਦੇ ਹਨ। ਤੁਹਾਡਾ ਗਰੁੱਪ ਤੁਹਾਡੇ ਮੱਸਲਿਆਂ ਨੂੰ ਸਰਕਾਰ, ਮੀਡੀਆ, ਅਤੇ ਦੂਜੇ ਨਾਗਰਿਕਾਂ ਤੱਕ ਪੰਹੁਚਾਣ ਲਈ ਵਿਰੋਧੀ ਪਾਰਟੀਆਂ ਦਾ ਇਸਤੇਮਾਲ ਕਰ ਸਕਦਾ ਹੈ। ਵਿਰੋਧੀ ਪਾਰਟੀ ਦੇ ਲੋਕਲ ਐਮ ਐਲ ਏ ਜਾਂ ਐਮ ਪੀ ਨੂੰ ਮਿਲੋ ਜਾਂ ਸਿੱਧੇ ਪਾਰਟੀ ਦੇ ਸੀਨੀਅਰ ਮੈਂਬਰ ਕੋਲ ਜਾਉ। ਇਸ ਤੋਂ ਇਲਾਵਾ ਵਿਰੋਧੀ ਪਾਰਟੀਆਂ ਦੇ ਅਜਿਹੇ ਮੈਂਬਰ ਹੁੰਦੇ ਹਨ ਜੋ ਕਿ ਖਾਸ ਮਨਿਸਟਰੀਆਂ ਨਾਲ ਸਬੰਧਿਤ ਮਾਮਲਿਆਂ ਬਾਰੇ ਸਿੱਧੇ ਤੌਰ ਤੇ ਜੁਆਬ ਦੇਣ ਲਈ ਜ਼ਿੰਮੇਵਾਰ ਹੁੰਦੇ ਹਨ (ਇਹਨਾਂ ਨੂੰ ਵਿਰੋਧੀ ਆਲੋਚਕ ਕਿਹਾ ਜਾਂਦਾ ਹੈ)।



# ਉਚਿੱਤ ਵਿਅਕਤੀਆਂ ਨਾਲ ਸੰਪਰਕ ਕਰਨਾ

## ਕਿਸ ਨਾਲ ਸੰਪਰਕ ਕੀਤਾ ਜਾਵੇ

ਸਰਕਾਰੀ ਕਾਨੂੰਨਾਂ ਅਤੇ ਪ੍ਰੋਗਰਾਮਾਂ ਸਬੰਧੀ ਤਬਦੀਲੀਆਂ ਕਰਨ ਵਿਚ ਕਾਮਯਾਬ ਹੋਣ ਲਈ ਜ਼ਰੂਰੀ ਹੈ ਕਿ ਉਚਿੱਤ ਵਿਅਕਤੀਆਂ ਨਾਲ ਸੰਪਰਕ ਰੱਖਿਆ ਜਾਵੇ।

**ਸਰਕਾਰ** ਤੱਕ ਪਹੁੰਚਣਾ. ਬੇਸ਼ੱਕ ਤੁਸੀਂ ਆਪਣੇ ਮਾਮਲਿਆਂ ਲਈ ਮੀਡੀਆ ਜਾਂ ਵਿਰੋਧੀ ਪਾਰਟੀ ਦੀ ਰੁਚੀ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਜਾਂਦੇ ਹੋ, ਫਿਰ ਵੀ ਕਿਸੇ ਮੌਕੇ ਤੇ ਤੁਹਾਡੇ ਗਰੁੱਪ ਨੂੰ ਸਰਕਾਰ ਦੇ ਸੀਨੀਅਰ ਮੈਂਬਰ ਕੋਲ ਜਾਣਾ ਚਾਹੀਦਾ ਹੈ। ਸਬੰਧਿਤ ਮਹਿਕਮੇ ਦੇ ਮੰਤਰੀ ਜਾਂ ਉਪ-ਮੰਤਰੀ ਕੋਲ ਜਾਉ।

ਤੁਸੀਂ ਸਹਾਇਤਾ ਲਈ ਦੂਜੇ ਮੰਤਰੀਆਂ ਕੋਲ ਵੀ ਜਾ ਸਕਦੇ ਹੋ ਜੋ ਕਿ ਕੀਮਤੀ ਇਤਹਾਦੀ ਹੋ ਸਕਦੇ ਹਨ। ਇਸ ਕਿਤਾਬਚੇ ਦੇ ਬਾਕੀ ਸਫਿਆਂ ਵਿਚ, ਸਰਕਾਰ ਵਿਚ ਕਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ, ਬਾਰੇ ਹੋਰ ਤਰਕੀਬਾਂ ਦੱਸੀਆਂ ਗਈਆਂ ਹਨ। ਤੁਹਾਡੇ ਕੋਲ ਭਾਵੇਂ ਜਿੰਨਾ ਵੀ ਲੋਕਾਂ ਦਾ ਸਮਰਥਨ ਹੋਵੇ, ਤੁਹਾਨੂੰ ਫਿਰ ਵੀ ਸਰਕਾਰ ਨੂੰ ਤਬਦੀਲੀਆਂ ਕਰਨ ਲਈ ਕਾਇਲ਼ ਕਰਨਾ ਪਵੇਗਾ।

ਆਮ ਤੌਰ ਤੇ, ਸਰਕਾਰੀ ਅਦਾਰੇ ਦੇ ਉਸ ਪ੍ਰਭਾਵਸ਼ਾਲੀ ਵਿਅਕਤੀ ਨੂੰ ਮਿਲੋ ਜਿਸ ਕੋਲ ਤਬਦੀਲੀਆਂ ਕਰਨ ਦਾ ਅਧਿਕਾਰ ਹੋਵੇ।

ਸੰਪਰਕ ਸਬੰਧੀ ਚੰਗੇ ਵਿਅਕਤੀ ਨੂੰ ਲੱਭਣ ਲਈ, ਉਸ ਵਿਅਕਤੀ ਨੂੰ ਮਿਲੋ ਜੋ ਅਦਾਰੇ ਵਿਚ ਕੰਮ ਕਰਦਾ ਹੋਵੇ। ਜਾਂ ਉਸ ਵਿਅਕਤੀ ਦੀ ਸਲਾਹ ਲਵੋ ਜੋ ਉਸ ਅਦਾਰੇ ਬਾਰੇ ਜਾਣਕਾਰੀ ਰੱਖਦਾ ਹੋਵੇ। ਤੁਸੀਂ ਇਹ ਸ਼ੁਰੂਆਤ ਅਦਾਰਿਆਂ ਨੂੰ ਸਾਧਾਰਣ ਫੋਨ ਕਰਕੇ (ਫੋਨ ਦੀ ਕਿਤਾਬ ਦੇ ਨੀਲੇ ਸਫਿਆਂ ਵਿਚ ਦੇਖੋ) ਅਤੇ ਆਪਣੀ ਕਮਿਊਨਿਟੀ ਦੀ ਲਾਇਬ੍ਰੇਰੀ 'ਚ ਮੁੱਢਲੀ ਰਿਸਰਚ ਕਰਕੇ ਕਰ ਸਕਦੇ ਹੋ।

ਆਮ ਤੌਰ ਤੇ, ਕੈਬਨਿਟ ਮੰਤਰੀ ਜਾਂ ਉਪ-ਮੰਤਰੀ ਮਾਮਲਿਆਂ ਲਈ ਜ਼ੁੰਮੇਵਾਰ ਹੁੰਦੇ ਹਨ ਜਿਨ੍ਹਾਂ ਕੋਲ ਕਾਨੂੰਨ ਬਣਾਉਣ ਜਾਂ ਸਰਕਾਰੀ ਪ੍ਰੋਗਰਾਮਾਂ 'ਤੇ ਪ੍ਰਭਾਵ ਪਾਉਣ ਦੀ ਸੱਭ ਤੋਂ ਜ਼ਿਆਦਾ ਯੋਗਤਾ ਹੁੰਦੀ ਹੈ। ਬਦਕਿਸਮਤੀ ਨਾਲ, ਉਹਨਾਂ ਨੂੰ ਮਿਲਣ ਲਈ ਪ੍ਰਬੰਧ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ।

ਆਪਣੇ ਲੋਕਲ ਐਮ ਪੀ ਜਾਂ ਐਮ ਐਲ਼ ਏ ਨੂੰ ਮਿਲਣਾ ਵੀ ਮਦਦਗਾਰ ਹੋ ਸਕਦਾ ਹੈ। ਤੁਸੀਂ ਆਪਣੇ ਸਰੋਕਾਰ ਆਪਣੇ ਲੋਕਲ ਐਮ ਪੀ ਜਾਂ ਐਮ ਐਲ਼ ਏ ਨੂੰ ਲਿਖ ਕੇ ਜਾਂ ਉਹਨਾਂ ਨੂੰ ਮਿਲਕੇ ਪਹੁੰਚਾ ਸਕਦੇ ਹੋ।





ਕੈਬਨਿਟ ਮੰਤਰੀ ਨਾਲ ਮੀਟਿੰਗ ਕਰਨ ਨਾਲੋਂ, ਆਪਣੇ ਚੁਣੇ ਹੋਏ ਪ੍ਰਤੀਨਿਧ ਨਾਲ ਮੀਟਿੰਗ ਦਾ ਪ੍ਰਬੰਧ ਕਰਨਾ ਬਹੁਤ ਸੌਖਾ ਹੈ। ਤੁਸੀਂ ਮੰਤਰੀ ਜਾਂ ਉਪ-ਮੰਤਰੀ ਕੋਲ ਜਾਣ ਤੋਂ ਪਹਿਲਾਂ ਆਪਣੇ ਲੋਕਲ ਐਮ ਪੀ ਜਾਂ ਐਮ ਐਲ਼ ਏ ਦੀ ਸਹਾਇਤਾ ਲੈ ਸਕਦੇ ਹੋ। ਹੋ ਸਕਦਾ ਹੈ ਕਿ ਐਮ ਪੀ ਜਾਂ ਐਮ ਐਲ਼ ਏ ਸਰਕਾਰ 'ਤੇ ਸਿੱਧੇ ਤੌਰ ਤੇ ਪ੍ਰਭਾਵ ਪਾਉਣ ਦੇ ਯੋਗ ਹੋਵੇ।

ਸਥਾਨਕ ਸਰਕਾਰੀ ਮਾਮਲਿਆਂ ਲਈ,ਸਥਾਨਕ ਚੁਣੇ ਹੋਏ ਪ੍ਰਤੀਨਿਧ ਨਾਲ ਮੀਟਿੰਗ ਕਰਨ ਦਾ ਪ੍ਰਬੰਧ ਕਰਨਾ ਆਮ ਤੌਰ ਤੇ ਆਸਾਨ ਹੁੰਦਾ ਹੈ।

ਤੁਸੀਂ ਭਾਵੇਂ ਕਿਸੇ ਵੀ ਸਰਕਾਰ ਨਾਲ ਵਿਹਾਰ ਕਰਨਾ ਹੋਵੇ ਸਫਲਤਾ ਦੀ ਕੁੰਜੀ ਇਹ ਗੱਲਾਂ ਜਾਨਣ ਤੇ ਨਿਰਭਰ ਕਰਦੀ ਹੈ ਕਿ ਕੌਣ ਤੁਹਾਡੇ ਮੱਸਲਿਆਂ ਲਈ ਸੱਭ ਤੋਂ ਵੱਧ ਹਮਦਰਦ ਹੋਵੇਗਾ। ਸੱਭ ਤੋਂ ਪਹਿਲਾਂ ਉਹਨਾਂ ਨੂੰ ਮਿਲੋ। ਕੁੱਝ ਹਾਲਤਾਂ ਵਿਚ, ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੇ ਮੱਸਲਿਆਂ ਲਈ ਸਿਆਸਤਦਾਨ ਨਾਲੋਂ ਸਿਵਲ ਸਰਵਿਸ ਦਾ ਮੈਂਬਰ ਜਿਆਦਾ ਹਮਦਰਦ ਹੋਵੇਗਾ।

## ਆਪਣੇ ਉਦੇਸ਼ ਲਈ ਸਹਾਇਤਾ ਪ੍ਰਾਪਤ ਕਰਨੀ

ਲੋਕਰਾਜ ਵਿਚ, ਕੁੱਝ ਵਿਅਕਤੀ ਅਤੇ ਸੰਸਥਾਂਵਾਂ ਆਪਣੀ ਸਿਆਣਪਤਾ ਅਤੇ ਤਜ਼ਰਬੇ ਕਰਕੇ ਆਦਰਯੋਗ ਹੁੰਦੇ ਹਨ। ਹਰ ਕੋਈ ਵਿਅਕਤੀ ਉਹਨਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦਾ, ਪਰ ਜੋ ਕੁੱਝ ਉਹ ਕਹਿੰਦੇ ਹਨ, ਉਸਨੂੰ ਅਸੀਂ ਧਿਆਨ ਨਾਲ ਸੁਣਦੇ ਹਾਂ।

ਕਿਸੇ ਵੀ ਉਚਿੱਤ ਸਰਕਾਰੀ ਅਧਿਕਾਰੀ ਕੋਲ ਜਾਣ ਤੋਂ ਪਹਿਲਾਂ, ਤੁਹਾਨੂੰ ਉਹਨਾਂ ਮਹੱਤਵ-ਪੂਰਨ ਵਿਅਕਤੀਆਂ ਜਾਂ ਜਥੇਬੰਦੀਆਂ ਦੇ ਸਮਰਥਨ ਲਈ ਨਿਵੇਦਨ ਕਰਨਾ ਚਾਹੀਦਾ ਹੈ ਜੋ ਤੁਹਾਡੇ ਤਬਦੀਲੀ ਦੇ ਮਤੇ ਨਾਲ ਸਹਿਮਤ ਹੋਣ। ਇਹੋ ਜਿਹਾ ਸਮਰਥਨ ਖਾਸ ਤੌਰ ਤੇ ਉਹਨਾਂ ਵਿਅਕਤੀਆਂ ਜਾਂ ਗਰੁੱਪਾਂ ਤੋਂ ਮਦਦਗਾਰ ਹੋ ਸਕਦਾ ਹੈ, ਜਿਨ੍ਹਾਂ ਤੇ ਕਾਨੂੰਨ ਜਾਂ ਰਾਜਨੀਤੀ ਦਾ ਸਿੱਧੇ ਤੌਰ ਤੇ ਕੋਈ ਅਸਰ ਨਹੀਂ ਪੈਂਦਾ। ਇਹਨਾਂ ਸਮਰਥਕਾਂ ਦੇ ਫੈਸਲੇ ਨੂੰ ਜਿਆਦਾ ਸੁਤੰਤਰ ਤੌਰ ਤੇ ਦੇਖਿਆ ਜਾਵੇਗਾ ਕਿਉਂਕਿ ਕੋਈ ਵੀ ਤਬਦੀਲੀ ਕਰਨ ਨਾਲ ਉਹਨਾਂ ਨੂੰ ਨਿੱਜੀ ਤੌਰ ਤੇ ਕੋਈ ਫਾਇਦਾ ਨਹੀਂ ਹੁੰਦਾ।

## ਸੰਪਰਕ ਕਿਸਤਰ੍ਹਾਂ ਕੀਤਾ ਜਾਵੇ

**ਸਰਕਾਰੀ ਅਧਿਕਾਰੀ ਨੂੰ ਨਿੱਜੀ ਮੁਲਾਕਾਤ ਲਈ ਕਹੋ.** ਨਿੱਜੀ ਮੁਲਾਕਾਤ ਲਈ, ਆਮ ਤੌਰ ਤੇ ਤੁਹਾਨੂੰ ਲਿਖਤੀ ਬੇਨਤੀ ਭੇਜਣੀ ਪਵੇਗੀ।

ਆਪਣੀ ਚਿੱਠੀ ਵਿਚ, ਇਹ ਵਰਣਨ ਕਰੋ ਕਿ ਤੁਹਾਡੇ ਵਿਚਾਰ ਅਨੁਸਾਰ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਵਿਚ ਕੀ ਗਲਤ ਹੈ ਅਤੇ ਇਸਨੂੰ ਕਿਸ ਤਰ੍ਹਾਂ ਬਦਲਿਆ ਜਾਣਾ ਚਾਹੀਦਾ ਹੈ।

ਬੇਨਤੀ-ਪੱਤਰ ਲਿਖਣ ਦੇ ਕੁੱਝ ਨੁਕਤੇ ਇਸ ਤਰ੍ਹਾਂ ਹਨ:

- ❑ ਸੱਭ ਤੋਂ ਪਹਿਲਾਂ ਤੁਹਾਨੂੰ ਕਾਨੂੰਨ ਜਾਂ ਪ੍ਰੋਗਰਾਮ ਨੂੰ ਜ਼ਰੂਰ ਸਮਝਣਾ ਚਾਹੀਦਾ ਹੈ। ਇਸ ਦੀ ਇਕ ਕਾਪੀ ਲਵੋ। ਤੁਹਾਨੂੰ ਇਹ ਵੀ ਜਾਨਣ ਦੀ ਲੋੜ ਹੈ ਕਿ ਸਿਵਲ ਸਰਵਿਸ ਦੁਆਰਾ ਇਹ ਕਾਨੂੰਨ ਜਾਂ ਪ੍ਰੋਗਰਾਮ ਕਿਸਤਰ੍ਹਾਂ ਲਾਗੂ ਕੀਤਾ ਜਾਂਦਾ ਹੈ।
- ❑ ਚਿੱਠੀ ਦਾ ਲਹਿਜਾ ਲੋਕਾਚਾਰ ਵਾਲਾ ਹੋਵੇ।
- ❑ ਮਾਮਲੇ ਵਿਚਲੇ ਸਿਧਾਂਤ ਜਾਂ ਮਹੱਤਵ ਨੂੰ ਸਾਫ ਸਪਸ਼ਟ ਕਰੋ। ਮਹੱਤਵ-ਪੂਰਨ ਕਨੇਡੀਅਨ ਕਦਰਾਂ-ਕੀਮਤਾਂ ਲਈ ਅਧਿਆਇ 2 ਦੇਖੋ।
- ❑ ਜੇ ਹੋ ਸਕੇ, ਤਾਂ ਕਾਨੂੰਨ ਜਾਂ ਪ੍ਰੋਗਰਾਮ ਦੇ ਅਣਚਾਹੇ ਨਤੀਜਿਆਂ ਦੀਆਂ ਉਦਾਹਰਣਾਂ ਦਿਉ।
- ❑ ਜੇ ਹੋ ਸਕੇ, ਤਾਂ ਦੂਜੀਆਂ ਸਰਕਾਰਾਂ ਦੀਆਂ ਉਦਾਹਰਣਾਂ ਦਿਉ ਜਿਨ੍ਹਾਂ ਨੇ ਤੁਹਾਡੀ ਪਹੁੰਚ ਨੂੰ ਸਵੀਕਾਰ ਕੀਤਾ ਹੋਵੇ।
- ❑ ਆਪਣੀ ਬੇਨਤੀ ਲਈ ਦੂਜਿਆਂ ਦੇ ਸਮਰਥਨ ਦੀਆਂ ਚਿੱਠੀਆਂ ਸ਼ਾਮਲ ਕਰੋ।
- ❑ ਅਖੀਰ ਵਿਚ, ਜੁਆਬ ਦੇਣ ਲਈ ਕਹੋ।

ਜੇ ਤੁਸੀਂ ਮੀਟਿੰਗ ਦਾ ਪ੍ਰਬੰਧ ਕਰਨ ਵਿਚ ਸਫਲ ਹੋ ਜਾਵੋ ਤਾਂ ਧਿਆਨ ਰਖੋ ਕਿ ਤੁਸੀਂ ਸਰਕਾਰ ਨੂੰ ਮੀਟਿੰਗ ਵਿਚ ਉਪਸਥਿਤ ਹੋਣ ਵਾਲੇ ਸਾਰੇ ਲੋਕਾਂ ਬਾਰੇ ਦੱਸੋ। ਇਹ ਚੰਗਾ ਹੋਵੇਗਾ ਕਿ ਤੁਹਾਡੇ ਨਾਲ ਮੀਟਿੰਗ ਵਿਚ ਉਪਸਥਿਤ ਹੋਣ ਵਾਲੇ ਦੂਜੇ ਵਿਅਕਤੀ ਦੋ ਤੋਂ ਵੱਧ ਨਾ ਹੋਣ।

ਮੀਟਿੰਗ ਦੌਰਾਨ, ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਬਦਲਣ ਸਬੰਧੀ ਆਪਣੀਆਂ ਦਲੀਲਾਂ ਨੂੰ ਨਿਮਰਤਾ ਅਤੇ ਦ੍ਰਿੜਤਾ ਨਾਲ ਪੇਸ਼ ਕਰੋ। ਆਪਣੀ ਗੱਲਬਾਤ ਦੀ ਤਿਆਰੀ ਕਰਨ ਅਤੇ ਗੱਲਬਾਤ ਦੌਰਾਨ ਚਿੱਠੀ ਲਿਖਣ ਬਾਰੇ ਦੱਸੇ ਨੁਕਤਿਆਂ ਦਾ ਇਸਤੇਮਾਲ ਕਰੋ।

## ਪੈਰਵੀ ਕਰਨਾ.

**ਹੋਰ ਚਿੱਠੀ ਲਿਖੋ.** ਮੀਟਿੰਗ ਤੋਂ ਬਾਅਦ, ਹਮੇਸ਼ਾਂ ਸਰਕਾਰੀ ਅਧਿਕਾਰੀ ਜਿਸਨੂੰ ਤੁਸੀਂ ਮਿਲੇ ਸੀ ਲਿਖੋ ਕਿ ਮੀਟਿੰਗ ਵਿਚ ਕੀ ਵਾਪਰਿਆ ਸੀ। ਇਹ ਚਿੱਠੀ ਤੁਹਾਨੂੰ ਦੋਨਾਂ ਨੂੰ ਉਮੀਦਾਂ ਅਤੇ ਸੂਚਨਾਵਾਂ ਦਾ ਸਪਸ਼ਟੀਕਰਣ ਕਰਨ ਦਾ ਮੌਕਾ ਦਿੰਦੀ ਹੈ। ਇਸ ਨਾਲ ਮੀਟਿੰਗ ਦਾ ਲਿਖਤੀ ਰੂਪ ਵਿਚ ਰਿਕਾਰਡ ਵੀ ਹੋ ਜਾਂਦਾ ਹੈ।





**ਜੇ ਕੋਈ ਜੁਆਬ ਨਾ ਮਿਲੇ.** ਸਰਕਾਰੀ ਅਧਿਕਾਰੀਆਂ ਵੱਲੋਂ ਜੁਆਬ ਆਉਣ ਵਿਚ ਕਈ ਵਾਰੀ ਬਹੁਤ ਸਮਾਂ ਇੱਥੋਂ ਤੱਕ ਕਿ ਕਈ ਮਹੀਨੇ ਲੱਗ ਜਾਂਦੇ ਹਨ। ਜੇ ਤੁਹਾਨੂੰ ਕੁੱਝ ਸਮੇਂ ਤੋਂ ਬਾਅਦ ਜੁਆਬ ਨਹੀਂ ਮਿਲਦਾ, ਤਾਂ ਉਸ ਅਧਿਕਾਰੀ, ਜਿਸਨੂੰ ਤੁਸੀਂ ਪਹਿਲਾਂ ਖੱਤ ਲਿਖਿਆ ਸੀ ਜਾਂ ਮਿਲੇ ਸੀ ਨੂੰ ਇਕ ਛੋਟਾ ਜਿਹਾ ਸਮਰਣ-ਪੱਤਰ ਲਿਖੋ, ਅਤੇ ਜੁਆਬ ਦੀ ਮੰਗ ਕਰੋ।

**ਜੇ ਹਾਂ-ਪੱਖੀ ਜੁਆਬ ਮਿਲੇ.** ਜੇ ਸਰਕਾਰ ਜੁਆਬ ਦੇ ਦਿੰਦੀ ਹੈ ਅਤੇ ਕਾਨੂੰਨ ਜਾਂ ਪ੍ਰੋਗਰਾਮ ਨੂੰ ਬਦਲਣ ਲਈ ਸਹਿਮਤ ਹੋ ਜਾਂਦੀ ਹੈ ਤਾਂ ਤੁਸੀਂ ਵਧਾਈ ਦੇ ਹੱਕਦਾਰ ਹੋ। ਸਰਕਾਰ ਨੂੰ ਕਾਨੂੰਨਾਂ ਅਤੇ ਪ੍ਰੋਗਰਾਮਾਂ ਵਿਚ ਬਦਲੀ ਕਰਨ ਲਈ ਮਜ਼ਬੂਰ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ ਅਤੇ ਬਹੁਤ ਸਮਾਂ ਵੀ ਲੱਗਦਾ ਹੈ। ਸੋ ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ।

**ਧੰਨਵਾਦ ਦੀ ਚਿੱਠੀ ਲਿਖੋ.** ਹਾਂ-ਪਖੀ ਜੁਆਬ ਲਈ ਅਧਿਕਾਰੀ ਨੂੰ ਧੰਨਵਾਦ ਦੀ ਚਿੱਠੀ ਲਿਖਣਾ ਨਾ ਭੁੱਲੋ ਅਤੇ ਅਧਿਕਾਰੀ ਨੂੰ ਇਹ ਵੀ ਪੁੱਛੋ ਕਿ ਤੁਹਾਨੂੰ ਦੱਸੇ, ਤਬਦੀਲੀ ਕਦੋਂ ਕੀਤੀ ਗਈ ਸੀ। ਸਰਕਾਰ ਵਲੋਂ ਤਬਦੀਲੀ ਕਰਨ ਸਬੰਧੀ ਸਹਿਮਤ ਹੋਣਾ ਹੋਰ ਗੱਲ ਹੈ, ਅਤੇ ਕਰਨਾ ਇਕ ਹੋਰ ਗੱਲ ਹੈ।

**ਸਰਕਾਰੀ ਕੰਮ ਦਾ ਨਿਰੀਖਣ ਕਰਨਾ.** ਜੇ ਤੁਹਾਨੂੰ ਸਰਕਾਰ ਵੱਲੋਂ ਤਬਦੀਲੀ ਕਰਨ ਸਬੰਧੀ ਕੋਈ ਜੁਆਬ ਨਹੀਂ ਆਉਂਦਾ, ਤਾਂ ਸਰਕਾਰ ਨੂੰ ਦੁਬਾਰਾ ਚਿੱਠੀ ਲਿਖਣ ਲਈ ਨਾ ਝਿਜਕੋ। ਇਸਤਰ੍ਹਾਂ ਉਨੀ ਦੇਰ ਤੱਕ ਜਾਰੀ ਰੱਖੋ, ਜਿੰਨੀ ਦੇਰ ਤੱਕ ਤਬਦੀਲੀ ਨਹੀਂ ਹੋ ਜਾਂਦੀ ਜਾਂ ਤੁਹਾਨੂੰ ਵਿਸ਼ਵਾਸ ਨਹੀਂ ਹੋ ਜਾਂਦਾ ਕਿ ਇਸ ਬਾਰੇ ਕੁੱਝ ਨਹੀਂ ਹੋ ਸਕਦਾ। ਅਸਲ ਵਿਚ, ਇਸ ਲਾਬੀ (ਸਰਕਾਰ 'ਤੇ ਤਬਦੀਲੀਆਂ ਸਬੰਧੀ ਪ੍ਰਭਾਵ ਪਾਉਣ) ਕਰਨ ਤੇ ਬਹੁਤ ਸਮਾਂ ਲੱਗਦਾ ਹੈ।

ਆਮ ਤੌਰ ਤੇ, ਸਰਕਾਰ ਨੂੰ ਤਬਦੀਲੀਆਂ ਸਬੰਧੀ ਮਜਬੂਰ ਕਰਨ ਲਈ ਇਕ ਵਾਰੀ ਚਿੱਠੀ ਲਿਖਣ ਜਾਂ ਇਕ ਵਾਰੀ ਮੀਟਿੰਗ ਕਰਨ ਤੋਂ ਵੱਧ ਕਰਨਾ ਪੈਂਦਾ ਹੈ। ਕੁੱਝ ਹਾਲਤਾਂ ਵਿਚ ਸਰਕਾਰ ਆਮ ਜਨਤਾ ਨੂੰ ਪੁੱਛੇਗੀ ਕਿ ਕੀ ਸਰਕਾਰੀ ਪ੍ਰੋਗਰਾਮ ਜਾਂ ਕਾਨੂੰਨ ਵਿਚ ਤਬਦੀਲੀ ਦੀ ਲੋੜ ਹੈ ਜਾਂ ਇਹਨਾਂ ਨੂੰ ਕਿਸ ਤਰ੍ਹਾਂ ਬਦਲਿਆ ਜਾਵੇ।

**ਲੋਕਤੰਤਰੀ ਤਬਦੀਲੀ ਹੌਲੀ ਪ੍ਰਕਿਰਿਆ ਵੀ ਹੋ ਸਕਦੀ ਹੈ.** ਭਾਵੇਂ ਸਰਕਾਰ ਤਬਦੀਲੀਆਂ ਕਰਨ ਵਿਚ ਸਹਿਮਤ ਹੋ ਜਾਂਦੀ ਹੈ, ਪਰ ਫਿਰ ਵੀ ਤਬਦੀਲੀਆਂ ਕਰਨ ਵਿਚ ਕਾਫੀ ਸਮਾਂ ਲੱਗ ਸਕਦਾ ਹੈ।

ਕਾਨੂੰਨ ਉਦੋਂ ਹੀ ਬਣਾਏ ਜਾਂ ਬਦਲੇ ਜਾ ਸਕਦੇ ਹਨ ਜਦੋਂ ਸੰਸਦ, ਵਿਧਾਨ ਸਭਾ ਜਾਂ ਨਗਰਪਾਲਿਕਾ ਸੈਸ਼ਨ ਵਿਚ ਹੋਵੇ। ਇਹ ਕੇਵਲ ਸਾਲ ਵਿਚ ਇਕ ਜਾਂ ਦੋ ਵਾਰੀ ਹੁੰਦਾ ਹੈ।

ਤੁਹਾਨੂੰ ਲੋਕਰਾਜ ਵਿਚ ਹਿੱਸਾ ਲੈਣ ਲਈ ਹੌਂਸਲੇ ਅਤੇ ਉਦਮ ਦੀ ਜ਼ਰੂਰਤ ਹੈ।

## ਜਦੋਂ ਦੂਜੀਆਂ ਕਾਰਜ-ਵਿਧੀਆਂ ਫੇਲ੍ਹ ਹੋ ਜਾਣ

ਤੁਸੀਂ ਜਾਂ ਤੁਹਾਡਾ ਗਰੁੱਪ ਹੋ ਸਕਦਾ ਹੈ ਚਿੱਠੀਆਂ ਲਿਖਣ ਨਾਲ, ਸਰਕਾਰ ਨਾਲ ਮੀਟਿੰਗ ਕਰਨ ਅਤੇ ਦੂਜੀਆਂ ਕਾਰਜ-ਵਿਧੀਆਂ ਨਾਲ ਕਾਮਯਾਬ ਨਾ ਹੋਵੇ। ਪਰ ਤੁਸੀਂ ਇਹ ਵਿਸ਼ਵਾਸ ਜਾਰੀ ਰੱਖੋ ਕਿ ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮ ਵਿਚ ਤਬਦੀਲੀ ਦੀ ਲੋੜ ਹੈ।

ਸਰਕਾਰ ਕਾਨੂੰਨ ਜਾਂ ਆਪਣੇ ਪ੍ਰੋਗਰਾਮ ਬਦਲਣ ਲਈ ਕਿਉਂ ਇਨਕਾਰ ਕਰਦੀ ਹੈ, ਇਸਦੇ ਕਈ ਕਾਰਣ ਹੋ ਸਕਦੇ ਹਨ:

- ਹੋ ਸਕਦਾ ਹੈ ਕਿ ਦੂਜੇ ਨਾਗਰਿਕ ਤਬਦੀਲੀ ਨਾ ਕਰਨ ਲਈ ਸਰਕਾਰ 'ਤੇ ਦਬਾਉ ਪਾਉਂਦੇ ਹੋਣ।
- ਹੋ ਸਕਦਾ ਹੈ ਕਿ ਸੀਨੀਅਰ ਸਿਵਲ ਕਰਮਚਾਰੀ ਤਬਦੀਲੀ ਨਾ ਕਰਨ ਲਈ ਸਰਕਾਰ ਨੂੰ ਸਲਾਹ ਦਿੰਦੇ ਹੋਣ।
- ਹੋ ਸਕਦਾ ਹੈ ਕਿ ਤਬਦੀਲੀਆਂ ਮੌਜੂਦਾ ਪਾਰਟੀ ਦੇ ਸਿਧਾਂਤਾਂ ਅਤੇ ਇਸਦੇ ਮੁੱਖ ਸਮਰਥਕਾਂ ਦੇ ਹਿੱਤਾਂ ਵਿਰੁੱਧ ਹੋਣ।

ਜੇ ਤੁਸੀਂ ਤਬਦੀਲੀਆਂ ਲਈ ਵਚਨਬੱਧ ਰਹੋ, ਤਾਂ ਤੁਸੀਂ ਸਰਕਾਰ ਨੂੰ ਉਹ ਸੱਭ ਕੁੱਝ ਕਰਨ ਲਈ ਮਜ਼ਬੂਰ ਕਰ ਸਕਦੇ ਹੋ ਜੋ ਕਿ ਉਹ ਨਹੀਂ ਕਰਨਾ ਚਾਹੁੰਦੀ। ਸਰਕਾਰ ਨੂੰ ਤਬਦੀਲੀਆਂ ਕਰਨ ਸਬੰਧੀ ਮਜ਼ਬੂਰ ਕਰਨ ਦਾ ਮੁੱਖ ਤਰੀਕਾ ਇਹ ਹੈ ਕਿ ਸਰਕਾਰ ਨੂੰ ਅਦਾਲਤ ਵਿਚ ਲੈ ਕੇ ਜਾਵੋ।

### ਸਰਕਾਰ ਨੂੰ ਅਦਾਲਤ ਵਿਚ ਲਿਜਾਣਾ

ਸਰਕਾਰ ਨੂੰ ਅਦਾਲਤ ਵਿਚ ਲਿਜਾਣ ਦਾ ਵਿਚਾਰ ਤੁਸੀਂ ਤਾਂ ਹੀ ਕਰ ਸਕਦੇ ਹੋ ਜੇ ਤੁਹਾਡੇ ਕੋਲ ਕੋਈ ਕਾਨੂੰਨੀ ਮਸ਼ਵਰਾ ਹੈ ਕਿ ਕਾਨੂੰਨ ਜਾਂ ਪ੍ਰੋਗਰਾਮ ਕਨੇਡੀਅਨ ਕਾਨੂੰਨ ਵਿਚ ਮਾਨਤਾ-ਪ੍ਰਾਪਤ ਨਿਰਪੱਖਤਾ ਅਤੇ ਨਿਆਂ ਦੇ ਕੁੱਝ ਮੁੱਖ ਸਿਧਾਂਤਾਂ ਦੀ ਉਲੰਘਣਾ ਕਰਦੇ ਹਨ।

**ਚਾਰਟਰ ਨੂੰ ਵੰਗਾਰਨਾ.** ਉਦਾਹਰਣ ਦੇ ਤੌਰ 'ਤੇ, ਇਕ ਵਕੀਲ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਕਾਨੂੰਨ ਜਾਂ ਪ੍ਰੋਗਰਾਮ **ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਵਿੱਚ** ਦਿੱਤੇ ਗਏ ਅਧਿਕਾਰਾਂ ਵਿਚੋਂ ਕਿਸੇ ਇਕ ਅਧਿਕਾਰ ਦੀ ਉਲੰਘਣਾ ਕਰਦਾ ਹੈ। ਕਨੇਡੀਅਨ ਕਾਨੂੰਨੀ ਪ੍ਰਬੰਧ ਦੇ ਅਧੀਨ, ਤੁਸੀਂ ਜਾਂ ਤੁਹਾਡਾ ਗਰੁੱਪ ਅਦਾਲਤ ਤੋਂ ਇਹ ਮੰਗ ਕਰ ਸਕਦਾ ਹੈ ਕਿ ਉਹ ਸਰਕਾਰ ਨੂੰ ਮੁੱਢਲੇ ਸਿਧਾਂਤਾਂ ਜਾਂ ਚਾਰਟਰ ਵਿਚ ਦਿੱਤੇ ਗਏ ਅਧਿਕਾਰਾਂ ਨੂੰ ਮੰਨਣ ਲਈ ਮਜਬੂਰ ਕਰੇ।





**ਕਮੀਆਂ.** ਕਾਨੂੰਨ ਜਾਂ ਸਰਕਾਰੀ ਪ੍ਰੋਗਰਾਮਾਂ ਨੂੰ ਬਦਲਣ ਲਈ ਅਦਾਲਤ ਵਿਚ ਜਾਣਾ ਅਕਸਰ ਬਹੁਤ ਮਹਿੰਗਾ ਪੈਂਦਾ ਹੈ, ਇਸ ਤੇ ਬਹੁਤ ਸਮਾਂ ਵੀ ਲੱਗਦਾ ਹੈ ਅਤੇ ਇਹ ਇਕ ਮਾਯੂਸੀ ਭਰਿਆ ਤਰੀਕਾ ਹੈ।

ਅਦਾਲਤ ਵਿਚ ਜਾਣਾ ਇਸ ਲਈ ਮਹਿੰਗਾ ਪੈਂਦਾ ਹੈ ਕਿਉਂਕਿ ਗਰੁੱਪ ਨੂੰ ਇਕ ਵਕੀਲ ਕਰਨਾ ਪੈਂਦਾ ਹੈ। ਇਹਨਾਂ ਅਦਾਲਤਾਂ ਦੇ ਕੇਸਾਂ ਨੂੰ ਤਿਆਰ ਕਰਨ ਅਤੇ ਅਦਾਲਤ ਵਿਚ ਲਿਜਾਣ ਲਈ ਬਹੁਤ ਸਮਾਂ ਲੱਗਦਾ ਹੈ। ਜੇ ਤੁਸੀਂ ਕੇਸ ਵਿਚ ਹਾਰ ਜਾਵੋ, ਤਾਂ ਅਦਾਲਤ ਤੁਹਾਡੇ ਗਰੁੱਪ ਨੂੰ ਸਰਕਾਰ ਦੇ ਕਾਨੂੰਨੀ ਖਰਚੇ ਅਤੇ ਤੁਹਾਡੇ ਆਪਣੇ ਖਰਚੇ ਦੇਣ ਦਾ ਹੁਕਮ ਦੇ ਸਕਦੀ ਹੈ। ਦੂਜੇ ਪਾਸੇ ਸਰਕਾਰ ਕੋਲ ਆਪਣੇ ਕਾਨੂੰਨਾਂ ਵਿਰੁੱਧ ਲੜਨ ਲਈ ਅਸੀਮਿਤ ਪੈਸਾ ਹੁੰਦਾ ਹੈ।

ਖਰਚੇ ਘਟਾਉਣ ਲਈ, ਤੁਹਾਨੂੰ ਅਜਿਹੇ ਹਮਦਰਦ ਵਕੀਲਾਂ ਦੀ ਭਾਲ ਕਰਨੀ ਚਾਹੀਦੀ ਹੈ ਜੋ ਕਿ ਮੁਫਤ ਜਾਂ ਘੱਟ ਕੀਮਤ ਤੇ ਆਪਣੀਆਂ ਕਾਨੂੰਨੀ ਸਲਾਹਾਂ ਦੇ ਸਕਣ। ਇਸ ਤੋਂ ਇਲਾਵਾ ਕੇਂਦਰੀ ਸਰਕਾਰ ਕੋਲ ਚਾਰਟਰ ਚੈਲੰਜਿਜ਼ ਲਈ ਰਾਖਵਾਂ ਪੈਸਾ ਹੈ। ਜਿਸਨੂੰ **ਕੋਰਟ ਚੈਲੰਜਿਜ਼ ਪ੍ਰੋਗਰਾਮ** ਕਿਹਾ ਜਾਂਦਾ ਹੈ। **ਚਾਰਟਰ ਆਫ ਰਾਈਟਜ਼ ਐਂਡ ਫਰੀਡਮਜ਼** ਦੀ ਵਰਤੋਂ ਕਰਦੇ ਹੋਏ ਇਹ ਪ੍ਰੋਗਰਾਮ ਨਾਗਰਿਕਾਂ ਨੂੰ ਕਾਨੂੰਨਾਂ ਅਤੇ ਸਰਕਾਰੀ ਪ੍ਰੋਗਰਾਮਾਂ ਦੀ ਕਾਨੂੰਨੀ ਵੰਗਾਰ ਲਈ ਪੈਸਾ ਦਿੰਦਾ ਹੈ। ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ, ਕੇਂਦਰੀ ਸਰਕਾਰ ਨੂੰ ਸੰਪਰਕ ਕਰੋ।

ਅਦਾਲਤ ਵਿਚ ਜਾਣ ਲਈ ਬਹੁਤ ਸਮਾਂ ਲੱਗਦਾ ਹੈ ਅਤੇ ਨਿਰਾਸ਼ਤਾ ਵੀ ਹੁੰਦੀ ਹੈ। ਇਸਦੇ ਤਿੰਨ ਕਾਰਣ ਹਨ: ਨੰਬਰ ਇਕ, ਕਨੇਡਾ ਦੀਆਂ ਅਦਾਲਤਾਂ ਭਰੀਆਂ ਹੋਈਆਂ ਹਨ ਅਤੇ ਅਦਾਲਤਾਂ ਦੀਆਂ ਤਰੀਖਾਂ ਅਕਸਰ ਸਾਲ ਜਾਂ ਸਾਲ ਤੋਂ ਪਹਿਲੇ ਲੈਣੀਆਂ ਪੈਂਦੀਆਂ ਹਨ। ਨੰਬਰ ਦੋ, ਤੁਸੀਂ ਉਮੀਦ ਕਰ ਸਕਦੇ ਹੋ ਕਿ ਸਰਕਾਰੀ ਵਕੀਲ ਵੱਖ-ਵੱਖ ਕਾਰਜ-ਵਿਧੀਆਂ ਦੀ ਵਰਤ ਕੇ ਹਨ ਕੇਸ ਨੂੰ ਲਮਕਾਉਣ ਅਤੇ ਤੁਹਾਡੇ ਵਸੀਲਿਆਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰੇਗਾ। ਅਖੀਰ ਵਿਚ, ਭਾਵੇਂ ਜੇ ਗਰੁੱਪ ਹੇਠਲੀ ਅਦਾਲਤ ਪੱਧਰ ਤੋਂ ਜਿੱਤ ਜਾਂਦਾ ਹੈ, ਤਾਂ ਸਰਕਾਰ ਇਸ ਫੈਸਲੇ ਦੀ ਉਚ ਅਦਾਲਤ ਵਿਚ ਅਪੀਲ ਕਰੇਗੀ।

ਸੰਖੇਪ ਵਿਚ, ਸਰਕਾਰ ਨੂੰ ਅਦਾਲਤ ਵਿਚ ਲਿਜਾਣ ਤੋਂ ਪਹਿਲਾਂ ਆਪਣੇ ਸਾਧਨਾਂ ਅਤੇ ਅਦਾਲਤ ਦਾ ਕੇਸ ਜਿੱਤਣ ਦੀ ਸੰਭਾਵਨਾ ਬਾਰੇ ਬੜੇ ਧਿਆਨ ਨਾਲ ਸੋਚੋ।

# ਤਬਦੀਲੀ ਲਿਆਉਣੀ

**ਹਰ ਨਾਗਰਿਕ ਆਪਣੇ ਸਮਾਜ ਦੀ ਲੋਕਰਾਜੀ ਜ਼ਿੰਦਗੀ ਵਿਚ ਯੋਗਦਾਨ ਪਾਉਣ ਲਈ ਇਕ ਅੱਦਭੁਤ ਤਰੀਕਾ ਲੱਭ ਲੈਂਦਾ ਹੈ।**

ਸੰਖੇਪ. ਇਹ ਅਧਿਆਇ ਉਹਨਾਂ ਕਾਰਜ-ਵਿਧੀਆਂ ਦਾ ਮੁਆਇਨਾ ਕਰਦਾ ਹੈ ਜਿਸਦਾ ਪ੍ਰਯੋਗ ਤੁਸੀਂ ਤਬਦੀਲੀ ਲਿਆਉਣ, ਸਰਕਾਰ ਦੇ ਕਾਨੂੰਨਾਂ ਅਤੇ ਪ੍ਰੋਗਰਾਮਾਂ ਤੇ ਪ੍ਰਭਾਵ ਪਾਉਣ ਲਈ ਕੀਤਾ ਹੋਵੇ। ਇਹ ਸੁਝਾਉ ਤਾਂ ਕੇਵਲ ਸ਼ੁਰੂਆਤ ਹਨ। ਇਸਦੇ ਹੋਰ ਵੀ ਕਈ ਰਸਤੇ ਹਨ, ਜਿਹੜੇ ਤੁਸੀਂ ਲੋਕਤੰਤਰ ਵਿਚ ਆਪਣੇ ਸਫਰ ਲਈ ਵਰਤ ਸਕਦੇ ਹੋ।

ਇਕ ਵਾਰੀ ਜਦੋਂ ਤੁਸੀਂ ਲੋਕਤੰਤਰਾਤਮਕ ਜ਼ਿੰਦਗੀ ਵਿਚ ਹਿੱਸਾ ਲੈ ਲੈਂਦੇ ਹੋ ਤਾਂ ਦੂਜੇ ਨਾਗਰਿਕਾਂ ਨਾਲ ਸਾਂਝ ਪਾਣ ਲਈ ਤੁਹਾਡੇ ਕੋਲ ਆਪਣਾ ਤਜ਼ਰਬਾ ਅਤੇ ਜਾਣਕਾਰੀ ਹੋਵੇਗੀ।

ਹੇਠਾਂ ਉਹਨਾਂ ਨਾਗਰਿਕਾਂ ਅਤੇ ਗਰੁੱਪਾਂ ਦੀਆਂ ਕੁੱਝ ਅਸਲੀ ਉਦਾਹਰਣਾਂ ਹਨ ਜਿਨ੍ਹਾਂ ਨੇ ਲੋਕਤੰਤਰੀ ਜ਼ਿੰਦਗੀ ਵਿਚ ਹਿੱਸਾ ਲੈ ਕੇ ਸਾਡੇ ਸਮਾਜ ਨੂੰ ਬਦਲਿਆ ਹੈ।

## ਟਰੀ ਬਾਇ-ਲਾਜ਼ ਐਂਡ ਵੈਨਕੂਵਰ ਪਰਾਪਰਟੀ ਔਨਰਜ਼ ਐਸੋਸੀਏਸ਼ਨ

1980 ਅਤੇ 1990 ਵਿਚਕਾਰ ਵੈਨਕੂਵਰ ਵਿਚ ਨਾ-ਮੰਨਣਯੋਗ ਵਿਕਾਸ ਹੋਇਆ। ਸ਼ਹਿਰ ਵਿਚ ਬਹੁਤ ਸਾਰੇ ਲੋਕਾਂ ਦੁਆਰਾ ਮਕਾਨ ਖਰੀਦਣ ਅਤੇ ਵੇਚਣ ਕਰਕੇ ਅਚੱਲ ਸੰਪਤੀ ਦੀਆਂ ਕੀਮਤਾਂ ਬਹੁਤ ਵੱਧ ਗਈਆਂ। ਕੁਦਰਤੀ ਨਵੇਂ ਮਕਾਨ ਮਾਲਕਾਂ ਨੇ ਪੁਰਾਣੇ ਘਰਾਂ ਦਾ ਹੁਲੀਆ ਆਪਣੀਆਂ ਜਰੂਰਤਾਂ ਅਤੇ ਇੱਛਾ ਮੁਤਾਬਿਕ ਬਦਲ ਲਿਆ। ਬਹੁਤ ਸਾਰੇ ਕੇਸਾਂ ਵਿਚ ਪੁਰਾਣੇ ਘਰ ਢਾਹ ਕੇ ਨਵੇਂ ਘਰ ਬਣਾ ਲਏ।

ਇਹਨਾਂ ਤਬਦੀਲੀਆਂ ਨੇ ਪੁਰਾਣੇ ਗੁਆਂਢ ਦੇ ਹੁਲੀਏ ਨੂੰ ਬਰਕਰਾਰ ਰੱਖਣ ਅਤੇ ਜਾਇਦਾਦ ਦੇ ਮਾਲਕਾਂ ਦੇ ਅਧਿਕਾਰਾਂ ਬਾਰੇ ਬਹੁਤ ਵਿਚਾਰ ਵਟਾਂਦਰੇ ਨੂੰ ਜਨਮ ਦਿੱਤਾ। ਵੈਨਕੂਵਰ ਸਿਟੀ ਕਾਉਂਸਲ ਨੇ ਜ਼ੋਨਿੰਗ ਅਤੇ ਦੂਜੀਆਂ ਵਿਧੀਆਂ ਵਿਚ ਤਬਦੀਲੀ ਕਰਨੀ ਸ਼ੁਰੂ ਕਰ ਦਿੱਤੀ ਹੈ। ਉਦਾਹਰਣ ਦੇ ਤੌਰ ਤੇ, ਸਿਟੀ ਹੁਣ ਨਵੇਂ ਵਿਕਾਸ ਲਈ ਪੁਰਾਣੇ ਦਰੱਖਤਾਂ ਨੂੰ ਕੱਟਣ ਤੋਂ ਰੋਕਦਾ ਹੈ।





ਵਧੀ ਹੋਈ ਆਬਾਦੀ ਵਿਚ ਬਹੁ-ਗਿਣਤੀ ਚੀਨੀ ਮੂਲ ਦੇ ਨਵੇਂ ਕਨੇਡੀਅਨ ਖਾਸ ਤੌਰ ਤੇ ਹਾਂਗ ਕਾਂਗ ਤੋਂ ਆਏ ਲੋਕਾਂ ਦੀ ਹੈ। ਜਾਇਦਾਦ ਦੀ ਮਲਕੀਅਤ ਦੇ ਅਧਿਕਾਰ ਇਹਨਾਂ ਨਾਗਰਿਕਾਂ ਲਈ ਉਨੇ ਹੀ ਮਹੱਤਵ-ਪੂਰਨ ਹਨ ਜਿੰਨੇ ਕਿ ਦੂਜੇ ਸਾਰੇ ਨਾਗਰਿਕਾਂ ਲਈ।

ਵੈਨਕੂਵਰ ਵਿਚ ਦਰੱਖਤ ਕੱਟਣ ਦਾ ਵਿਚਾਰ-ਵਟਾਂਦਰਾ ਇਸ ਗੱਲ ਦੀ ਚੰਗੀ ਉਦਾਹਰਣ ਹੈ ਕਿ ਕਿਵੇਂ ਨਵੇਂ ਨਾਗਰਿਕ ਲੋਕਤੰਤਰੀ ਜ਼ਿੰਦਗੀ ਵਿਚ ਸ਼ਾਮਲ ਹੋ ਜਾਂਦੇ ਹਨ।

1996 ਦੀਆਂ ਗਰਮੀਆਂ ਵਿਚ, ਚਾਈਨੀਜ਼ ਲੈਂਗੁਏਜ ਰੇਡੀਉ ਸਟੇਸ਼ਨ ਨੇ ਆਪਣੇ ਸਰੋਤਿਆਂ ਨੂੰ ਵੈਨਕੂਵਰ ਦੇ ਕਾਨੂੰਨੀ ਪ੍ਰਸਤਾਵ ਬਾਰੇ ਦੱਸਿਆ ਕਿ ਜਾਇਦਾਦ ਦੇ ਮਾਲਕਾਂ ਨੂੰ ਵੱਡੇ ਦਰੱਖਤ ਕੱਟਣ ਲਈ ਸਿਟੀ ਤੋਂ ਆਗਿਆ ਲੈਣੀ ਪਵੇਗੀ। ਇਸ ਸਬੰਧੀ ਰੇਡਿਉ ਸਟੇਸ਼ਨ ਨੂੰ ਆਪਣੇ ਸਰੋਤਿਆਂ ਤੋਂ ਬਹੁਤ ਸਾਰੇ ਫੋਨ ਆਏ ਜਿਸ ਵਿਚ ਜਾਇਦਾਦ ਦੇ ਮਾਲਕਾਂ ਦੀ ਆਜ਼ਾਦੀ ਤੇ ਨਵੇਂ ਕਾਨੂੰਨ ਦੇ ਅਸਰ ਬਾਰੇ ਬਹੁਤ ਸਾਰੇ ਸਰੋਕਾਰ ਪ੍ਰਗਟਾਏ ਗਏ। ਇਹਨਾਂ ਸਰੋਕਾਰਾਂ ਦਾ ਜੁਆਬ ਦੇਣ ਲਈ ਸਟੇਸ਼ਨ ਨੇ ਸਿਟੀ ਦੇ ਪ੍ਰਤੀਨਿਧਾਂ ਨੂੰ ਬੁਲਾਇਆ।



ਇਹ ਮੱਸਲਾ ਰੇਡੀਉ ਤੇ ਉਠਾਏ ਜਾਣ ਕਾਰਨ ਉਪ-ਕਾਨੂੰਨ ਸਬੰਧੀ ਨਾਗਰਿਕਾਂ ਦੁਆਰਾ ਇਕ ਨਵਾਂ ਗਰੁੱਪ ਬਣਾਇਆ ਗਿਆ। ਇਹਨਾਂ ਵਿਚੋਂ ਬਹੁਤ ਸਾਰੇ ਨਾਗਰਿਕ ਰੇਡੀਉ ਸਟੇਸ਼ਨ ਦੀ ਖੁਲ੍ਹੀ ਮੀਟਿੰਗ ਵਿਚ ਸ਼ਾਮਲ ਹੋਏ ਸਨ ਜਾਂ ਉਹਨਾਂ ਆਪਣੇ ਮੱਸਲਿਆਂ ਨੂੰ ਦੱਸਣ ਲਈ ਰੇਡੀਉ ਸਟੇਸ਼ਨ ਤੇ ਫੋਨ ਕੀਤੇ ਸਨ।

ਇਸ ਨਵੇਂ ਗਰੁੱਪ ਨੇ ਵੈਨਕੂਵਰ ਪਰਾਪਰਟੀ ਔਨਰਜ਼ ਐਸੋਸੀਏਸ਼ਨ ਨੂੰ ਬੁਲਾਇਆ ਜਿਸ ਵਿਚ ਚੀਨ ਦੇ ਲੋਕਾਂ ਤੋਂ ਇਲਾਵਾ ਦੂਜੇ ਨਾਗਰਿਕ ਵੀ ਸ਼ਾਮਲ ਸਨ ਪਰ ਫਿਰ ਵੀ ਜ਼ਿਆਦਾ ਚੀਨ ਦੇ ਮੂਲ ਦੇ ਕਨੇਡੀਅਨ ਨਾਗਰਿਕ ਸਨ।

ਨਵੇਂ ਕਾਨੂੰਨ ਦੀ ਕਿਰਿਆ ਤੇ ਪ੍ਰਭਾਵ ਪਾਉਣ ਲਈ ਇਸ ਸੰਸਥਾ ਨੂੰ ਜਲਦੀ ਜਲਦੀ ਕੰਮ ਕਰਨਾ ਪਿਆ। ਇਸਨੇ ਚਿੱਠੀਆਂ ਦੁਆਰਾ, ਫੈਕਸ ਰਾਹੀਂ, ਅਰਜ਼ੀਆਂ ਵੰਡਣ ਨਾਲ, ਪਰੈਸ ਕਾਨਫਰੰਸ ਦੁਆਰਾ, ਮੇਅਰ ਨਾਲ ਟੈਲੀਫੋਨ ਰਾਹੀਂ ਸੰਪਰਕ ਕਰਕੇ ਰਾਜਨੀਤਿਕ ਦਬਾਅ ਪੈਦਾ ਕੀਤਾ। ਇਸਨੇ ਸਿਟੀ ਕਾਉਂਸਲ ਨੂੰ ਵੱਖਰੇ ਕਾਨੂੰਨ ਲਈ ਹੋਰ ਵੀ ਤਜ਼ਵੀਜ਼ਾਂ ਭੇਜੀਆਂ।

ਗਰੁੱਪ ਦੇ ਮੈਂਬਰਾਂ ਨੇ ਅਜਿਹੀਆਂ ਤਬਦੀਲੀਆਂ ਬਾਰੇ ਮਸ਼ਵਰਾ ਦਿੱਤਾ ਜੋ ਜਾਇਦਾਦ ਦੀ ਮਲਕੀਅਤ ਦੇ ਅਧਿਕਾਰ ਦੇ ਨਾਲ ਨਾਲ ਦਰੱਖਤਾਂ ਦੇ ਬਚਾਉ ਦੇ ਉਦੇਸ਼ ਨੂੰ ਸੰਤੁਲਿਤ ਰੱਖਣਗੀਆਂ। ਸਿਟੀ ਆਫ ਵੈਨਕੂਵਰ ਨੇ ਇਸ ਸੰਸਥਾ ਦੇ ਮੈਂਬਰਾਂ ਦੇ ਹਿੱਤਾਂ ਦਾ ਧਿਆਨ ਰੱਖਣ ਲਈ ਉਪ-ਕਾਨੂੰਨ ਵਿਚ ਸੋਧ ਕੀਤੀ।

ਅਖੀਰ ਵਿਚ, ਇਹ ਨਵਾਂ ਉਪ-ਕਾਨੂੰਨ ਇਕ ਸਮਝੋਤਾ ਸੀ ਜੋ ਕਿ ਸਾਰਿਆਂ ਨੂੰ ਸੰਤੁਸ਼ਟ ਨਹੀਂ ਕਰ ਸਕਿਆ। ਅਸਲ ਵਿਚ, ਇਹ ਵਿਚਾਰ-ਵਟਾਂਦਰਾ ਭਵਿੱਖ ਵਿਚ ਜਾਰੀ ਰਹੇਗਾ।

ਪਰ ਇਕ ਮਹੀਨੇ ਤੋ ਘੱਟ ਸਮੇਂ ਵਿੱਚ  ਸਿਟੀਜ਼ਨ ਗਰੁੱਪ ਦੇ ਮੈਂਬਰ ਜਥੇਬੰਦ ਹੋਣ ਅਤੇ ਸਰਕਾਰ ਦੀ ਕਾਨੂੰਨ ਬਣਾਉਣ ਦੀ ਨੀਤੀ ਨੂੰ ਪ੍ਰਭਾਵਿਤ ਕਰਨ ਦੇ ਯੋਗ ਹੋ ਗਏ ਸਨ। ਇਹਨਾਂ ਵਿਚੋਂ ਬਹੁਤ ਸਾਰੇ ਮੈਂਬਰਾਂ ਲਈ, ਇਹ ਤਜਰਬਾ ਲੋਕਰਾਜੀ ਜ਼ਿੰਦਗੀ ਦਾ ਪਹਿਲਾ ਅਨੁਭਵ ਸੀ।

## ਹਿੰਸਾ ਵਿਰੁੱਧ ਸਾਊਥ ਏਸ਼ੀਅਨ ਔਰਤਾਂ ਦਾ ਗੱਠ ਜੋੜ

1996 ਦੀ ਬਸੰਤ ਰੁੱਤ ਵਿਚ, ਵੈਰਨਨ, ਬੀ ਸੀ ਵਿਚ ਇਕ ਇੰਡੋ-ਕਨੇਡੀਅਨ ਪਰਿਵਾਰ ਦਾ ਪਰਿਵਾਰ ਦੇ ਕਿਸੇ ਮੈਂਬਰ ਦੇ ਪਹਿਲੇ ਪਤੀ ਦੁਆਰਾ ਕਤਲ ਕੀਤਾ ਗਿਆ ਸੀ। ਕਨੇਡੀਅਨ ਲੋਕਾਂ ਨੂੰ ਇਸ ਕਨੇਡੀਅਨ ਪਰਿਵਾਰ ਦੇ ਹਿੰਸਾਤਮਕ ਅਤੇ ਦਰਦਨਾਕ ਅੰਤ ਦਾ ਬਹੁਤ ਦੁੱਖ ਹੋਇਆ।

ਇਸ ਘਟਨਾ ਨੇ ਕਨੇਡੀਅਨ ਲੋਕਾਂ ਸਾਹਮਣੇ ਸੁਰੱਖਿਆ ਅਤੇ ਪਰਿਵਾਰਿਕ ਹਿੰਸਾ ਲਈ ਬਹੁਤ ਸਾਰੇ ਮੱਸਲੇ ਖੜ੍ਹੇ ਕੀਤੇ। ਇਸ ਆਦਮੀ ਨੂੰ ਬੰਦੂਕ ਲੈਣ ਦਾ ਪਰਮਿਟ ਕਿਵੇਂ ਮਿਲਿਆ ਜਿਸ ਦੀ ਉਸਨੇ ਵਰਤੋਂ ਕੀਤੀ ਸੀ ਜਦਕਿ ਉਸ ਦੀ ਪਹਿਲੀ ਪਤਨੀ ਆਪਣੀ ਸੁਰੱਖਿਆ ਲਈ ਪੁਲੀਸ ਨੂੰ ਬਹੁਤ ਸ਼ਿਕਾਇਤਾਂ ਕਰ ਚੁੱਕੀ ਸੀ? ਆਰ ਸੀ ਐਮ ਪੀ ਨੇ ਅਟਾਰਨੀ ਜਨਰਲ ਦੀ ਪਾਲਿਸੀ ਰਿਸ਼ਤਿਆਂ ਵਿਚ ਔਰਤਾਂ ਵਿਰੁੱਧ ਹਿੰਸਾ ਦੀ ਪਾਲਿਸੀ ਕਿਉਂ ਨਹੀਂ ਲਾਗੂ ਕੀਤੀ? ਇਸ ਪਾਲਿਸੀ ਦੇ ਅਧੀਨ ਪੁਲਿਸ ਲਈ ਇਹ ਜ਼ਰੂਰੀ ਹੈ ਕਿ ਉਹ ਘਰੇਲੂ ਹਿੰਸਾ ਬਾਰੇ ਸ਼ਿਕਾਇਤਾਂ ਦੀ ਛਾਣ-ਬੀਣ ਕਰੇ ਭਾਵੇਂ ਔਰਤ ਇਸ ਪੁੱਛ-ਪੜਤਾਲ ਲਈ ਰਾਜ਼ੀ ਨਾ ਹੀ ਹੋਵੇ।

ਪਰ ਇਸ ਘਟਨਾ ਨਾਲ ਇਕ ਹੋਰ ਮਾਮਲਾ ਉੱਠ ਗਿਆ ਕਿ ਘਟਨਾ ਦੀ ਰਿਪੋਰਟ ਮੇਨਸਟਰੀਮ (ਮੁੱਖ ਧਾਰਾ ਦੇ ) ਮੀਡੀਏ ਦੁਆਰਾ ਕਿਵੇਂ ਕੀਤੀ ਗਈ।_ਕੁੱਝ ਲੋਕ ਇਹ ਸਮਝਦੇ ਸਨ ਕਿ ਮੀਡੀਏ ਨੇ ਪਰਿਵਾਰ ਦੇ ਨਸਲੀ ਪਿਛੋਕੜ ਤੇ ਬਹੁਤ ਧਿਆਨ ਪਾਇਆ ਸੀ। ਉਹਨਾਂ ਨੇ ਮਹਿਸੂਸ ਕੀਤਾ ਕਿ ਇਹ ਗੱਲ ਸੋਸਾਇਟੀ ਵਿਚ ਹਿੰਸਾ ਬਾਰੇ ਅਤੇ ਵੈਰਨਨ ਦੀ ਘਟਨਾ ਸਬੰਧਿਤ ਮਾਮਲੇ ਦੇ ਅਨੁਕੂਲ ਨਹੀਂ ਸੀ।

ਵਿਅਕਤੀਆਂ ਅਤੇ ਸੰਸਥਾਵਾਂ ਦੇ ਇਕ ਗਰੁੱਪ ਨੇ ਇਹਨਾਂ ਮਾਮਲਿਆਂ ਬਾਰੇ ਕੁੱਝ ਕਰਨ ਦਾ ਫੈਸਲਾ ਕੀਤਾ ਅਤੇ ਸਰਕਾਰ ਅਤੇ ਪੁਲਿਸ ਨੂੰ ਜਵਾਬਦੇਹ ਹੋਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕੀਤੀ। ਹਿੰਸਾ ਵਿਰੁੱਧ ਸਾਊਥ ਏਸ਼ੀਅਨ ਔਰਤਾਂ ਦੀ ਇਕ ਕੁਲੀਸ਼ਨ ਬਣਾਈ ਗਈ ਸੀ। ਇਸ ਕੁਲੀਸ਼ਨ ਵਿਚ ਹੋਰ ਵੀ ਦੂਜੀਆਂ ਸੰਸਥਾਵਾਂ ਸ਼ਾਮਲ ਸਨ ਜਿਵੇਂ ਕਿ ਇੰਡੀਆ ਮਹਿਲਾ ਐਸੋਸੀਏਸ਼ਨ, ਸਾਊਥ ਏਸ਼ੀਅਨ ਵੂਮੈਨਜ਼ ਸੈਂਟਰ, ਇੰਡੋ-ਕਨੇਡੀਅਨ ਵੂਮੈਨਜ਼ ਐਸੋਸੀਏਸ਼ਨ, ਪੰਜਾਬੀ ਵੂਮੈਨਜ਼ ਐਸੋਸੀਏਸ਼ਨ, ਵੈਨਕੂਵਰ ਸਟੇਟਸ ਆਫ ਵੂਮੈਨ, ਅਤੇ ਵੂਮੈਨ ਅਗੇਂਸਟ ਵਾਇਲੈਂਸ ਅਗੇਂਸਟ ਵੂਮੈਨ।

ਆਪਣੇ ਸਰੋਕਾਰਾਂ ਵੱਲ ਧਿਆਨ ਲਿਆਉਣ ਲਈ, ਇਸ ਕੁਲੀਸ਼ਨ ਨੇ ਮਰ ਚੁੱਕੇ ਲੋਕਾਂ ਦੇ ਸਨਮਾਨ ਲਈ, ਸ਼ਾਮ ਵੇਲੇ ਇਕ ਵਿਜਿਲ (ਉਪਾਸਨਾ) ਦਾ ਪ੍ਰਬੰਧ ਕੀਤਾ। ਪੁਲਿਸ ਦੇ ਰੋਲ ਬਾਰੇ ਵਿਚਾਰ ਦੱਸਣ ਲਈ ਉਹਨਾਂ ਨੇ ਇਕ ਪਰੈਸ ਕਾਨਫਰੰਸ ਦਾ ਵੀ ਪ੍ਰਬੰਧ ਕੀਤਾ। ਇਸ ਕੁਲੀਸ਼ਨ ਦਾ ਲੋਕਲ ਅਤੇ ਨੈਸ਼ਨਲ ਮੀਡੀਏ ਵਿਚ ਬਹੁਤ ਚਰਚਾ ਹੋਇਆ।

ਅਟਾਰਨੀ ਜਨਰਲ ਨੇ ਜਨਤਾ ਦੇ ਇਸ ਵਿਸ਼ੇ ਬਾਰੇ ਗੌਰ ਕਰਨ ਲਈ ਬਹੁਤ ਦਬਾਅ ਮਹਿਸੂਸ ਕੀਤਾ। ਉਸਨੇ ਪੁਲਿਸ ਦੀ ਅੰਦਰੂਨੀ ਜਾਂਚ ਅਤੇ ਕੋਰੋਨਰਜ਼ ਦੁਆਰਾ ਜਾਂਚ-ਪੜਤਾਲ ਕਰਨ ਦਾ ਹੁਕਮ ਦਿੱਤਾ। ਕੋਰੋਨਰ ਇਕ ਆਜ਼ਾਦ ਸਰਕਾਰੀ ਅਧਿਕਾਰੀ ਹੁੰਦਾ ਹੈ ਜੋ ਮੌਤਾਂ ਬਾਰੇ ਜਾਂਚ-ਪੜਤਾਲ ਕਰਦਾ ਹੈ ਅਤੇ ਸਰਕਾਰ ਨੂੰ ਕਾਨੂੰਨ ਅਤੇ ਸਰਕਾਰੀ ਪ੍ਰੋਗਰਾਮ ਬਦਲਣ ਦੀਆਂ ਤਜ਼ਵੀਜ਼ਾਂ ਦੇ ਸਕਦਾ ਹੈ।

ਇਹ ਉਦਾਹਰਣ ਉਹਨਾਂ ਲੋਕਾਂ ਜੋ ਸਰਕਾਰ ਦੇ ਕਾਨੂੰਨਾਂ ਅਤੇ ਨੀਤੀਆਂ ਨੂੰ ਬਦਲਣਾ ਚਾਹੁੰਦੇ ਹਨ, ਲਈ ਦੋ ਜ਼ਰੂਰੀ ਉਪਦੇਸ਼ਾਂ ਦੀ ਵਿਆਖਿਆ  ਕਰਦੀ ਹੈ। ਪਹਿਲਾ, ਜਨਤਕ ਅਮਲ ਲਈ ਸਮੇਂ ਦੀ ਬਹੁਤ ਮਹੱਤਤਾ ਹੈ। ਇਸ ਉਦਾਹਰਣ ਵਿਚ, ਕੁਲੀਸ਼ਨ ਦੀ ਕਾਮਯਾਬੀ ਦੀ ਕੁੰਜੀ ਮੈਂਬਰਾਂ ਵੱਲੋਂ ਜਲਦੀ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣਾ ਸੁਨੇਹਾ ਜਨਤਾ ਤੱਕ ਪਹੁੰਚਾਣ ਤੇ ਨਿਰਭਰ ਸੀ। ਇਹ ਸੱਭ ਕੁੱਝ ਕਰਨ ਲਈ ਥੋੜ੍ਹੀ ਜਿਹੀ ਕਿਸਮਤ ਦੀ ਜ਼ਰੂਰਤ ਹੈ ਪਰ ਜਿਆਦਾਤਰ ਚੰਗੀ ਯੋਜਨਾ ਅਤੇ ਸੰਗਠਨ ਦੀ ਲੋੜ ਹੈ।

ਇਹ ਉਦਾਹਰਣ ਇਹ ਵੀ ਦਰਸਾਉਂਦੀ ਹੈ ਕਿ ਇਕੱਲੇ ਕੰਮ ਕਰਨ ਦੀ ਥਾਂ ਦੂਜੇ ਗਰੁੱਪ ਨਾਲ ਮਿਲ ਕੇ ਕੰਮ ਕਰਨ ਨਾਲ ਤੁਹਾਡੇ ਸਰੋਕਾਰਾਂ ਬਾਰੇ ਜਨਤਾ ਵਿਚ ਜ਼ਿਆਦਾ ਚੇਤਨਾ ਪੈਦਾ ਕਰ ਸਕਦੀ ਹੈ। ਬਜਾਇ ਕਿ । ਨਤੀਜੇ ਵਜੋਂ, ਤਬਦੀਲੀ ਲਿਆਉਣ ਲਈ ਜਨਤਾ ਦਾ ਦਬਾਅ ਹੋਰ ਵੀ ਵੱਧ ਸਕਦਾ ਹੈ।

## ਪੇਰੈਂਟਿੰਗ ਐਂਡ ਫੈਮਿਲੀ ਸਰਵਿਸਿਜ਼ ਆਫ ਗਰੇਟਰ ਵੈਨਕੂਵਰ

ਕਨੇਡਾ ਵਿਚ ਨਵੇਂ ਨਾਗਰਿਕਾਂ ਨੂੰ ਆਪਣੀ ਨਵੀਂ ਜ਼ਿੰਦਗੀ ਵਿਚ ਵਸੇਬੇ ਲਈ ਬਹੁਤ ਸਾਰੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਕਨੇਡਾ ਵਿਚ ਰਹਿਣ-ਸਹਿਣ ਦੇ ਢੰਗ ਅਤੇ ਪਹਿਲੇ ਦੇਸ਼ ਦੇ ਰਹਿਣ-ਸਹਿਣ ਦੇ ਢੰਗ ਵਿਚ ਬਹੁਤ ਫਰਕ ਹੁੰਦਾ ਹੈ। ਇਹਨਾਂ ਵਿਚ ਪਰਿਵਾਰਿਕ ਜ਼ਿੰਦਗੀ ਦੀਆਂ ਤਬਦੀਲੀਆਂ ਵੀ ਸ਼ਾਮਲ ਹੋ ਸਕਦੀਆਂ ਹਨ ਜਿਵੇਂ ਕਿ ਮਾਤਾ-ਪਿਤਾ ਦਾ ਵਿਹਾਰ।

ਮਾਪੇਪੁਣੇ ਦੇ ਹੁਨਰ ਅਤੇ ਕਿਸਮਾਂ ਅਕਸਰ ਹਰ ਸੱਭਿਆਚਾਰ ਵਿਚ ਅਲੱਗ-ਅਲੱਗ ਹੁੰਦੀਆਂ ਹਨ। ਕਈ ਵਾਰੀ ਇਹ ਤਬਦੀਲੀਆਂ ਮੁਸ਼ਕਲਾਂ ਵੀ ਪੈਦਾ ਕਰ ਸਕਦੀਆਂ ਹਨ ਜਦੋਂ ਨਵੇਂ ਨਾਗਰਿਕਾਂ ਨੂੰ ਕਨੇਡੀਅਨ ਕਦਰਾਂ-ਕੀਮਤਾਂ ਅਤੇ ਰੀਤੀ ਰਿਵਾਜਾਂ ਦਾ ਪਤਾ ਲਗਦਾ ਹੈ।

ਕੁੱਝ ਨਵੇਂ ਨਾਗਰਿਕਾਂ ਨੂੰ ਆਪਣਾ ਮਾਤਾ-ਪਿਤਾ ਹੋਣ ਦਾ ਵਿਹਾਰ ਕਨੇਡੀਅਨ ਰਿਵਾਜਾਂ ਨਾਲੋਂ ਬਹੁਤ ਅਲੱਗ ਜਾਪਦਾ ਹੈ। ਇਹਨਾ ਨਵੇਂ ਨਾਗਰਿਕਾਂ ਵਿਚੋਂ ਕੁੱਝ ਨਵੇਂ ਲੋਕ ਕਨੇਡੀਅਨ ਮਾਪਿਆਂ ਨਾਲੋਂ ਬਹੁਤ ਸਖਤ ਅਸੂਲਾਂ ਦੀ ਵਰਤੋਂ ਕਰ ਸਕਦੇ ਹਨ।

ਬੱਚਿਆਂ ਦੀ ਭਲਾਈ ਸਬੰਧੀ ਪ੍ਰਾਂਤਿਕ ਅਧਿਕਾਰੀ (ਸਮਾਜਿਕ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀ) ਕਈ ਵਾਰੀ ਇਹ ਮਹਿਸੂਸ ਕਰਦੇ ਹਨ ਕਿ ਮਾਪਿਆਂ ਦਾ ਬਹੁਤ ਸਖਤ ਵਿਹਾਰ ਬੱਚਿਆਂ ਨੂੰ ਇੰਨਾ ਨੁਕਸਾਨ ਪਹੁੰਚਾਉਂਦਾ ਹੈ ਕਿ ਉਹਨਾਂ ਨੂੰ ਆਪਣੇ ਮਾਪਿਆਂ ਵਿਰੁੱਧ ਕਾਰਵਾਈ ਕਰਨੀ ਪੈਂਦੀ ਹੈ।

ਫਿਰ ਵੀ ਇਹਨਾਂ ਵਿਚੋਂ ਬਹੁਤ ਸਾਰੇ ਮਾਪੇ ਪਿਆਰ ਕਰਨ ਵਾਲੇ ਅਤੇ ਧਿਆਨ ਰੱਖਣ ਵਾਲੇ ਹੁੰਦੇ ਹਨ। ਆਪਣੇ ਬੱਚਿਆ ਪ੍ਰਤੀ ਪਾਲਣ-ਪੋਸ਼ਣ ਦੇ ਉਦੇਸ਼ ਦੂਜੇ ਨਾਗਰਿਕਾਂ ਦੇ ਉਦੇਸ਼ਾਂ ਵਰਗੇ ਹੀ ਹੁੰਦੇ ਹਨ, ਪਰ ਇਹ ਵੀ ਧਿਆਨ ਰੱਖਣਾ ਜਰੂਰੀ ਹੈ ਕਿ ਉਹਨਾਂ ਦੇ ਬੱਚੇ ਜ਼ਰੂਰੀ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਉਹਨਾਂ ਦਾ ਆਦਰ ਕਰਨ। ਕਈ ਲੋਕ ਇਹ ਸਮਝਦੇ ਹਨ ਕਿ ਸਰਕਾਰੀ ਅਧਿਕਾਰੀ ਦੂਜੇ ਦੇਸ਼ਾਂ ਦੇ ਸੱਭਿਆਚਾਰਾਂ ਨੂੰ ਨਹੀਂ ਸਮਝਦੇ ਅਤੇ ਨਜ਼ਰ-ਅੰਦਾਜ਼ ਕਰਦੇ ਹਨ। ਉਹ ਸਮਝਦੇ ਹਨ ਕਿ ਸਰਕਾਰੀ ਕਰਮਚਾਰੀ ਉਹਨਾਂ ਤੇ ਮਾਤਾ-ਪਿਤਾ ਹੋਣ ਦੇ ਵਿਹਾਰ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਦਕਿ ਇਸ ਬਾਰੇ ਫੈਸਲਾ ਕਰਨਾ ਮਾਪਿਆਂ ਤੇ ਛੱਡਣਾ ਚਾਹੀਦਾ ਹੈ। ਫਿਰ ਵੀ ਬੱਚਿਆਂ ਨਾਲ ਭੈੜਾ ਵਤੀਰਾ ਅਤੇ ਉਚਿੱਤ ਮਾਪੇ ਹੋਣ ਦੇ ਵਿਚਕਾਰ ਦੀ ਲਾਈਨ ਬਹੁਤ ਬਾਰੀਕ ਹੈ।

ਫੈਮਿਲੀ ਸਰਵਿਸਿਜ਼ ਆਫ ਗਰੇਟਰ ਵੈਨਕੂਵਰ ਇਕ ਪ੍ਰਾਈਵੇਟ (ਗੈਰ-ਸਰਕਾਰੀ) ਸੰਸਥਾ ਹੈ ਜਿਸਨੇ ਪਤਾ ਲਾਇਆ ਕਿ ਇਹ ਸਮੱਸਿਆ ਵੀਅਤਨਾਮ ਤੋਂ ਨਵੇਂ ਆਏ ਨਾਗਰਿਕਾਂ ਲਈ ਮਹੱਤਵ-ਪੂਰਨ ਸੀ।

ਇਸ ਸੱਮਸਿਆ ਨੂੰ ਹੱਲ ਕਰਨ ਲਈ, ਫੈਮਿਲੀ ਸਰਵਿਸਿਜ਼ ਆਫ ਗਰੇਟਰ ਵੈਨਕੂਵਰ ਦੋਨਾਂ ਸਰਕਾਰ ਅਤੇ ਵੀਅਤਨਾਮ ਦੇ ਪਰਿਵਾਰਾਂ ਨਾਲ ਕੰਮ ਕਰਦੀ ਹੈ।

ਸੱਭ ਤੋਂ ਪਹਿਲਾਂ, ਇਹ ਗਵਰਨਮੈਂਟ ਚਾਇਲਡ ਵੈਲਫੇਅਰ ਵਰਕਰਜ਼ ਨੂੰ ਵੀਅਤਨਾਮ ਦੇ ਸੱਭਿਆਚਾਰ ਅਤੇ ਰਿਵਾਜਾਂ ਬਾਰੇ ਸਿਖਿਅਤ ਕਰਨ ਵੱਲ ਧਿਆਨ ਦਿੰਦੀ ਹੈ ਅਤੇ ਮਾਪਿਆਂ ਸਬੰਧੀ ਬੀ.ਸੀ. ਮਨਿਸਟਰੀ ਆਫ ਹਿਊਮਨ ਰਿਸੋਰਸਿਜ਼ ਦੇ ਸਟਾਫ ਨਾਲ ਵਰਕਸ਼ਾਪਾਂ ਲਗਾਉਂਦੀ ਹੈ। ਸੋਸ਼ਲ ਵਰਕਰਜ਼ ਸਿੱਖਦੇ ਹਨ ਕਿ ਜੋ ਮਾਪੇ ਇਹਨਾਂ ਤਰੀਕਿਆਂ ਦੀ ਵਰਤੋਂ ਕਰਦੇ ਹਨ ਉਹਨਾਂ ਦੇ ਉਦੇਸ਼ ਸਾਰੇ ਮਾਪਿਆਂ ਵਰਗੇ ਹੁੰਦੇ ਹਨ ਭਾਵੇਂ ਉਹਨਾਂ ਦਾ ਕੰਮ ਕਰਨ ਦਾ ਤਰੀਕਾ ਅਲੱਗ-ਅਲੱਗ ਹੁੰਦਾ ਹੈ।

ਸੋਸ਼ਲ ਵਰਕਰਜ਼ ਇਹ ਵੀ ਸਿੱਖਦੇ ਹਨ ਕਿ ਬੱਚਿਆਂ ਦੀ ਰੱਖਿਆ ਲਈ ਮਾਪਿਆਂ ਨਾਲ ਕੰਮ ਕਰਨਾ ਜਿਆਦਾ ਪ੍ਰਭਾਵਸ਼ਾਲੀ ਹੈ, ਬਜਾਇ ਕਿ ਬੱਚਿਆਂ ਨੂੰ ਦੂਰ ਕਰਕੇ ਜਾਂ ਅਦਾਲਤ ਵਿਚ ਜਾ ਕੇ ਉਹਨਾਂ ਦੀ ਪਰਿਵਾਰਿਕ ਜ਼ਿੰਦਗੀ ਵਿਚ ਵਿਘਨ ਪਾਉਣ ਨਾਲੋਂ।

FAMILY SERVICES OF GREATER VANCOUVER





ਫੈਮਿਲੀ ਸਰਵਿਸਿਜ਼ ਆਫ ਗਰੇਟਰ ਵੈਨਕੂਵਰ ਮਾਪਿਆਂ ਬਾਰੇ ਵਰਕਸ਼ਾਪ ਲਗਾਉਣ ਦਾ ਵੀ ਪ੍ਰਬੰਧ ਕਰਦੀ ਹੈ ਤਾਂ ਜੋ ਇਹਨਾਂ ਮਾਪਿਆਂ ਦੀ ਕਨੇਡੀਅਨ ਮਾਪੇਪੁਣੇ ਨਾਲ ਜਾਣ-ਪਛਾਣ ਕਰਵਾਈ ਜਾ ਸਕੇ। ਇਹਨਾਂ ਵਰਕਸ਼ਾਪਾਂ ਦੇ ਲਾਣ ਨਾਲ ਸਰਕਾਰ ਅਤੇ ਨਵੇਂ ਕਨੇਡੀਅਨ ਵੀਅਤਨਾਮ ਮੂਲ ਦੇ ਪਰਿਵਾਰਾਂ ਵਿਚਕਾਰ ਟਕਰਾਉ ਨੂੰ ਦੂਰ ਕਰਨ ਵਿਚ ਮਦਦ ਕਰਦੀ ਹੈ।

**ਫੈਮਿਲੀ ਸਰਵਿਸਿਜ਼ ਆਫ ਗਰੇਟਰ ਵੈਨਕੂਵਰ, ਪ੍ਰਾਈਵੇਟ (ਗੈਰ-ਸਰਕਾਰੀ) ਸੰਸਥਾ ਦੀ ਇਕ ਬਹੁਤ ਵਧੀਆ ਉਦਾਹਰਣ ਹੈ ਜੋ ਕਿ ਪੜ੍ਹਾਈ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿਚ ਤਬਦੀਲੀ ਕਰਨ ਸਬੰਧੀ ਲੋਕਤੰਤਰੀ ਪ੍ਰਕਿਰਿਆ ਦਾ ਇਕ ਅੰਗ ਸਮਝਦੇ ਹਨ।**

ਸੋਸ਼ਲ ਵਰਕਰਜ਼ ਨੂੰ ਵੱਖ-ਵੱਖ ਸਭਿਆਚਾਰਾਂ ਬਾਰੇ ਸਿਖਿਅਤ ਕਰਨ ਨਾਲ, ਉਹ ਨਵੇਂ ਨਾਗਰਿਕਾਂ ਦੀਆਂ ਜਰੂਰਤਾਂ ਅਤੇ ਤਜਰਬਿਆਂ ਪ੍ਰਤੀ ਹੋਰ ਸੰਵੇਦਨਸ਼ੀਲ ਹੁੰਦੇ ਹਨ। ਮਾਪਿਆਂ ਨੂੰ ਸਿਖਿਅਤ ਕਰਨ ਨਾਲ, ਕਨੇਡਾ ਵਿਚ ਮਾਪਿਆਂ ਨੂੰ ਨਵੀਂ ਜ਼ਿੰਦਗੀ ਮੁਤਾਬਿਕ ਵਸੇਬਾ ਕਰਨ ਵਿਚ ਮਦਦ ਮਿਲਦੀ ਹੈ।

**ਸਰਕਾਰੀ ਅਦਾਰੇ ਜੋ ਕਿ ਬੱਚਿਆਂ ਦੀ ਭਲਾਈ ਲਈ ਜ਼ੁੰਮੇਵਾਰ ਹੁੰਦੇ ਹਨ ਅਤੇ ਮਾਪੇ ਦੋਨੋਂ ਮਿਲ ਕੇ ਇਕੱਠੇ ਕੰਮ ਕਰ ਸਕਦੇ ਹਨ ਤਾਂ ਜੋ ਕਨੇਡੀਅਨ ਬੱਚੇ ਸੁਰੱਖਿਅਤ ਅਤੇ ਖੁਸ਼ ਰਹਿ ਸਕਣ।**

## ਯੋਗਦਾਨ ਲਈ ਉਤਸਾਹਿਤ ਕਰਨਾ: ਨਵੇਂ ਨਾਗਰਿਕਾਂ ਨੂੰ ਆਪਣੇ ਰਾਜਨੀਤਿਕ ਪ੍ਰਬੰਧਾਂ ਬਾਰੇ ਪਰਿਚੈ ਕਰਾਉਣਾ

ਕੁੱਝ ਨਵੇਂ ਕਨੇਡੀਅਨ ਕੇਂਦਰੀ, ਪ੍ਰਾਂਤਿਕ ਅਤੇ ਲੋਕਲ ਸਰਕਾਰ ਦੀਆਂ ਚੋਣਾਂ ਵਿਚ ਵੋਟ ਨਹੀਂ ਪਾਉਣਗੇ। ਕਿਉਂ ਨਹੀਂ?

ਬਹੁਤ ਸਾਰੇ ਨਵੇਂ ਕਨੇਡੀਅਨ ਲੋਕ ਕਨੇਡਾ ਦੇ ਰਾਜਨੀਤਿਕ ਪ੍ਰਬੰਧ ਨੂੰ ਨਹੀਂ ਸਮਝਦੇ:

- ਹੋ ਸਕਦਾ ਹੈ ਕਿ ਉਹਨਾਂ ਨੂੰ ਪਤਾ ਨਾ ਹੋਵੇ ਕਿ ਸਾਡੀ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ।
- ਉਹ ਰਾਜਨੀਤਿਕ ਪਾਰਟੀਆਂ ਅਤੇ ਉਹਨਾਂ ਦੇ ਕੰਮਾਂ ਤੋਂ ਵਾਕਿਫ ਨਹੀਂ ਹੁੰਦੇ।
- ਉਹਨਾਂ ਨੂੰ ਚੋਣਾਂ ਵਿਚ ਉਮੀਦਵਾਰਾਂ ਬਾਰੇ ਅਤੇ ਉਹ ਕਿਸ ਲਈ ਖੜੇ ਹੋਏ ਹਨ ਬਾਰੇ ਪਤਾ ਨਹੀਂ ਹੁੰਦਾ।
- ਸ਼ਾਇਦ ਉਹ ਅਜੇ ਤੱਕ ਅੰਗਰੇਜ਼ੀ ਸਿੱਖ ਰਹੇ ਹਨ ਅਤੇ ਉਹਨਾਂ ਲਈ ਸਾਡੇ ਰਾਜਨੀਤਿਕ ਪ੍ਰਬੰਧ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਮੁਸ਼ਕਿਲ ਹੁੰਦੀ ਹੈ।
- ਹੋ ਸਕਦਾ ਹੈ ਕਿ ਕੁੱਝ ਲੋਕ ਵੋਟ ਪਾਉਣਾ ਚਾਹੁੰਦੇ ਹੋਣ ਪਰ ਨਹੀਂ ਪਾਉਂਦੇ ਕਿਉਂਕਿ ਉਹ ਉਚਿੱਤ ਫੈਸਲਾ ਨਹੀਂ ਕਰ ਸਕਦੇ ਕਿ ਵੋਟ ਕਿਸ ਨੂੰ ਪਾਉਣ।

- ਅਖੀਰ ਵਿਚ, ਕੁੱਝ ਨਵੇਂ ਕਨੇਡੀਅਨ ਇਹੋ ਜਿਹੇ ਦੇਸ਼ਾਂ ਤੋਂ ਆਉਂਦੇ ਹਨ ਜਿੱਥੇ ਲੋਕਰਾਜ ਨਹੀਂ ਹੈ। ਹੋ ਸਕਦਾ ਹੈ ਉਹਨਾਂ ਨੂੰ "ਸਰਕਾਰਾਂ" ਤੇ ਜਿਆਦਾ ਭਰੋਸਾ ਨਾ ਹੋਵੇ। ਹੋ ਸਕਦਾ ਹੈ ਕਿ ਉਹ ਇਹ ਨਾ ਸਮਝ ਸਕਦੇ ਹੋਣ ਕਿ ਸਰਕਾਰ ਨੂੰ ਨਾਗਰਿਕਾਂ ਦੇ ਹਿੱਤ ਲਈ ਕੰਮ ਕਰਨਾ ਚਾਹੀਦਾ ਹੈ ਨਾ ਕਿ ਆਪਣੇ ਆਪ ਲਈ।

ਜਦੋਂ ਤੁਹਾਨੂੰ ਇਹਨਾਂ ਸਾਰੀਆਂ ਰੁਕਾਵਟਾਂ ਬਾਰੇ ਪਤਾ ਲੱਗ ਜਾਂਦਾ ਹੈ, ਫਿਰ ਤੁਸੀਂ ਸਮਝ ਸਕਦੇ ਹੋ ਕਿ ਕਿਉਂ ਕੁੱਝ ਨਵੇਂ ਕਨੇਡੀਅਨ ਵੋਟ ਨਹੀਂ ਪਾਉਂਦੇ।

ਲੋਕਰਾਜ ਵਿਚ ਵੋਟ ਪਾਉਣਾ ਅਜੇ ਵੀ ਇਕ ਬਹੁਤ ਹੀ ਮਹੱਤਵਪੂਰਨ ਅਧਿਕਾਰ ਅਤੇ ਜ਼ਿੰਮੇਵਾਰੀ ਹੈ।

ਵੈਨਕੂਵਰ ਵਿਚ ਇਕ ਗਰੁੱਪ ਨੇ ਫੈਸਲਾ ਕੀਤਾ ਹੈ ਕਿ ਨਵੇਂ ਕਨੇਡੀਅਨਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਕੁੱਝ ਉਪਰਾਲੇ ਕੀਤੇ ਜਾਣ। 1996 ਵਿਚ ਬੀ ਸੀ ਦੀਆਂ ਚੋਣਾਂ ਵਿਚ, **ਕਮੇਟੀ ਫਾਰ ਇਕੁਏਲਿਟੀ ਫਾਰ ਇਮੀਗਰੈਂਟਸ ਐਂਡ** ਨਿਊ **ਕਨੇਡੀਅਨਜ਼** ਨੇ ਸਾਰੇ ਉਮੀਦਵਾਰਾਂ ਖਾਸ ਕਰਕੇ ਸਪੇਨਿਸ਼ ਕਮਿਉਨਿਟੀ ਲਈ ਮੀਟਿੰਗ ਦਾ ਪ੍ਰਬੰਧ ਕੀਤਾ।

ਮੀਟਿੰਗ ਤੋਂ ਪਹਿਲਾਂ, ਕਮੇਟੀ ਨੇ ਕਮਿਉਨਿਟੀ ਦੀਆਂ ਅਖਬਾਰਾਂ ਅਤੇ ਸਪੇਨਿਸ਼ ਭਾਸ਼ਾ ਦੀਆਂ ਅਖਬਾਰਾਂ ਵਿਚ ਮੀਟਿੰਗ ਬਾਰੇ ਇਸ਼ਤਿਹਾਰ ਛਪਵਾਏ। ਲੇਟਿਨ ਅਮੈਰਿਕਨ ਕਮਿਉਨਿਟੀ ਲਈ ਉਹਨਾਂ ਨੇ ਮੀਟਿੰਗ ਦੇ ਇਸ ਨੋਟਿਸ ਨੂੰ ਵੱਖ-ਵੱਖ ਮਹੱਤਵਪੂਰਨ ਥਾਵਾਂ ਤੇ ਵੰਡਿਆ।







ਸੱਭ ਤੋਂ ਵੱਡੀ ਗੱਲ ਇਹ ਹੈ ਕਿ, ਮੀਟਿੰਗ ਦੌਰਾਨ, ਉਹਨਾਂ ਨੇ ਉਮੀਦਵਾਰਾਂ ਦੇ ਵਿਚਾਰ-ਵਟਾਂਦਰੇ ਅਤੇ ਜੁਆਬਾਂ ਦਾ ਤਰਜਮਾ ਵੀ ਕੀਤਾ।

ਇਹ ਮੀਟਿੰਗ ਕਾਮਯਾਬ ਹੋਈ ਸੀ। ਬਹੁਤ ਸਾਰੇ ਨਵੇਂ ਕਨੇਡੀਅਨ ਮੀਟਿੰਗ ਵਿਚ ਸ਼ਾਮਲ ਹੋਏ ਅਤੇ ਪ੍ਰਾਂਤਿਕ ਰਾਜਨੀਤੀ ਬਾਰੇ ਜਾਣਕਾਰੀ ਹਾਸਲ ਕੀਤੀ। ਇਹ ਲੋਕ ਇਸ ਜਾਣਕਾਰੀ ਨੂੰ ਆਪਣੇ ਪਰਿਵਾਰ ਦੇ ਦੂਜੇ ਮੈਂਬਰਾਂ, ਆਪਣੇ ਮਿੱਤਰਾਂ ਅਤੇ ਸਾਥੀ ਕਾਮਿਆਂ ਨਾਲ ਸਾਂਝੀ ਕਰ ਸਕਦੇ ਸਨ।

ਇਸ ਮੀਟਿੰਗ ਨੇ ਵੈਨਕੂਵਰ ਵਿਚ ਸਪੇਨਿਸ਼ ਬੋਲਣ ਵਾਲੀ ਕਮਿਉਨਿਟੀ ਵਿਚ ਬਹੁਤੇ ਲੋਕਾਂ ਲਈ ਇਹ ਸੰਭਵ ਕਰ ਦਿੱਤਾ ਕਿ ਉਹ 1996 ਦੀਆਂ ਚੋਣਾਂ ਵਿਚ ਯਕੀਨ ਨਾਲ ਵੋਟ ਪਾਉਣ। ਇਹ ਉਹਨਾਂ ਲਈ ਇਕ ਚੰਗਾ ਮੌਕਾ ਹੈ ਕਿ ਉਹ ਭਵਿੱਖ ਵਿਚ ਆਉਣ ਵਾਲੀਆਂ ਚੋਣਾਂ ਵਿਚ ਦੁਬਾਰਾ ਫਿਰ ਵੋਟ ਪਾਉਣਗੇ।

ਕਮੇਟੀ ਫਾਰ ਇਕੁਏਲਿਟੀ ਫਾਰ ਇਮੀਗਰੈਂਟਸ ਐਂਡ ਨਿਊ ਕਨੇਡੀਅਨਜ਼ ਵੀ ਇਸ ਗੱਲ ਦੀ ਦਿਲਚਸਪ ਉਦਾਹਰਣ ਹੈ ਕਿ ਸਿਟੀਜ਼ਨ ਗਰੁੱਪ ਕਿਸ ਤਰ੍ਹਾਂ ਕਾਇਮ ਕੀਤਾ ਜਾਵੇ। ਇਹ ਕਮੇਟੀ ਇਮੀਗਰੈਂਟਸ ਅਤੇ ਨਵੇਂ ਕਨੇਡੀਅਨ ਨੂੰ ਕਨੇਡਾ ਦੇ ਰਾਜਨੀਤਿਕ ਪ੍ਰਬੰਧ ਨੂੰ ਸਮਝਣ ਅਤੇ ਉਸਦੀ ਵਰਤੋਂ ਕਰਨ ਬਾਰੇ ਮਦਦ ਕਰਦੀ ਹੈ। ਇਹ ਬਹੁਤ ਸਾਰੇ ਮਾਮਲਿਆਂ ਸਬੰਧੀ ਕੰਮ ਕਰਦੀ ਹੈ ਜੋ ਕਿ ਇਮੀਗਰੈਂਟਸ ਅਤੇ ਨਵੇਂ ਕਨੇਡੀਅਨਾਂ ਤੇ ਪ੍ਰਭਾਵ ਪਾਉਂਦੇ ਹਨ ਜਿਵੇਂ ਕਿ ਦੋਸਤਾਂ ਅਤੇ ਪਰਿਵਾਰਾਂ ਲਈ ਵਿਜ਼ਟਰ ਵੀਜ਼ਾ ਲੈਣਾ ਅਤੇ ਕਨੇਡਾ ਵਿਚ ਇਮੀਗਰੇਸ਼ਨ ਅਤੇ ਰਿਫਿਊਜੀ ਕਾਨੂੰਨਾਂ ਵਿਚ ਤਬਦੀਲੀਆਂ।

ਇਹ ਉਹਨਾਂ ਲੋਕਾਂ ਦੀ ਤਰਫੋਂ ਵੀ ਕੰਮ ਕਰਦੀ ਹੈ ਜੋ ਕਿ ਰਿਫਊਜੀ **ਅਸਾਇਲਮ** (ਸੁਰੱਖਿਆ) ਚਾਹੁੰਦੇ ਹਨ।

ਇਹ ਸਾਰੇ ਕੰਮ ਕਰਨ ਲਈ, ਕਮੇਟੀ ਪੂਰੀ ਤਰ੍ਹਾਂ ਨਾਗਰਿਕਾਂ ਦੀਆਂ ਵਾਲੰਟੀਅਰ ਕੋਸ਼ਿਸ਼ਾਂ ਤੇ ਨਿਰਭਰ ਹੈ। ਗਰੁੱਪ ਵਾਸਤੇ ਕੰਮ ਕਰਨ ਲਈ ਕਿਸੇ ਨੂੰ ਤਨਖਾਹ ਨਹੀਂ ਮਿਲਦੀ ਅਤੇ ਨਾ ਹੀ ਇਸਦੀ ਕੋਈ ਫੀਸ ਦੇਣ ਵਾਲੇ ਮੈਂਬਰ ਹਨ। ਜਿਵੇਂ ਕਿ ਇਹ ਖਾਸ ਮਾਮਲਿਆਂ ਸਬੰਧੀ ਕੰਮ ਕਰਦੀ ਹੈ, ਇਸ ਗਰੁੱਪ ਦਾ ਆਕਾਰ ਉਹਨਾਂ ਲੋਕਾਂ ਨਾਲ ਵੱਧਦਾ ਹੈ ਜੋ ਉਸ ਉਦੇਸ਼ ਦੀ ਮਦਦ ਕਰਨਾ ਚਾਹੁੰਦੇ ਹਨ। ਜਦੋਂ ਇਹ ਘੱਟ ਸਰਗਰਮ ਹੁੰਦਾ ਹੈ, ਤਾਂ ਇਹ ਗਰੁੱਪ ਚਾਰ "ਪ੍ਰਮੁੱਖ" ਮੈਂਬਰਾਂ ਨਾਲ ਕੰਮ ਕਰਦਾ ਹੈ। ਇਸ ਤਰ੍ਹਾਂ ਦਫਤਰ ਦੇ ਪ੍ਰਬੰਧ (ਦਫਤਰ ਦਾ ਕਿਰਾਇਆ, ਸਟਾਫ ਦੀ ਤਨਖਾਹ) ਬਾਰੇ ਫਿਕਰ ਕਰਨ ਦੀ ਬਹੁਤੀ ਲੋੜ ਨਹੀਂ ਹੁੰਦੀ। ਇਸ ਗਰੁੱਪ ਦੇ ਮੈਂਬਰ ਆਪਣੀਆਂ ਤਾਕਤਾਂ ਨੂੰ ਆਪਣੇ ਮੱਸਲਿਆਂ ਸਬੰਧੀ ਕੇਂਦਰਿਤ ਕਰਕੇ ਲੋਕਤੰਤਰੀ ਪ੍ਰਕਿਰਿਆ ਵਿਚ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦੇ ਹਨ ਬਜਾਇ ਕਿ ਆਪਣੀ ਸੰਸਥਾ ਦੇ ਸੰਚਾਲਨ ਨਾਲੋਂ।



# ਅਧਿਆਇ 6

## ਸਰਕਾਰੀ ਅਦਾਰਿਆਂ ਨਾਲ ਵਿਹਾਰ ਕਰਨਾ





ਕਨੇਡਾ ਵਿਚ ਤੁਹਾਡੀ ਨਵੀਂ ਜ਼ਿੰਦਗੀ ਵੱਖ-ਵੱਖ ਸਰਕਾਰੀ ਅਦਾਰਿਆਂ ਨਾਲ ਤੁਹਾਡਾ ਸੰਪਰਕ ਕਰਵਾਏਗੀ। ਇਹ ਅਦਾਰੇ ਕਨੇਡਾ ਦੇ ਨਾਗਰਿਕਾਂ ਦੀ ਸੇਵਾ ਲਈ ਬਣਾਏ ਗਏ ਹਨ। ਤੁਹਾਨੂੰ ਆਪਣੀ ਮੱਦਦ ਲਈ ਇਹਨਾਂ ਦੀ ਵਰਤੋਂ ਕਰਨ ਵਿਚ ਝਿਜਕਣਾ ਨਹੀਂ ਚਾਹੀਦਾ।

ਜੇ ਤੁਹਾਨੂੰ ਪਤਾ ਹੈ ਕਿ ਇਹ ਅਦਾਰੇ ਕਿਸ ਤਰ੍ਹਾਂ ਕੰਮ ਕਰਦੇ ਹਨ ਤਾਂ ਤੁਸੀਂ ਇਹਨਾਂ ਅਦਾਰਿਆਂ ਦੁਆਰਾ ਮਿਲਣ ਵਾਲੇ ਵਸੀਲਿਆਂ ਅਤੇ ਸਹਾਇਤਾ ਦਾ ਠੀਕ ਤਰ੍ਹਾਂ ਪ੍ਰਯੋਗ ਕਰ ਸਕੋਗੇ। ਤੁਸੀਂ ਇਸ ਬਾਰੇ ਆਪਣੇ ਨਿੱਜੀ ਤਜ਼ਰਬੇ ਤੋਂ ਜਾਣ ਸਕਦੇ ਹੋ ਜਾਂ ਜਾਂਚ-ਪੜਤਾਲ ਦੁਆਰਾ ਇਹਨਾਂ ਅਦਾਰਿਆਂ ਬਾਰੇ ਹੋਰ ਪਤਾ ਲਗਾ ਸਕਦੇ ਹੋ। ਉਦਾਹਰਣ ਦੇ ਤੌਰ ਤੇ, ਤੁਸੀਂ ਕਿਸੇ ਵੀ ਅਦਾਰੇ ਬਾਰੇ ਜਾਣਕਾਰੀ ਉਸ ਬਾਰੇ ਪੜ੍ਹ ਕੇ ਜਾਂ ਉਸ ਦੇ ਸਟਾਫ ਨਾਲ ਗੱਲ-ਬਾਤ ਕਰ ਕੇ ਲੈ ਸਕਦੇ ਹੋ।

ਇਹ ਅਧਿਆਇ ਤੁਹਾਨੂੰ ਤਿੰਨ ਸੂਬਾਈ ਸਰਕਾਰੀ ਅਦਾਰਿਆਂ ਬਾਰੇ ਜਾਣਕਾਰੀ ਦਿੰਦਾ ਹੈ ਜਿਹਨਾਂ ਨਾਲ ਨਾਗਰਿਕਾਂ ਦਾ ਵਾਹ ਪੈ ਸਕਦਾ ਹੈ:

- ❑ ਇੰਪਲਾਇਮੈਂਟ ਸਟੈਂਡਰਡ (ਰੁਜ਼ਗਾਰ ਸਬੰਧੀ) ਬਰਾਂਚ
- ❑ ਲੈਂਡਲਾਰਡ ਐਂਡ ਟਿਨੈਂਸੀ ਬਰਾਂਚ (ਮਕਾਨ ਮਾਲਕ ਅਤੇ ਕਿਰਾਏਦਾਰ ਸਬੰਧੀ)ਬਰਾਂਚ
- ❑ ਵਿਕਟਿਮ ਸਰਵਿਸਿਜ਼ (ਜੁਰਮ ਦੇ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ)

ਕਦੇ ਕਦੇ ਤੁਸੀਂ ਮਹਿਸੂਸ ਕਰ ਸਕਦੇਹੋਕਿ ਸਰਕਾਰੀ ਅਦਾਰੇ ਦਾ ਸਟਾਫ ਤੁਹਾਡੇ ਨਾਲ ਅਨੁਚਿਤ ਵਿਹਾਰ ਕਰਦਾ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਤੁਹਾਨੂੰ ਆਪਣੇ ਸਰੋਕਾਰਾਂ ਸਬੰਧੀ ਸਟਾਫ ਨਾਲ ਗੱਲ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ।

ਨਾਗਰਿਕਾਂ ਦੇ ਸਰੋਕਾਰਾਂ ਨਾਲ ਨਿਪਟਣ ਲਈ ਸਰਕਾਰੀ ਅਦਾਰਿਆਂ ਦੇ ਸ਼ਿਕਾਇਤਾਂ ਸਬੰਧੀ ਆਪਣੇ ਅੰਦਰੂਨੀ ਤਰੀਕੇ ਹੁੰਦੇ ਹਨ। ਏਥੇ ਅਸੀਂ ਦੋ ਅਦਾਰਿਆਂ – ਪੁਲਿਸ ਅਤੇ ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬੀ ਸੀ (ਆਈ ਸੀ ਬੀ ਸੀ) ਦੀਆਂ ਸ਼ਿਕਾਇਤਾਂ ਸਬੰਧੀ ਤਰੀਕਿਆਂ ਦੀਆਂ ਉਦਾਹਰਣਾਂ ਦਿੰਦੇ ਹਾਂ:



## ਸਰਕਾਰੀ ਅਦਾਰਿਆਂ ਨੂੰ ਆਪਣੇ ਯੋਗ ਬਣਾਉਣਾ

**ਸਾਡੇ ਸਰਕਾਰੀ ਅਦਾਰੇ ਕਨੇਡਾ ਦੇ ਨਾਗਰਿਕਾਂ ਨੂੰ ਮਹੱਤਵ-ਪੂਰਨ ਸੇਵਾਵਾਂ ਪ੍ਰਦਾਨ ਕਰਦੇ ਹਨ।**

ਕਨੇਡਾ ਵਿਚ ਜ਼ਰੂਰਤਮੰਦ ਲੋਕਾਂ ਦੀ ਮੱਦਦ ਕਰਨ ਲਈ ਨਿੱਗਰ ਸਮਾਜਿਕ ਪ੍ਰੋਗਰਾਮਾਂ ਦੀ ਰਵਾਇਤ ਹੈ। ਇਸ ਵਿਚ ਮਾਲੀ, ਮੈਡੀਕਲ, ਜਾਂ ਸਲਾਹ ਸਬੰਧੀ ਸਹਾਇਤਾ ਵੀ ਹੋ ਸਕਦੀ ਹੈ। ਹੇਠਾਂ ਦਿੱਤੀਆਂ ਤਿੰਨ ਉਦਾਹਰਣਾਂ ਆਮ ਤੌਰ ਤੇ ਵਰਤੀਆਂ ਜਾਣ ਵਾਲੀਆਂ ਸਰਕਾਰੀ ਸੇਵਾਵਾਂ ਅਤੇ ਅਦਾਰਿਆਂ ਬਾਰੇ ਦੱਸਦੀਆਂ ਹਨ ਜਿਨ੍ਹਾਂ ਨੂੰ ਤੁਸੀਂ ਮਦਦ ਲਈ ਫੋਨ ਕਰ ਸਕਦੇ ਹੋ।

### ਮਾਲਕਾਂ ਨਾਲ ਝਗੜੇ

ਜ਼ਿਆਦਾਤਰ ਕਨੇਡੀਅਨ ਕਿਸੇ ਕੰਪਨੀ ਜਾਂ ਕਿਸੇ ਸੰਸਥਾ ਨਾਲ ਕੰਮ ਕਰਦੇ ਹਨ।

**ਯੂਨੀਅਨ ਮੈਂਬਰ.** ਕੰਮ ਕਰਨ ਵਾਲੀ ਥਾਂ ਤੇ ਕਰਮਚਾਰੀਆਂ ਦੀ ਸਭਾ ਨੂੰ ਯੂਨੀਅਨ ਕਹਿੰਦੇ ਹਨ ਜਿਸ ਕੋਲ ਸਭਾ ਦੇ ਕਰਮਚਾਰੀਆਂ ਲਈ ਕੰਮ ਕਰਨ ਸਬੰਧੀ ਹਾਲਾਤਾਂ ਬਾਰੇ ਗੱਲ ਕਰਨ ਲਈ ਕਾਨੂੰਨੀ ਹੱਕ ਹੁੰਦਾ ਹੈ। ਜੇ ਤੁਸੀਂ ਯੂਨੀਅਨ ਦੇ ਮੈਂਬਰ ਹੋ ਅਤੇ ਤੁਹਾਨੂੰ ਆਪਣੇ ਮਾਲਕ ਨਾਲ ਮੁਸ਼ਕਿਲਾਂ ਆ ਰਹੀਆਂ ਹਨ ਤਾਂ ਤੁਸੀਂ ਮੱਦਦ ਲਈ ਆਪਣੇ ਯੂਨੀਅਨ ਦੇ ਪ੍ਰਤੀਨਿਧ ਨਾਲ ਸੰਪਰਕ ਕਰ ਸਕਦੇ ਹੋ।

**ਬਿਨਾਂ-ਯੂਨੀਅਨ ਕਾਮੇ:** ਸਾਡੇ ਵਿਚੋਂ ਬਹੁਤ ਸਾਰੇ ਯੂਨੀਅਨ ਦੇ ਮੈਂਬਰ ਨਹੀਂ ਹਨ। ਕਨੇਡਾ ਦੇ ਸਾਰੇ ਸੂਬਿਆਂ ਵਿਚ ਕਾਨੂੰਨ ਹਨ ਜੋ ਉਹਨਾਂ ਕਾਮਿਆਂ, ਜੋ ਯੂਨੀਅਨ ਦੇ ਮੈਂਬਰ ਨਹੀਂ ਹਨ ਦੇ ਕੰਮ ਕਰਨ ਦੀਆਂ ਹਾਲਤਾਂ ਦੇ ਮਾਪਦੰਡ ਨਿਸ਼ਚਤ ਕਰਦੇ ਹਨ।

ਇਹ ਕਾਨੂੰਨ ਹੇਠ ਲਿਖਿਆਂ ਲਈ ਮਾਪਦੰਡ ਨਿਰਧਾਰਿਤ ਕਰਦੇ ਹਨ:

- ❑ ਘੱਟ ਤਨਖਾਹ ਬਾਰੇ
- ❑ ਛੁੱਟੀਆਂ ਦਾ ਭੱਤਾ
- ❑ ਓਵਰਟਾਈਮ ਦੀ ਅਦਾਇਗੀ ਬਾਰੇ
- ❑ ਜਣੇਪੇ ਦੀਆਂ ਛੁੱਟੀਆਂ ਸਬੰਧੀ ਬੈਨੇਫਿਟ (ਜੋ ਕਿ ਔਰਤਾਂ ਬੱਚਾ ਹੋਣ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਲੈ ਸਕਦੀਆਂ ਹਨ)

ਇਹ ਕਾਨੂੰਨ ਖਾਸ ਉਦਯੋਗਾਂ ਵਿਚ ਵੀ ਕੰਮ ਦੀਆਂ ਹਾਲਤਾਂ ਦੇ ਮਾਪਦੰਡ ਨਿਰਧਾਰਿਤ ਕਰ ਸਕਦੇ ਹਨ। ਜਿਵੇਂ ਕਿ ਖੇਤਾਂ ਦਾ ਕੰਮ, ਘਰੇਲੂ ਕੰਮ ਜਾਂ ਕੱਪੜੇ ਦੇ ਉਦਯੋਗ ਵਿਚ ਕੰਮ।





ਤੁਹਾਨੂੰ ਇਸਤਰ੍ਹਾਂ ਵੀ ਲੱਗ ਸਕਦਾ ਹੈ ਕਿ ਕਾਨੂੰਨ ਮੁਤਾਬਿਕ ਮਾਲਕ ਦੁਆਰਾ ਤੁਹਾਡੇ ਨਾਲ ਉਚਿੱਤ ਵਿਹਾਰ ਨਹੀਂ ਕੀਤਾ ਜਾਂਦਾ। ਸਾਰੀਆਂ ਪ੍ਰਾਂਤਾਂ ਦੇ ਅਦਾਰੇ ਰੁਜ਼ਗਾਰ ਦੇ ਆਦਰਸ਼ ਕਾਨੂੰਨਾਂ ਸਬੰਧੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਮਨਿਸਟਰੀ ਆਫ਼ ਇੰਪਲਾਇਮੈਂਟ ਐਂਡ ਇਨਵੈਸਟਮੈਂਟ ਦੀ **ਇੰਪਲਾਇਮੈਂਟ ਸਟੈਂਡਰਡ ਬਰਾਂਚ** ਦਾ ਸਟਾਫ਼ ਕਾਨੂੰਨ ਦੇ ਅਧੀਨ ਮਾਲਕਾਂ ਅਤੇ ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਬਾਰੇ ਮਸ਼ਵਰਾ ਦਿੰਦਾ ਹੈ।

ਰੁਜ਼ਗਾਰ ਸਬੰਧੀ ਕਾਨੂੰਨ ਮਾਲਕਾਂ ਅਤੇ ਕਰਮਚਾਰੀਆਂ ਦੇ ਝਗੜਿਆਂ ਨੂੰ ਨਿਪਟਾਣ ਲਈ ਕਾਰਵਾਈ ਦਾ ਪ੍ਰਬੰਧ ਕਰਦੇ ਹਨ। ਕਾਨੂੰਨ ਮੁਤਾਬਿਕ, ਤੁਸੀਂ ਵੀ ਮੀਟਿੰਗ ਕਰ ਸਕਦੇ ਹੋ ਜਿਸ ਵਿਚ ਤੁਸੀਂ ਆਪਣੇ ਕਲੇਮ ਲਈ ਆਪਣੇ ਮਾਲਕ ਵਿਰੁੱਧ ਸਬੂਤ ਦੇ ਸਕਦੇ ਹੋ। ਇਕ ਨਿਰਪੱਖ ਫੈਸਲਾ ਲੈਣ ਵਾਲਾ ਇਸ ਸਾਰੇ ਕੇਸ ਨੂੰ ਸੁਣਦਾ ਹੈ ਅਤੇ ਇਸਦੇ ਹੱਲ ਬਾਰੇ ਫੈਸਲਾ ਦਿੰਦਾ ਹੈ – ਉਦਾਹਰਣ ਦੇ ਤੌਰ ਤੇ, ਕਰਮਚਾਰੀ ਨੂੰ ਕੰਮ ਕਰਨ ਦੀ ਤਨਖਾਹ ਦੇਣ ਬਾਰੇ ਮਾਲਕ ਨੂੰ ਹੁਕਮ ਦੇਣਾ।

> ਇਸ ਅਦਾਰੇ ਨੂੰ ਸੰਪਰਕ ਕਰਨ ਲਈ ਆਪਣੀ ਫੋਨ ਦੀ ਕਿਤਾਬ ਦੇ ਨੀਲੇ ਸਫ਼ਿਆਂ ਵਿਚ ਦੇਖੋ।

### ਮਕਾਨ ਮਾਲਕ ਅਤੇ ਕਿਰਾਏਦਾਰ ਵਿਚਕਾਰ ਝਗੜਾ

ਕਨੇਡਾ ਵਿਚ, ਸਾਡਾ ਘਰ ਸਾਡੇ ਲਈ ਬਹੁਤ ਪਵਿੱਤਰ ਹੁੰਦਾ ਹੈ, ਭਾਵੇਂ ਸਾਡਾ ਆਪਣਾ ਘਰ ਹੋਵੇ ਜਾਂ ਕਿਰਾਏ ਤੇ। ਸਾਡਾ ਸਮਾਜ ਸਮਝਦਾ ਹੈ ਕਿ ਕਿਰਾਏਦਾਰਾਂ ਦੇ ਅਧਿਕਾਰ, (ਉਹ ਲੋਕ ਜੋ ਕਿਰਾਏ ਤੇ ਆਪਣਾ ਘਰ ਲੈਂਦੇ ਹਨ) ਮਕਾਨ ਮਾਲਕਾਂ (ਉਹ ਲੋਕ ਜੋ ਆਪਣਾ ਮਕਾਨ ਦੂਜਿਆਂ ਨੂੰ ਕਿਰਾਏ ਤੇ ਦਿੰਦੇ ਹਨ) ਦੇ ਅਧਿਕਾਰਾਂ ਵਾਂਗ ਮਹੱਤਵ-ਪੂਰਨ ਹੁੰਦੇ ਹਨ।

ਸਮੇਂ ਸਮੇਂ, ਕਿਰਾਏਦਾਰ ਦਾ ਮਕਾਨ ਮਾਲਕ ਨਾਲ ਕੁੱਝ ਮਾਮਲਿਆਂ ਸਬੰਧੀ ਝਗੜਾ ਵੀ ਹੋ ਸਕਦਾ ਹੈ ਜਿਵੇਂ ਕਿ ਕਿਰਾਏ ਵਿਚ ਵਾਧਾ, ਜ਼ਰੂਰਤ ਤੋਂ ਘੱਟ ਮੁਰੰਮਤ ਜਾਂ ਦੇਖ-ਭਾਲ ਜਾਂ ਨੁਕਸਾਨ ਲਈ ਜਮ੍ਹਾ ਕਰਾਈ ਗਈ ਰਕਮ ਦੀ ਅਦਾਇਗੀ। ਇਸੇ ਤਰ੍ਹਾਂ, ਇਕ ਮਕਾਨ ਮਾਲਕ ਮਹਿਸੂਸ ਕਰ ਸਕਦਾ ਹੈ ਕਿ ਕਿਰਾਏਦਾਰ ਮਕਾਨ ਜਾਂ ਅਪਾਰਟਮੈਂਟ ਦੀ ਦੇਖਭਾਲ ਠੀਕ ਤਰ੍ਹਾਂ ਨਹੀਂ ਕਰ ਰਿਹਾ। ਕਈ ਵਾਰੀ ਇਹ ਝਗੜੇ ਇੰਨੇ ਗੰਭੀਰ ਹੋ ਜਾਂਦੇ ਹਨ ਕਿ ਮਕਾਨ ਮਾਲਕ ਕਿਰਾਏਦਾਰ ਨੂੰ ਮਕਾਨ ਖਾਲੀ ਕਰਨ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

ਬਹੁਤ ਸਾਰੇ ਸੂਬਿਆਂ ਨੇ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਦੇ ਝਗੜੇ ਸ਼ਾਂਤਮਈ ਤਰੀਕੇ ਨਾਲ ਨਿਪਟਾਣ ਲਈ ਸਰਕਾਰੀ ਅਦਾਰੇ ਸਥਾਪਿਤ ਕੀਤੇ ਹੋਏ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਮਨਿਸਟਰੀ ਆਫ ਅਟਾਰਨੀ ਜਨਰਲ ਦੀ **ਰੈਜ਼ੀਡੈਂਸ਼ੀਅਲ ਟਿਨੈਂਸੀ ਬਰਾਂਚ** ਕਾਨੂੰਨ ਦੇ ਅਧੀਨ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਬਾਰੇ ਸਿਖਿਅਤ ਕਰਨ ਵਿਚ ਮੱਦਦ ਕਰਦੀ ਹੈ।

ਇਹ ਬਰਾਂਚ ਸਾਲਸੀ (ਨਿਰਣਾ ਕਰਨ ਵਾਲੇ) ਦਾ ਵੀ ਪ੍ਰਬੰਧ ਕਰਦੀ ਹੈ। ਇਹ ਇਕ ਰਸਮੀ ਮੀਟਿੰਗ ਹੁੰਦੀ ਹੈ ਜਿਸ ਵਿਚ ਕਿਰਾਏਦਾਰ ਅਤੇ ਮਕਾਨ ਮਾਲਕ ਇਕ ਨਿਰਪੱਖ ਫੈਸਲਾ ਕਰਨ ਵਾਲੇ ਨੂੰ ਆਪਣੇ ਆਪਣੇ ਸਬੂਤ ਦਿੰਦੇ ਹਨ ਜੋ ਫਿਰ ਝਗੜੇ ਵਿਚ ਹਰ ਪਾਰਟੀ ਦੇ ਅਧਿਕਾਰਾਂ ਅਤੇ ਜ਼ੁੰਮੇਵਾਰੀਆਂ ਬਾਰੇ ਫੈਸਲਾ ਕਰਦੀ ਹੈ।

ਜੇ ਤੁਸੀਂ ਮਕਾਨ ਮਾਲਕ/ਕਿਰਾਏਦਾਰ ਦੇ ਝਗੜੇ ਵਿਚ ਹੋ, ਤਾਂ ਤੁਸੀਂ ਮੱਦਦ ਲਈ ਇਸ ਸਰਕਾਰੀ ਅਦਾਰੇ ਨਾਲ ਸੰਪਰਕ ਕਰ ਸਕਦੇ ਹੋ। ਤੁਸੀਂ ਉਹਨਾਂ ਦਾ ਫੋਨ ਨੰਬਰ ਫੋਨ ਦੀ ਕਿਤਾਬ ਦੇ ਨੀਲੇ ਸਫਿਆਂ ਵਿਚੋਂ ਲੱਭ ਸਕਦੇ ਹੋ।

## ਜੁਰਮ ਦੇ ਸ਼ਿਕਾਰ ਵਿਅਕਤੀਆਂ ਦੀ ਮੱਦਦ ਕਰਨਾ

ਕਨੇਡੀਅਨ ਲੋਕਾਂ ਨੂੰ ਇਸ ਗੱਲ ਤੇ ਮਾਣ ਹੈ ਕਿ ਉਹ ਇਕ ਸੁਰੱਖਿਅਤ ਸਮਾਜ ਵਿਚ ਰਹਿ ਰਹੇ ਹਨ ਜਿਸ ਵਿਚ ਜੁਰਮ ਬਹੁਤ ਘੱਟ ਹੁੰਦੇ ਹਨ। ਫਿਰ ਵੀ, ਤੁਸੀਂ, ਤੁਹਾਡੇ ਪਰਿਵਾਰ ਵਿਚੋਂ ਕੋਈ ਵਿਅਕਤੀ ਜਾਂ ਕੋਈ ਮਿੱਤਰ ਕਦੇ ਜੁਰਮ ਦਾ ਸ਼ਿਕਾਰ ਹੋ ਸਕਦਾ ਹੈ।

ਕਨੇਡਾ ਵਿਚ ਤਕਰੀਬਨ ਸਾਰੀਆਂ ਸੂਬਿਆਂ ਦੇ ਵਿਕਟਿਮਜ਼ ਸਰਵਿਸਿਜ਼ (ਜੁਰਮ ਦੇ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ) ਦੇ ਪ੍ਰੋਗਰਾਮ ਹਨ ਜੋ ਉਹਨਾਂ ਵਿਅਕਤੀਆਂ ਦੀ ਮੱਦਦ ਕਰਦੇ ਹਨ ਜਿਨ੍ਹਾਂ ਨੂੰ ਜੁਰਮ ਦੇ ਸ਼ਿਕਾਰ ਵਜੋਂ ਸਦਮਾ ਪਹੁੰਚਿਆ ਹੈ।

ਬ੍ਰਿਟਿਸ਼ ਕੋਲੰਬੀਆ ਵਿਚ, ਵਿਕਟਿਮਜ਼ ਆਫ ਕਰਾਈਮਜ਼ ਐਕਟ, ਜੁਰਮ ਦੇ ਸ਼ਿਕਾਰ ਵਿਅਕਤੀਆਂ ਲਈ ਵੱਖ-ਵੱਖ ਅਧਿਕਾਰ ਅਤੇ ਕਾਨੂੰਨ ਲਾਗੂ ਕਰਦਾ ਹੈ। ਤੁਸੀਂ ਇਹਨਾਂ ਪ੍ਰੋਗਰਾਮਾਂ ਬਾਰੇ ਹੋਰ ਪਤਾ ਲਾਉਣ ਲਈ "ਵਿਕਟਿਮ ਇਨਫਰਮੇਸ਼ਨ ਫੋਨ ਲਾਈਨ" ਨੂੰ (1-800-563-0808) ਤੇ ਫੋਨ ਕਰ ਸਕਦੇ ਹੋ। ਇੱਥੇ ਕਾਮੁਕ ਹਮਲਿਆਂ ਦੇ ਸ਼ਿਕਾਰ ਵਿਅਕਤੀਆਂ ਲਈ ਖਾਸ ਪ੍ਰੋਗਰਾਮ ਹਨ।

ਜੁਰਮ ਦੇ ਸ਼ਿਕਾਰ ਵਿਅਕਤੀਆਂ ਲਈ ਬਹੁਤ ਸਾਰੇ ਸੇਵਾਵਾਂ ਦੇ ਪ੍ਰੋਗਰਾਮ ਲੋਕਲ ਪੁਲਿਸ ਸਟੇਸ਼ਨਾਂ ਵਿਚ ਮਿਲਦੇ ਹਨ ਜੋ ਕਿ ਵਿਸਤਾਰ ਰੂਪ ਵਿਚ ਜਾਣਕਾਰੀ ਅਤੇ ਸੁਰੱਖਿਆ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਵਿਕਟਿਮ ਸਰਵਿਸਿਜ਼ ਡਿਵੀਜ਼ਨ ਆਫ ਮਿਨੀਸਟਰੀ ਆਫ ਅਟਾਰਨੀ ਜਨਰਲ ਦੇ ਸਹਿਯੋਗ ਅਤੇ ਪ੍ਰਬੰਧ ਦੁਆਰਾ ਚਲਾਈਆਂ ਜਾਂਦੀਆਂ ਹਨ।





ਬ੍ਰਿਟਿਸ਼ ਕੋਲੰਬੀਆ ਨੇ ਜੁਰਮ ਦੇ ਸ਼ਿਕਾਰ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮੱਦਦ ਲਈ ਕਰਿਮਿਨਲ ਇੰਜਰੀ ਕੰਪੈਨਸੇਸ਼ਨ ਐਕਟ ਬਣਾਇਆ ਹੈ। ਇਹ ਐਕਟ ਨਿਜੀ ਸੱਟ ਲਈ ਅਤੇ ਕਿਸੇ ਖਾਸ ਹਾਲਤ ਵਿਚ ਤਨਖਾਹ ਦੇ ਨੁਕਸਾਨ ਲਈ ਮਾਲੀ ਮੁਆਵਜ਼ਾ ਪ੍ਰਦਾਨ ਕਰਦਾ ਹੈ।

ਬੀ ਸੀ ਵਿਚ ਕਰਿਮਿਨਲ ਇੰਜਰੀ ਬਾਰੇ ਕੰਪਨਸੇਸ਼ਨ ਜਾਣਕਾਰੀ ਲੈਣ ਲਈ ਆਪਣੇ ਲੋਕਲ ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਦਫਤਰ ਨਾਲ ਸੰਪਰਕ ਕਰੋ। ਇਸ ਦਫਤਰ ਦਾ ਫੋਨ ਨੰਬਰ ਤੁਸੀਂ ਫੋਨ ਦੀ ਕਿਤਾਬ ਦੇ ਚਿੱਟੇ ਸਫਿਆਂ ਵਿਚੋਂ ਲੈ ਸਕਦੇ ਹੋ।

ਨਾਗਰਿਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਬਹੁਤ ਸਾਰੇ ਸਰਕਾਰੀ ਅਦਾਰਿਆਂ ਵਿਚੋ 'ਇਹ ਸਿਰਫ ਤਿੰਨ ਉਦਾਹਰਣਾਂ ਹਨ।

ਦੂਜੇ ਅਦਾਰੇ (ਜਿਵੇਂ ਕਿ ਬੀ ਸੀ ਹਿਊਮਨ ਰਾਈਟਸ ਕਮਿਸ਼ਨ) ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿਚ ਉਹਨਾਂ ਦੀ ਮੱਦਦ ਕਰਦੇ ਹਨ। ਮਨੁੱਖੀ ਅਧਿਕਾਰਾਂ ਦੇ ਕਾਨੂੰਨਾਂ ਦੇ ਵੇਰਵੇ ਬਾਰੇ ਅਧਿਆਇ 4 ਦੇਖੋ।

ਇਹਨਾਂ ਅਦਾਰਿਆਂ ਦੀ ਵਰਤੋਂ ਲਈ ਨਾ ਝਿਜਕੋ। ਕਿਸੇ ਹੋਰ ਸਰਕਾਰੀ ਅਦਾਰੇ ਬਾਰੇ ਪਤਾ ਲਾਉਣ ਲਈ ਆਪਣੀ ਲੋਕਲ ਪਬਲਿਕ ਲਾਇਬ੍ਰੇਰੀ ਵਿਚ ਜਾਉ, ਜਾਂ ਅਦਾਰੇ ਨਾਲ ਸਿੱਧਾ ਸੰਪਰਕ ਕਰੋ।

## ਸਰਕਾਰੀ ਅਦਾਰੇ ਦੇ ਫੈਸਲੇ ਨੂੰ ਵੰਗਾਰਨਾ

ਕਿਸੇ ਗੱਲ ਤੇ ਤੁਸੀਂ ਮਹਿਸੂਸ ਕਰਦੇ ਹੋਵੋਗੇ ਕਿ ਸਰਕਾਰੀ ਅਦਾਰੇ ਦੁਆਰਾ ਤੁਹਾਡੇ ਨਾਲ ਅਨੁਚਿੱਤ ਵਿਹਾਰ ਕੀਤਾ ਗਿਆ ਹੈ। ਸ਼ਾਇਦ ਅਦਾਰਾ ਤੁਹਾਨੂੰ ਉਹ ਭੱਤੇ ਨਾ ਦੇ ਰਿਹਾ ਹੋਵੇ ਜਿਸ ਦੇ ਤੁਸੀਂ ਯੋਗ ਹੋਵੋ (ਜਿਵੇਂ ਬੇਰੁਜ਼ਗਾਰੀ ਭੱਤਾ)। ਜਾਂ ਅਦਾਰਾ ਤੁਹਾਡੇ ਕੋਲੋਂ ਕਿਸੇ ਜਾਣਕਾਰੀ ਦੀ ਮੰਗ ਕਰ ਸਕਦਾ ਹੈ ਜਾਂ ਸਰਕਾਰ ਨੂੰ ਰਕਮ ਦੀ ਅਦਾਇਗੀ ਕਰਨ ਬਾਰੇ ਕਹਿ ਸਕਦਾ ਹੈ (ਜਿਵੇਂ ਕਿ ਇਨਕਮ ਟੈਕਸ ਦੀ ਅਦਾਇਗੀ) ਜਿਸ ਨੂੰ ਤੁਸੀਂ ਠੀਕ ਨਹੀਂ ਸਮਝਦੇ।

ਆਮ ਤੌਰ ਤੇ, ਤੁਹਾਨੂੰ ਅਦਾਰੇ ਦੇ ਫੈਸਲੇ ਬਾਰੇ ਅਪੀਲ ਕਰਨ ਦਾ ਅਧਿਕਾਰ ਹੈ। ਕਿਸੇ ਦੂਸਰੇ ਵਿਅਕਤੀ ਨੂੰ ਅਸਲੀ ਫੈਸਲੇ ਬਾਰੇ ਪੁਨਰ-ਵਿਚਾਰ ਕਰਨ ਦੀ ਬੇਨਤੀ ਨੂੰ ਅਪੀਲ ਕਹਿੰਦੇ ਹਨ। ਤੁਸੀਂ ਅਦਾਰੇ ਤੋਂ ਆਪ ਪਤਾ ਕਰ ਸਕਦੇ ਹੋ ਕਿ ਕੀ ਤੁਹਾਡੇ ਕੋਲ ਫੈਸਲੇ ਨੂੰ ਅਪੀਲ ਕਰਨ ਦਾ ਅਧਿਕਾਰ ਜਾਂ ਹੋਰ ਤਰੀਕਾ ਹੈ ਕਿ ਨਹੀਂ।

ਕਈ ਵਾਰੀ ਤੁਸੀਂ ਮਹਿਸੂਸ ਕਰਦੇ ਹੋਵੋਗੇ ਕਿ ਤੁਹਾਡੇ ਨਾਲ ਅਨੁਚਿਤ ਸਲੂਕ ਕੀਤਾ ਗਿਆ ਹੈ ਕਿਉਂਕਿ ਸਰਕਾਰੀ ਕਰਮਚਾਰੀ ਦਾ ਵਤੀਰਾ ਅਸੱਭਿਅ ਅਤੇ ਬੇਅਦਬ ਵਾਲਾ ਸੀ।

ਬਹੁਤ ਸਾਰੇ ਸਰਕਾਰੀ ਅਦਾਰਿਆਂ ਵਿਚ ਨਾਗਰਿਕਾਂ ਪ੍ਰਤੀ ਕੀਤੇ ਗਏ ਅਨੁਚਿਤ ਸਲੂਕ ਦੇ ਸਰੋਕਾਰਾਂ ਸਬੰਧੀ ਨਿਪਟਣ ਲਈ ਸ਼ਿਕਾਇਤ ਸੁਣਨ ਦਾ ਪ੍ਰਬੰਧ ਹੁੰਦਾ ਹੈ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕੁੱਝ ਗੈਰ-ਸਰਕਾਰੀ ਅਦਾਰਿਆਂ ਅਤੇ ਸਨਅਤਾਂ ਵਿਚ ਵੀ ਆਪਣੀਆਂ ਅਸਾਮੀਆਂ ਅਤੇ ਗਾਹਕਾਂ ਪ੍ਰਤੀ ਸ਼ਿਕਾਇਤ ਸੁਣਨ ਦਾ ਪ੍ਰਬੰਧ ਵੀ ਹੁੰਦਾ ਹੈ।

ਹੇਠ ਲਿਖੀਆਂ ਗੱਲਾਂ ਲਈ ਸ਼ਿਕਾਇਤ ਸੁਣਨ ਦਾ ਪ੍ਰਬੰਧ ਹੈ:

- ❑ ਸੂਬੇ ਦੇ ਕਿਸੇ ਵੀ ਫੈਸਲੇ, ਕਾਰਵਾਈ ਜਾਂ ਨੀਤੀ ਲਈ (ਲੋਕਪਾਲ ਨਾਲ ਸੰਪਰਕ ਕਰੋ)।
- ❑ ਕਿਸੇ ਵੀ ਵਿਅਕਤੀ ਵੱਲੋਂ ਕੀਤੀ ਵਿਤਕਰੇ ਦੀ ਕਾਰਵਾਈ ਲਈ (ਕਨੇਡੀਅਨ ਜਾਂ ਬੀ ਸੀ ਹਿਊਮਨ ਰਾਈਟਸ ਕਮਿਸ਼ਨ ਨਾਲ ਸੰਪਰਕ ਕਰੋ।
- ❑ ਪੁਲਿਸ ਅਧਿਕਾਰੀਆਂ ਦੀ ਕਾਰਵਾਈ ਲਈ (ਆਫਿਸ ਆਫ ਪੁਲਿਸ ਕੰਪਲੇਂਟ ਕਮਿਸ਼ਨਰ ਜਾਂ ਆਰ ਸੀ ਐਮ ਪੀ ਪਬਲਿਕ ਕੰਪਲੇਂਟਸ ਕਮਿਸ਼ਨ ਨਾਲ ਸੰਪਰਕ ਕਰੋ)





- ❑ ਪੇਸ਼ਾਵਰ ਮੈਂਬਰਾਂ ਜਿਵੇਂ ਕਿ ਡਾਕਟਰ, ਵਕੀਲ, ਮਨੋਵਿਗਿਆਨੀ ਜਾਂ ਅਕਾਊਂਟੈਂਟ ਦੇ ਵਤੀਰੇ ਲਈ (ਪੇਸ਼ਾਵਰ ਸੰਸਥਾ ਨਾਲ ਸੰਪਰਕ ਕਰੋ ਜੋ ਕਿ ਆਪਣੇ ਮੈਂਬਰਾਂ ਲਈ ਨਿਯਮ ਬਣਾਉਂਦੀ ਹੈ ਜਿਵੇਂ ਕਿ ਲਾਅ ਸੋਸਾਇਟੀ ਜਾਂ ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼)
- ❑ ਅਖਬਾਰਾਂ ਵਿਚਲੀ ਸਾਮੱਗਰੀ ਸਮੇਤ ਛਪੀਆਂ ਰਾਵਾਂ ਅਤੇ ਇਸ਼ਤਿਹਾਰਾਂ ਦੇ (ਬੀ ਸੀ ਪਰੈਸ ਕਾਊਂਸਲ ਨਾਲ ਸੰਪਰਕ ਕਰੋ)
- ❑ ਰੇਡੀਉ ਅਤੇ ਟੇਲੀਵਿਜ਼ਨ ਤੋਂ ਪ੍ਰਸਾਰਤ ਹੁੰਦੀ ਸਾਮੱਗਰੀ ਲਈ (ਕਨੇਡੀਅਨ ਰੇਡੀਉ ਐਂਡ ਟੈਲੀਵਿਜ਼ਨ ਕਮਿਸ਼ਨ ਨਾਲ ਸੰਪਰਕ ਕਰੋ)

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕਿਸੇ ਉੱਚੇ ਦਰਜੇ ਦੇ ਵਿਅਕਤੀ ਨੇ ਤੁਹਾਡੇ ਨਾਲ ਅਨੁਚਿਤ ਵਿਹਾਰ ਕੀਤਾ ਹੈ ਤਾਂ ਤੁਸੀਂ ਉਹਨਾਂ ਵੱਲੋਂ ਕੀਤੇ ਗਏ ਵਤੀਰੇ ਨੂੰ ਉਚਿਤ ਅਧਿਕਾਰੀ ਦੇ ਧਿਆਨ ਵਿਚ ਲਿਆ ਸਕਦੇ ਹੋ।

ਸੱਭ ਤੋਂ ਪਹਿਲੇ ਤੁਸੀਂ ਇਹ ਦੇਖੋ ਕਿ ਉਥੇ ਸ਼ਿਕਾਇਤ ਸੁਣਨ ਦਾ ਕੋਈ ਪ੍ਰਬੰਧ ਹੈ। ਸਬੰਧਿਤ ਸਰਕਾਰੀ ਅਦਾਰੇ, ਐਮ ਪੀ ਜਾਂ ਐਮ ਐਲ ਏ ਦੇ ਦਫਤਰ, ਜਾਂ ਬੀ ਸੀ ਸਿਵਲ ਲਿਬਰਟੀਜ਼ ਐਸੋਸੀਏਸ਼ਨ ਨੂੰ ਲਿੱਖ ਕੇ ਜਾਂ ਫੋਨ ਰਾਹੀਂ ਸੰਪਰਕ ਕਰੋ।

ਜੇ ਉੱਥੇ ਕੋਈ ਸ਼ਿਕਾਇਤ ਸੁਣਨ ਦਾ ਕੋਈ ਪ੍ਰਬੰਧ ਨਹੀਂ, ਤਾਂ ਸੱਭ ਤੋਂ ਚੰਗਾ ਤਰੀਕਾ ਇਹ ਹੈ ਕਿ ਤੁਸੀਂ ਆਪਣੇ ਮੱਸਲੇ ਉਸ ਸਰਕਾਰੀ ਕਰਮਚਾਰੀ ਦੀ ਦੇਖ-ਰੇਖ ਕਰਨ ਵਾਲੇ ਨੂੰ ਦੱਸੋ ਜਿਸ ਬਾਰੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ।

ਆਮ ਤੌਰ ਤੇ ਇਹ ਜਰੂਰੀ ਨਹੀਂ ਕਿ ਸ਼ਿਕਾਇਤਾਂ ਦੀ ਕਾਰਵਾਈ ਲਈ ਤੁਹਾਨੂੰ ਕੋਈ ਵਕੀਲ ਕਰਨਾ ਪਵੇ। ਭਾਵੇਂ ਤੁਸੀਂ ਕਾਨੂੰਨੀ ਸਲਾਹ ਲਈ ਪੈਸੇ ਦੇਣ ਦੇ ਯੋਗ ਹੋ, ਪਰ ਇਹ ਜਰੂਰੀ ਨਹੀਂ ਕਿ ਇਸ ਨਾਲ ਤੁਹਾਡਾ ਮੱਸਲਾ ਹੱਲ ਹੋ ਜਾਵੇ। ਅਸਲ ਵਿਚ, ਇਸ ਨਾਲ ਇਹ ਸਾਰੀ ਕਾਰਵਾਈ ਹੋਰ ਵੀ ਕਠਿਨ ਹੋ ਸਕਦੀ ਹੈ। ਸਰਕਾਰੀ ਅਧਿਕਾਰੀ ਜੋ ਤੁਹਾਨੂੰ ਨਿੱਜੀ ਰੂਪ ਵਿਚ ਸੰਵੇਦਨਸ਼ੀਲ ਅਤੇ ਸਹਾਇਤਾਕਾਰੀ ਤਰੀਕੇ ਨਾਲ ਜਵਾਬ ਦੇ ਸਕਦੇ ਹਨ, ਉਹ ਵਕੀਲ ਹੋਣ ਕਰਕੇ ਕਦੇ ਕਦੇ ਵਿਚ ਸਵੈ-ਰੱਖਿਅਕ ਅਤੇ ਘੱਟ ਸਹਿਯੋਗੀ ਬਣ ਜਾਂਦੇ ਹਨ। ਫਿਰ ਵੀ ਜੇ ਸ਼ਿਕਾਇਤ ਬਹੁਤ ਗੰਭੀਰ ਹੋਵੇ, ਤਾਂ ਤੁਹਾਡੇ ਅਧਿਕਾਰਾਂ ਦੀ ਰੱਖਿਆ ਲਈ ਵਕੀਲਾਂ ਕੋਲ ਟ੍ਰੇਨਿੰਗ ਹੁੰਦੀ ਹੈ ਅਤੇ ਉਹ ਤੁਹਾਡੀ ਵਡਮੁੱਲੀ ਸਹਾਇਤਾ ਕਰ ਸਕਦਾ ਹੈ।

**ਸਮੇਂ ਦੀਆਂ ਪਾਬੰਦੀਆਂ.** ਇਹ ਪਤਾ ਲਾਉ ਕਿ ਕੀ ਸ਼ਿਕਾਇਤ ਜਾਂ ਅਪੀਲ ਕਰਨ ਲਈ ਕੋਈ ਸਮੇਂ ਦੀ ਪਾਬੰਦੀ ਹੈ, ਅਤੇ ਉਸ ਸਮੇਂ ਦੇ ਮੁਤਾਬਿਕ ਇਹ ਕੰਮ ਕਰੋ। ਜ਼ਿਆਦਾਤਰ ਸ਼ਿਕਾਇਤਾਂ ਜਾਂ ਅਪੀਲਾਂ ਚਿੱਠੀਆਂ ਦੁਆਰਾ ਪੇਸ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਤੁਹਾਨੂੰ ਤਿੰਨ ਤਰ੍ਹਾਂ ਦੀ ਜਾਣਕਾਰੀ ਭੇਜਣੀ ਚਾਹੀਦੀ ਹੈ:

- ❑ ਮਸਲੇ  ਜਾਂ ਖਾਸ ਘਟਨਾ ਦਾ ਆਮ ਵੇਰਵਾ ਜਿਸ ਬਾਰੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ।
- ❑ ਖਾਸ ਕਾਰਵਾਈ ਦਾ ਵੇਰਵਾ ਜਿਸ ਦੀ ਤੁਸੀਂ ਜਾਂਚ-ਪੜਤਾਲ ਕਰਵਾਉਣਾ ਚਾਹੁੰਦੇ ਹੋ।

- ਇਹੋ ਜਿਹੇ ਜਵਾਬ ਦਾ ਵੇਰਵਾ ਜਿਸ ਨਾਲ ਤੁਹਾਡੀ ਤਸੱਲੀ ਹੋਵੇ। ਉਦਾਹਰਣ ਦੇ ਤੌਰ ਤੇ, ਹੋ ਸਕਦਾ ਹੈ ਤੁਸੀਂ ਚਾਹੁੰਦੇ ਹੋਵੋ ਕਿ ਤੁਹਾਡਾ ਸਰਕਾਰੀ ਅਧਿਕਾਰੀ ਵਿਰੁੱਧ ਜ਼ਾਬਤੇ ਦੀ ਕਾਰਵਾਈ ਹੋਵੇ, ਜਾਂ ਹੋ ਸਕਦਾ ਹੈ ਤੁਸੀਂ ਮੁਆਫ਼ੀ ਦੀ ਜਾਚਨਾ ਚਾਹੁੰਦੇ ਹੋਵੋ। ਕੁੱਝ ਕੇਸਾਂ ਵਿਚ ਹੋ ਸਕਦਾ ਹੈ ਤੁਸੀਂ ਮਾਲੀ ਮੁਆਵਜ਼ਾ ਵੀ ਚਾਹੁੰਦੇ ਹੋਵੋ।

ਇਹੋ ਜਿਹੀ ਘਟਨਾ ਤੋਂ ਬਾਅਦ ਤੁਸੀਂ ਬਹੁਤ ਗੁੱਸੇ ਜਾਂ ਪਰੇਸ਼ਾਨ ਵੀ ਹੋ ਸਕਦੇ ਹੋ। ਫਿਰ ਵੀ, ਨਿਮਰ ਪ੍ਰੰਤੂ ਠੋਸ ਚਿੱਠੀ ਨਾਲ ਆਮ ਤੌਰ ਤੇ ਹਾਂ-ਪੱਖੀ ਜਵਾਬ ਮਿਲੇਗਾ।

**ਇੰਟਰਵਿਊ.** ਤੁਹਾਨੂੰ ਇੰਟਰਵਿਊ ਲਈ ਜਾਂ ਹੋਰ ਬਿਆਨ ਦੇਣ ਲਈ ਵੀ ਕਿਹਾ ਜਾ ਸਕਦਾ ਹੈ। ਇਹ ਵੀ ਪੁੱਛੋ ਕਿ ਕੀ ਤੁਸੀਂ ਆਪਣੀ ਮੱਦਦ ਲਈ ਹਿਮਾਇਤ ਕਰਨ ਵਾਲੇ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ।

ਤੁਸੀਂ ਜੇ ਚਾਹੋ ਤਾਂ ਸਲਾਹ ਲੈਣ ਲਈ ਅਤੇ ਇਹ ਜਾਨਣ ਲਈ ਕਿ ਕੀ ਹੋ ਸਕਦਾ ਹੈ, ਸਿਟੀਜ਼ਨ ਗਰੁੱਪ ਨਾਲ ਸੰਪਰਕ ਕਰ ਸਕਦੇ ਹੋ ਜੋ ਕਿ ਇਹ ਸਾਰੀ ਕਾਰਵਾਈ ਤੋਂ ਜਾਣੂ ਹੁੰਦੇ ਹਨ। ਇਸ ਸੰਸਥਾ ਦਾ ਕੋਈ ਵਿਅਕਤੀ ਤੁਹਾਡੇ ਨਾਲ ਇੰਟਰਵਿਊ ਵਿਚ ਸ਼ਾਮਲ ਹੋਣ, ਕਾਰਵਾਈ ਦਾ ਬਿਆਨ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਯੋਗ ਹੋ ਸਕਦਾ ਹੈ ਕਿ ਤੁਹਾਡੇ ਨਾਲ ਸਹੀ ਵਿਹਾਰ ਹੋਇਆ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਬਹੁਤ ਸਾਰੀਆਂ ਸੰਸਥਾਵਾਂ ਹਨ ਜੋ ਕਿ ਖਾਸ ਪਿਛੋਕੜ ਵਾਲੇ ਨਵੇਂ ਕਨੇਡੀਅਨਾਂ ਨਾਲ ਕੰਮ ਕਰਦੀਆਂ ਹਨ। ਉਦਾਹਰਣ ਦੇ ਤੌਰ ਤੇ, ਦੋ ਗਰੁੱਪ ਜੋ ਕਿ ਖਾਸ ਤੌਰ ਤੇ ਇਮੀਗਰੈਂਟ ਔਰਤਾਂ ਦੀ ਮੱਦਦ ਕਰਦੇ ਹਨ, ਉਹਨਾਂ ਦੇ ਨਾਂ ਹਨ: ਬੀ ਸੀ ਦੀਆਂ ਸਪੈਨਿਸ਼ ਬੋਲਣ ਵਾਲੀਆਂ ਔਰਤਾਂ ਦੀ ਸੋਸਾਇਟੀ ਅਤੇ ਇਰਾਨ ਦੀਆਂ ਔਰਤਾਂ ਦੀ ਆਜ਼ਾਦ ਸੋਸਾਇਟੀ।

**ਨਿਰੀਖਣ ਅਤੇ ਅਪੀਲਾਂ.** ਲੋਕਤੰਤਰੀ ਸੰਸਥਾਂਵਾਂ ਦੀ ਤਰ੍ਹਾਂ ਸ਼ਿਕਾਇਤਾਂ ਦੇ ਪ੍ਰਬੰਧ ਸੰਪੂਰਨ ਨਹੀਂ ਹੁੰਦੇ। ਸ਼ਾਇਦ ਤੁਹਾਨੂੰ ਆਪਣੀ ਮਰਜ਼ੀ ਮੁਤਾਬਿਕ ਜਵਾਬ ਨਾ ਮਿਲੇ , ਜੇ ਮਿਲੇ ਵੀ ਤਾਂ ਬਹੁਤ ਦੇਰ ਬਾਅਦ ਮਿਲੇ। ਜੇ ਤੁਹਾਡੀ ਸ਼ਿਕਾਇਤ ਕਾਮਯਾਬ ਨਹੀਂ ਹੁੰਦੀ, ਤਾਂ ਆਮ ਤੌਰ ਤੇ ਇਸ ਪਹਿਲੇ ਜਵਾਬ ਦਾ ਨਿਰੀਖਣ ਕਰਵਾਉਣ ਦਾ ਦੂਜਾ ਪੱਧਰ ਵੀ ਹੁੰਦਾ ਹੈ। ਜੇ ਤੁਸੀਂ ਨਿਰੀਖਣ ਜਾਂ ਅਪੀਲ ਕਰਨ ਦਾ ਫੈਸਲਾ ਕਰਦੇ ਹੋ, ਆਮ ਤੌਰ ਤੇ ਕਿਸੇ ਅਜਿਹੇ ਵਿਅਕਤੀ ਦੀ ਸਲਾਹ ਜਾਂ ਮੱਦਦ ਲੈਣਾ ਤੁਹਾਡੇ ਲਈ ਫਾਇਦੇਮੰਦ ਹੋਵੇਗਾ ਜੋ ਇਸ ਨਿਰੀਖਣ ਦੀ ਕਾਰਵਾਈ ਨੂੰ ਸਮਝਦਾ ਹੋਵੇ। ਸ਼ਾਇਦ ਤੁਸੀਂ ਆਪਣੇ ਲਈ ਵਕੀਲ ਲਈ ਕਰਨਾ ਚਾਹੋ।

ਜੇ ਨਿਰੀਖਣ ਸਬੰਧੀ ਕੋਈ ਰਸਮੀ ਤਰੀਕਾ ਨਹੀਂ ਮਿਲਦਾ ਤਾਂ ਤੁਸੀਂ ਆਪਣੀ ਸ਼ਿਕਾਇਤ ਲਈ ਕਿਸੇ ਵੀ ਉਚ ਅਧਿਕਾਰੀ ਨਾਲ ਸਿੱਧੇ ਤੌਰ ਤੇ ਸੰਪਰਕ ਕਰ ਸਕਦੇ ਹੋ।





**ਦੋਸ਼ ਲੱਗਣ ਤੋਂ ਰੱਖਿਆ.** ਇਕ ਆਖਰੀ ਸ਼ਬਦ: ਕਦੇ ਵੀ ਜਵਾਬੀ ਕਾਰਵਾਈ ਤੋਂ ਡਰ ਕੇ ਸ਼ਿਕਾਇਤ ਕਰਨ ਤੋਂ ਹਟਣਾ ਨਹੀਂ ਚਾਹੀਦਾ। ਵੈਸੇ ਅਜਿਹਾ ਹੋਣ ਦੇ ਘੱਟ ਹੀ ਮੌਕੇ ਹੁੰਦੇ ਹਨ।

ਜੇ, ਕਿਸੇ ਵੀ ਕਾਰਣ, ਤੁਸੀਂ ਸੋਚਦੇ ਹੋ ਕਿ ਤੁਹਾਡੇ ਦੁਆਰਾ ਸ਼ਿਕਾਇਤ ਕਰਨ ਨਾਲ ਸੰਸਥਾ ਦੇ ਅਧਿਕਾਰੀ ਤੁਹਾਨੂੰ ਤੰਗ ਕਰ ਰਹੇ ਹਨ ਜਾਂ ਤੁਹਾਨੂੰ ਸਜ਼ਾ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਤੁਸੀਂ ਇਸ ਸਬੰਧੀ ਕਾਰਵਾਈ ਕਰ ਸਕਦੇ ਹੋ। ਇਕ ਦਮ ਅਪਣੇ ਇਲਾਕੇ ਦੇ ਪਾਰਲੀਮੈਂਟ ਮੈਂਬਰ, ਐਮ ਐਲ ਏ ਜਾਂ ਬੀ ਸੀ ਸਿਵਲ ਲਿਬਰਟੀਜ਼ ਐਸੋਸੀਏਸ਼ਨ ਨਾਲ ਸੰਪਰਕ ਕਰੋ। ਕਨੇਡਾ ਦੇ ਲੋਕ ਸਰਕਾਰੀ ਅਧਿਕਾਰੀਆਂ ਵੱਲੋਂ ਇਸ ਤਰ੍ਹਾਂ ਦੇ ਵਤੀਰੇ ਨੂੰ ਸਹਿਣ ਨਹੀਂ ਕਰਦੇ।

## ਸਰਕਾਰੀ ਸ਼ਿਕਾਇਤ ਪ੍ਰਣਾਲੀ

### ਪੁਲਿਸ ਵਿਰੁੱਧ ਸ਼ਿਕਾਇਤਾਂ

ਕਨੇਡੀਅਨ ਨਾਗਰਿਕਾਂ ਦੀ ਰੱਖਿਆ ਅਤੇ ਸੇਵਾ ਕਰਨੀ ਸਾਡੀ ਪੁਲਿਸ ਦੀ ਜ਼ੁੰਮੇਵਾਰੀ ਹੈ। ਉਹਨਾਂ ਦਾ ਕੰਮ ਕਾਨੂੰਨ ਨੂੰ ਜਾਰੀ ਰੱਖਣਾ ਅਤੇ ਨਾਗਰਿਕਾਂ ਦੀ ਮੱਦਦ ਕਰਨਾ ਹੈ, ਨਾ ਕਿ ਉਹਨਾਂ ਨੂੰ ਨੁਕਸਾਨ ਪਹੁੰਚਾਉਣਾ। ਤੁਹਾਡੇ ਪਹਿਲੇ ਦੇਸ਼ ਦੇ ਹਾਲਾਤ ਨਾਲੋਂ ਇਹ ਸੱਭ ਕੁੱਝ ਅਲੱਗ ਹੋ ਸਕਦਾ ਹੈ।

ਕਨੇਡੀਅਨ ਨਾਗਰਿਕਾਂ ਨੇ ਪੁਲਿਸ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਹੋਈਆਂ ਹਨ, ਜਿਵੇਂ ਕਿ ਬੰਦੂਕ ਰੱਖਣ ਅਤੇ ਉਸ ਦੀ ਵਰਤੋਂ ਕਰਨ ਦਾ ਅਧਿਕਾਰ, ਲੋਕਾਂ ਨੂੰ ਪਕੜਨਾ ਅਤੇ ਸਰੀਰਕ ਸ਼ਕਤੀ ਦੀ ਲੋੜ ਮੁਤਾਬਿਕ ਉਚਿੱਤ ਵਰਤੋਂ ਕਰਨੀ। ਪੁਲਿਸ ਦਾ ਕੰਮ ਬਹੁਤ ਕਠਿਨ ਅਤੇ ਤਲਬ ਵਾਲਾ ਹੁੰਦਾ ਹੈ। ਉਹ ਸਾਡੇ ਵੱਲੋਂ ਆਦਰ ਅਤੇ ਸੁਰੱਖਿਆ ਦੇ ਹੱਕਦਾਰ ਹੁੰਦੇ ਹਨ।

ਫਿਰ ਵੀ, ਕਦੀ ਕਦੀ ਨਾਗਰਿਕਾਂ ਦੇ ਪੁਲਿਸ ਅਧਿਕਾਰੀਆਂ ਸਬੰਧੀ ਮੱਸਲੇ ਹੁੰਦੇ ਹਨ। ਚੁਣੇ ਹੋਏ ਪ੍ਰਤੀਨਿਧ ਵਾਂਗ, ਪੁਲਿਸ ਨਾਗਰਿਕਾਂ ਪ੍ਰਤੀ ਉਤਰਦਾਈ ਹੁੰਦੀ ਹੈ।

ਪੁਲਿਸ ਨੂੰ ਨਾਗਰਿਕਾਂ ਪ੍ਰਤੀ ਜ਼ੁੰਮੇਵਾਰ ਬਣਾਉਣ ਲਈ, ਸਾਡੇ ਲੋਕ ਰਾਜ ਨੇ ਸ਼ਿਕਾਇਤ ਪ੍ਰਣਾਲੀ ਬਣਾਈ ਹੈ ਤਾਂ ਜੋ ਜਨਤਾ ਪੁਲਿਸ ਦੇ ਵਤੀਰੇ ਬਾਰੇ ਆਪਣੇ ਮੱਸਲੇ ਦੱਸ ਸਕਣ।

**ਪੁਲਿਸ ਦੇ ਵਤੀਰੇ ਬਾਰੇ ਸ਼ਿਕਾਇਤ ਕਰਨੀ.** ਜੇ ਤੁਸੀਂ ਸਮਝਦੇ ਹੋ ਕਿ ਪੁਲਿਸ ਦੁਆਰਾ ਤੁਹਾਡੇ ਨਾਲ ਬੁਰਾ ਸਲੂਕ ਕੀਤਾ ਗਿਆ ਹੈ, ਤਾਂ ਤੁਸੀਂ ਇਸ ਬਾਰੇ ਸ਼ਿਕਾਇਤ ਕਰ ਸਕਦੇ ਹੋ। ਉਦਾਹਰਣ ਦੇ ਤੌਰ ਤੇ, ਬ੍ਰਿਟਿਸ਼ ਕੋਲੰਬੀਆ ਵਿਚ, ਮਿਉਂਸਪਲ ਪੁਲਿਸ ਅਫਸਰ ਬਾਰੇ ਸ਼ਿਕਾਇਤ ਕਰਨ ਲਈ, ਤੁਸੀਂ ਪੁਲਿਸ ਵਿਭਾਗ ਦੇ ਮੁੱਖ ਸਿਪਾਹੀ ਨੂੰ ਲਿਖਤੀ ਰੂਪ ਵਿਚ ਸ਼ਿਕਾਇਤ ਕਰ ਸਕਦੇ ਹੋ। ਜਾਂ ਆਰ ਸੀ ਐਮ ਪੀ ਦੇ ਅਫਸਰ ਬਾਰੇ ਸ਼ਿਕਾਇਤ ਕਰਨ ਲਈ, ਉਸ ਵਿਭਾਗ ਦੇ ਉਚ ਅਧਿਕਾਰੀ ਨੂੰ ਲਿਖੋ।

**ਸ਼ਿਕਾਇਤ ਦੀ ਚਿੱਠੀ ਲਿਖਣਾ.** ਆਪਣੀ ਚਿੱਠੀ ਵਿਚ ਇਹ ਵਰਣਨ ਕਰੋ ਕਿ ਤੁਸੀਂ ਪੁਲਿਸ ਐਕਟ (ਮਿਉਂਸਪਲ ਪੁਲਿਸ ਲਈ) ਜਾਂ ਆਰ ਸੀ ਐਮ ਪੀ ਐਕਟ (ਆਰ ਸੀ ਐਮ ਪੀ ਦੇ ਅਧਿਕਾਰੀਆਂ) ਦੇ ਅਧੀਨ ਸ਼ਿਕਾਇਤ ਕਰਨਾ ਚਾਹੁੰਦੇ ਹੋ। ਆਪਣੀ ਸ਼ਿਕਾਇਤ ਦੀ ਚਿੱਠੀ ਵਿਚ, ਤੁਹਾਨੂੰ ਹੇਠ ਲਿਖੀ ਜਾਣਕਾਰੀ ਸ਼ਾਮਲ ਕਰਨੀ ਚਾਹੀਦੀ ਹੈ:

- ❑ ਘਟਨਾ ਵਾਪਰਨ ਦੀ ਜਗ੍ਹਾ ਅਤੇ ਸਮਾਂ
- ❑ ਘਟਨਾ ਦਾ ਵੇਰਵਾ
- ❑ ਪੁਲਿਸ ਅਫਸਰ (ਅਫਸਰਾਂ) ਦੇ ਨਾਮ ਜਾਂ ਨਿਸ਼ਾਨ ਜਾਂ ਉਹਨਾਂ ਦਾ ਬਿਆਨ ਜੇ ਤੁਹਾਡੇ ਕੋਲ ਜਾਣਕਾਰੀ ਨਹੀਂ।
- ❑ ਤੁਹਾਡਾ ਅਤੇ ਜੇ ਕੋਈ ਗਵਾਹ ਹੋਵੇ ਤਾਂ ਉਸਦਾ ਨਾਮ, ਪਤਾ ਅਤੇ ਫੋਨ ਨੰਬਰ।
- ❑ ਇਸ ਹਾਲਾਤ ਨੂੰ ਸੁਲਝਾਉਣ ਲਈ ਤੁਸੀਂ ਕੀ ਕਰਨਾ ਚਾਹੁੰਦੇ ਹੋ। ਉਦਾਹਰਣ ਦੇ ਤੌਰ ਤੇ, ਹੋ ਸਕਦਾ ਹੈ ਤੁਸੀਂ ਉਸ ਵਤੀਰੇ ਲਈ ਵਿਆਖਿਆ, ਮੁਆਫੀ ਚਾਹੁੰਦੇ ਹੋਵੋ, ਜਾਂ ਚਾਹੁੰਦੇ ਹੋਵੋ ਕਿ ਪੁਲਿਸ ਅਧਿਕਾਰੀ ਵਿਰੁੱਧ ਜ਼ਾਬਤੇ ਦੀ ਕਾਰਵਾਈ ਹੋਵੇ।

**ਸ਼ਿਕਾਇਤਾਂ ਦੀ ਜਾਂਚ-ਪੜਤਾਲ ਕਰਨਾ.** ਜਦੋਂ ਤੁਸੀਂ ਸ਼ਿਕਾਇਤ ਕਰਦੇ ਹੋ ਤਾਂ ਪੁਲਿਸ ਵਿਭਾਗ ਦੇ ਅੰਦਰੂਨੀ ਜਾਂਚ-ਪੜਤਾਲ ਸੈਕਸ਼ਨ ਜਾਂ ਪੁਲਿਸ ਦੇ ਸੀਨੀਅਰ ਮੈਂਬਰ ਦੁਆਰਾ ਇਸ ਦੀ ਜਾਂਚ-ਪੜਤਾਲ ਕੀਤੀ ਜਾਂਦੀ ਹੈ। ਤੁਹਾਨੂੰ ਹੋਰ ਜਾਣਕਾਰੀ ਜਾਂ ਇੰਟਰਵਿਊ ਦੇਣ ਲਈ ਵੀ ਕਿਹਾ ਜਾ ਸਕਦਾ ਹੈ। ਤੁਹਾਨੂੰ ਆਪਣੀ ਸ਼ਿਕਾਇਤ ਦਾ ਜਵਾਬ ਮਿਲਣ ਵਿਚ ਆਮ ਤੌਰ ਤੇ ਕਈ ਮਹੀਨੇ ਲੱਗ ਜਾਂਦੇ ਹਨ। ਜੇ ਤੁਸੀਂ ਪੁਲਿਸ ਦੇ ਜਵਾਬ ਨਾਲ ਸੰਤੁਸ਼ਟ ਨਹੀਂ ਹੋ ਤਾਂ ਤੁਸੀਂ ਇਸ ਫੈਸਲੇ ਦਾ ਨਿਰੀਖਣ ਕਰਨ ਲਈ ਕਹਿ ਸਕਦੇ ਹੋ।

ਪੁਲਿਸ ਦੀ ਸ਼ਿਕਾਇਤ ਪ੍ਰਣਾਲੀ ਪੁਲਿਸ ਦੇ ਵਤੀਰੇ ਨੂੰ ਠੀਕ ਕਰਨ ਲਈ ਬਣਾਈ ਗਈ ਹੈ। ਇਹ ਤੁਹਾਨੂੰ ਤੁਹਾਡੀਆਂ ਸੱਟਾਂ ਲਈ ਜਾਂ ਕੋਈ ਹੋਰ ਨੁਕਸਾਨ ਸਬੰਧੀ ਮਾਲੀ ਮੁਆਵਜ਼ਾ ਦੇਣ ਲਈ ਨਹੀਂ ਬਣਾਈ ਗਈ। ਆਪਣੇ ਲਈ ਹੋਰ ਕਾਨੂੰਨੀ ਰਾਵਾਂ ਬਾਰੇ ਵਿਚਾਰ ਕਰਨ ਲਈ ਤੁਹਾਨੂੰ ਆਪਣੇ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

**ਬੀ ਸੀ ਵਿਚ ਪੁਲਿਸ ਸ਼ਿਕਾਇਤ ਪ੍ਰਣਾਲੀ ਬਾਰੇ ਹੋਰ ਜਾਣਕਾਰੀ ਲੈਣ ਲਈ ਪੁਲਿਸ ਕੰਪਲੇਂਟ ਕਮਿਸ਼ਨਰ (ਮਿਉਂਸਪਲ ਪੁਲਿਸ ਲਈ), ਆਰ ਸੀ ਐਮ ਪੀ ਪਬਲਿਕ ਕੰਪਲੇਂਟਸ ਕਮਿਸ਼ਨ (ਆਰ ਸੀ ਐਮ ਪੀ ਲਈ) ਜਾਂ ਬੀ ਸੀ ਸਿਵਿਲ ਲਿਬਰਟੀਜ਼ ਐਸੋਸੀਏਸ਼ਨ (ਕਿਸੇ ਵੀ ਪੁਲਿਸ ਲਈ) ਨੂੰ ਸੰਪਰਕ ਕਰੋ।**

## ਆਈ ਸੀ ਬੀ ਸੀ ਵਿਰੁੱਧ ਸ਼ਿਕਾਇਤਾਂ

ਗੰਦੀ ਹਵਾ ਨੂੰ ਘਟਾਉਣ ਲਈ ਕਨੇਡੀਅਨ ਨਾਗਰਿਕ ਮੋਟਰ-ਕਾਰਾਂ ਤੇ ਨਿਰਭਰਤਾ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਫਿਰ ਵੀ ਬਹੁਤ ਸਾਰੇ ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਕਾਰਾਂ ਦੀ ਵਰਤੋਂ ਦੀ ਜ਼ਰੂਰਤ ਪੈਂਦੀ ਹੈ।

ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬੀ ਸੀ (ਆਈ ਸੀ ਬੀ ਸੀ) ਇਕ ਮੁੱਢਲਾ ਅਦਾਰਾ ਹੈ ਜੋ ਕਾਰਾਂ ਅਤੇ ਟਰੱਕਾਂ ਲਈ ਬੀਮਾ ਪ੍ਰਦਾਨ ਕਰਦਾ ਹੈ। ਕਾਰ ਚਲਾਉਣ ਤੋਂ ਪਹਿਲਾਂ ਤੁਹਾਨੂੰ ਇਹ ਬੀਮਾ ਜ਼ਰੂਰ ਕਰਵਾਉਣਾ ਚਾਹੀਦਾ ਹੈ।





ਆਈ ਸੀ ਬੀ ਸੀ ਇਕ ਅਰਧ-ਸਰਕਾਰੀ ਅਦਾਰਾ ਹੈ। ਇਸ ਦਾ ਮਤਲਬ ਇਹ ਹੈ ਕਿ, ਭਾਵੇਂ ਆਈ ਸੀ ਬੀ ਸੀ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੁਆਰਾ ਬਣਾਈ ਗਈ ਸੀ ਅਤੇ ਇਸਨੂੰ ਸਰਕਾਰੀ ਮਾਇਕ ਸਹਾਇਤਾ ਮਿਲਦੀ ਹੈ, ਫਿਰ ਵੀ ਬੀਮੇ ਦੇ ਪ੍ਰੋਗਰਾਮਾਂ ਨੂੰ ਚਲਾਉਣ ਲਈ ਸਰਕਾਰ ਦੁਆਰਾ ਇਸਨੂੰ ਬਹੁਤ ਸਾਰੀ ਆਜ਼ਾਦੀ ਮਿਲੀ ਹੋਈ ਹੈ।

ਆਈ ਸੀ ਬੀ ਸੀ ਕੋਲ ਬੀਮੇ ਦੀ ਇਜਾਰੇਦਾਰੀ ਹੈ। ਕਾਰ ਦਾ ਬੀਮਾ ਖ੍ਰੀਦਣ ਲਈ ਇਸ ਤੋਂ ਇਲਾਵਾ ਕੋਈ ਹੋਰ ਦੂਜੀ ਕੰਪਨੀ ਨਹੀਂ ਹੈ।

**ਸ਼ਿਕਾਇਤਾਂ.** ਜੇ ਆਈ ਸੀ ਬੀ ਸੀ ਦੇ ਸਟਾਫ ਦੇ ਫੈਸਲੇ ਜਾਂ ਵਤੀਰੇ ਬਾਰੇ ਤੁਹਾਡੇ ਕੋਈ ਸਰੋਕਾਰ ਹੋਣ ਤਾਂ ਤੁਸੀਂ ਇਹਨਾਂ ਸਰੋਕਾਰਾਂ ਨੂੰ ਕਈ ਤਰੀਕਿਆਂ ਰਾਹੀਂ ਬਿਆਨ ਕਰ ਸਕਦੇ ਹੋ। ਉਦਾਹਰਣ ਦੇ ਤੌਰ ਤੇ, ਤੁਸੀਂ ਕਲੇਮ ਮੁਕੱਰਰ ਕਰਨ ਵਾਲੇ ਦੇ ਫੈਸਲੇ ਤੋਂ ਅਸੰਤੁਸ਼ਟ ਹੋ ਸਕਦੇ ਹੋ। ਕਲੇਮ ਮੁਕੱਰਰ ਕਰਨ ਵਾਲਾ ਸਟਾਫ ਦਾ ਵਿਅਕਤੀ ਹੁੰਦਾ ਹੈ ਜੋ ਕਿ ਇਹ ਫੈਸਲਾ ਕਰਦਾ ਹੈ ਕਿ ਕਾਰ ਦੀ ਦੁਰਘਟਨਾ ਤੋਂ ਬਾਅਦ ਤੁਹਾਨੂੰ ਕਿੰਨਾ ਮੁਆਵਜ਼ਾ ਮਿਲੇਗਾ। ਤੁਸੀਂ ਆਪਣੇ ਸਰੋਕਾਰਾਂ ਬਾਰੇ ਕਲੇਮ ਮੈਨੇਜਰ ਨਾਲ ਵੀ ਗੱਲ ਕਰ ਸਕਦੇ ਹੋ।

ਜੇ ਤੁਸੀਂ ਅਜੇ ਵੀ ਅਸੰਤੁਸ਼ਟ ਹੋਵੋ, ਤਾਂ ਕਲੇਮ ਸੈਂਟਰ ਦੇ ਮੈਨੇਜਰ ਨਾਲ ਗੱਲ ਕਰੋ। ਜੇ ਇਹਨਾਂ ਵਿਚਾਰ-ਵਟਾਂਦਰੇ ਨਾਲ ਤੁਹਾਡੇ ਸਰੋਕਾਰ ਹੱਲ ਨਹੀਂ ਹੁੰਦੇ, ਤਾਂ ਆਈ ਸੀ ਬੀ ਸੀ ਦੇ ਸਰਕਾਰੀ ਜਾਂਚ-ਪੜਤਾਲ ਦੇ ਵਿਭਾਗ ਨਾਲ ਸੰਪਰਕ ਕਰੋ। ਉਹ ਤੁਹਾਨੂੰ ਗਾਹਕਾਂ ਸਬੰਧਿਤ ਅਧਿਕਾਰੀ (ਕਸਟਮਜ਼ ਰੀਲੇਸ਼ਨਜ਼ ਆਫੀਸਰ) ਕੋਲ ਭੇਜਣਗੇ ਜੋ ਕਿ ਤੁਹਾਡੇ ਸਰੋਕਾਰਾਂ ਨੂੰ ਨਵੇਂ ਸਿਰੇ ਤੋਂ ਦੇਖ ਸਕਦਾ ਹੈ। ਜੇ ਕਲੇਮ ਬਾਰੇ ਤੁਹਾਡਾ ਕੋਈ ਝਗੜਾ ਹੋਵੇ, ਤਾਂ ਤੁਹਾਡੇ ਕੋਲ ਇਸ ਬਾਰੇ ਅਜ਼ਾਦ ਅਨੁਮਾਨ ਲਗਾਉਣ ਦਾ ਪੂਰਾ ਮੌਕਾ ਹੈ।

ਜੇ ਦੁਰਘਟਨਾ ਦੇ ਕਲੇਮ ਨੂੰ ਸੁਲਝਾਉਣ ਬਾਰੇ ਤੁਹਾਡਾ ਕੋਈ ਸਰੋਕਾਰ ਹੈ, ਤਾਂ ਤੁਸੀਂ ਵਕੀਲ ਨਾਲ ਵੀ ਸੰਪਰਕ ਕਰ ਸਕਦੇ ਹੋ ਜੋ ਤੁਹਾਨੂੰ ਤੁਹਾਡੇ ਅਧਿਕਾਰਾਂ ਬਾਰੇ ਸਲਾਹ ਦੇਵੇਗਾ।

**ਜਿੱਥੇ ਸ਼ਿਕਾਇਤ ਕਰਨ ਦਾ ਕੋਈ ਪ੍ਰਬੰਧ ਨਹੀਂ.** ਕਨੇਡਾ ਵਿਚ ਤੁਸੀਂ ਕਈ ਸੌ ਸਰਕਾਰੀ ਅਦਾਰਿਆਂ ਦੇ ਸੰਪਰਕ ਵਿਚ ਆ ਸਕਦੇ ਹੋ। ਕਈ ਸਰਕਾਰੀ ਅਦਾਰੇ ਜਿਵੇਂ ਪੁਲਿਸ ਅਤੇ ਆਈ ਸੀ ਬੀ ਸੀ ਕੋਲ ਨਾਗਰਿਕਾਂ ਦੇ ਸਰੋਕਾਰਾਂ ਨੂੰ ਹੱਲ ਕਰਨ ਲਈ ਸਪਸ਼ਟ ਪ੍ਰਬੰਧ ਹਨ। ਫਿਰ ਵੀ ਬਹੁਤਿਆਂ ਕੋਲ ਇਹੋ ਜਿਹੇ ਪ੍ਰਬੰਧ ਨਹੀਂ ਹੁੰਦੇ।

ਜਿੱਥੇ ਸਪਸ਼ਟ ਪ੍ਰਬੰਧ ਨਾ ਹੋਣ, ਤਾਂ ਆਮ ਤੌਰ ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਸੰਸਥਾ ਕੋਲ ਆਪਣੇ ਸਰੋਕਾਰਾਂ ਨੂੰ ਜ਼ਾਹਰ ਕਰੋ ਅਤੇ ਜੇ ਤੁਹਾਨੂੰ ਹੇਠਲੇ ਪੱਧਰ ਦੇ ਸਟਾਫ ਤੋਂ ਸੰਤੁਸ਼ਟ ਜੁਆਬ ਨਾ ਮਿਲੇ ਤਾਂ ਸੰਸਥਾ ਤੇ ਦਬਾਉ ਨੂੰ ਜਾਰੀ ਰੱਖੋ।

ਆਮ ਤੌਰ ਤੇ ਚੰਗਾ ਤਾਂ ਇਹੀ ਹੈ ਕਿ ਜਿਸ ਵਿਅਕਤੀ ਬਾਰੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ ਉਸਦੇ ਨਿਗਰਾਨ ਨਾਲ ਗੱਲ ਸ਼ੁਰੂ ਕਰੋ। ਜੇ ਤੁਹਾਨੂੰ ਸੰਤੁਸ਼ਟੀ ਨਹੀਂ ਮਿਲਦੀ, ਤਾਂ ਆਪਣੇ ਸਰੋਕਾਰਾਂ ਨੂੰ ਬਿਆਨ ਕਰਨ ਲਈ ਸੰਸਥਾ ਵਿਚ ਉਸ ਤੋਂ "ਅਗਲੇ ਪੱਧਰ" ਤੇ ਜਾਉ। ਸੰਸਥਾ ਵਿਚ ਆਪਣਾ ਕੰਮ ਉਸੇ ਤਰੀਕੇ ਨਾਲ ਜਾਰੀ ਰੱਖੋ ਜਿੰਨੀ ਦੇਰ ਤੁਸੀਂ "ਠੀਕ ਉੱਪਰ ਦੇ ਪੱਧਰ" ਤੱਕ ਨਹੀਂ ਪਹੁੰਚ ਜਾਂਦੇ।

## ਔਮਬੁਡਜ਼ਮੈਨ (ਲੋਕਪਾਲ) ਦਾ ਦਫਤਰ

ਖਾਸ ਸਰਕਾਰੀ ਅਦਾਰਿਆਂ ਵਿਚ ਅੰਦਰੂਨੀ ਸ਼ਿਕਾਇਤਾਂ ਦੇ ਪ੍ਰਬੰਧਾਂ ਤੋਂ ਇਲਾਵਾ, ਬਹੁਤ ਸਾਰੇ ਸੂਬਿਆਂ ਵਿਚ ਆਜ਼ਾਦ ਅਦਾਰੇ ਹਨ ਜੋ ਕਿ ਖਾਸ ਤੌਰ ਤੇ ਉਹਨਾਂ ਨਾਗਰਿਕਾਂ ਦੀ ਮੱਦਦ ਲਈ ਬਣਾਏ ਗਏ ਹਨ ਜੋ ਇਹ ਮਹਿਸੂਸ ਕਰਦੇ ਹਨ ਕਿ ਸਰਕਾਰੀ ਅਦਾਰਿਆਂ ਦੁਆਰਾ ਉਹਨਾਂ ਨਾਲ ਅਨੁਚਿਤ ਵਿਹਾਰ ਕੀਤਾ ਗਿਆ ਹੈ।

ਬ੍ਰਿਟਿਸ਼ ਕੋਲੰਬੀਆ ਵਿਚ ਲੋਕਪਾਲ ਦਾ ਦਫਤਰ (1-800-567-3247) ਉਹਨਾਂ ਨਾਗਰਿਕਾਂ ਦੀਆਂ ਸ਼ਿਕਾਇਤਾਂ ਸੁਣਦਾ ਹੈ ਜਿਨ੍ਹਾਂ ਨਾਲ ਸੂਬਾਈ ਸਰਕਾਰ ਦੇ ਅਦਾਰਿਆਂ ਦੁਆਰਾ ਅਨੁਚਿਤ ਵਿਹਾਰ ਕੀਤਾ ਗਿਆ ਹੋਵੇ।

ਲੋਕਪਾਲ ਹਰ ਸੂਬਾਈ ਸਰਕਾਰੀ ਅਦਾਰੇ ਅਤੇ ਗੈਰ-ਸਰਕਾਰੀ ਅਦਾਰੇ ਦੇ ਵਤੀਰੇ ਬਾਰੇ ਨਿਰੀਖਣ ਕਰ ਸਕਦਾ ਹੈ। ਇਨ੍ਹਾਂ ਅਦਾਰਿਆਂ ਵਿਚ ਸ਼ਾਮਲ ਹਨ:

- ਯੂਨੀਵਰਸਿਟੀਆਂ ਅਤੇ ਕਾਲਜ
- ਲੋਕਲ ਸਰਕਾਰੀ ਅਦਾਰੇ ਅਤੇ
- ਪੇਸ਼ਾਵਰ ਸਭਾਵਾਂ ਜੋ ਕਿ ਵਕੀਲਾਂ, ਡਾਕਟਰਾਂ, ਮਨੋਵਿਗਿਆਨੀਆਂ ਅਤੇ ਦੂਜੇ ਪ੍ਰੋਫੈਸ਼ਨਲ ਲੋਕਾਂ ਦੇ ਕੰਮਾਂ ਨੂੰ ਕ੍ਰਮਬੱਧ ਕਰਦੀਆਂ ਹਨ।

ਲੋਕਪਾਲ ਅਤੇ ਉਹਨਾਂ ਦਾ ਸਟਾਫ ਸ਼ਿਕਾਇਤਾਂ ਹਾਸਲ ਕਰਦੇ ਹਨ ਅਤੇ ਉਹਨਾਂ ਦੀ ਛਾਣ-ਬੀਣ ਕਰਦੇ ਹਨ, ਜੇ ਉਚਿੱਤ ਹੋਣ ਤਾਂ ਅਦਾਰੇ ਨੂੰ ਮਸ਼ਵਰਾ ਦਿੰਦੇ ਹਨ। ਲੋਕਪਾਲ ਤੁਹਾਡੀਆਂ ਸ਼ਿਕਾਇਤਾਂ ਤਾਂ ਹੀ ਲੈਂਦਾ ਹੈ ਜੇ ਤੁਸੀਂ ਸਰਕਾਰੀ ਅਦਾਰੇ ਨੂੰ ਪਹਿਲਾਂ ਸਿੱਧੇ ਤੌਰ ਤੇ ਸ਼ਿਕਾਇਤ ਕਰ ਚੁੱਕੇ ਹੋ ਅਤੇ ਤੁਸੀਂ ਉਹਨਾਂ ਦੇ ਜਵਾਬ ਨਾਲ ਸੰਤੁਸ਼ਟ ਨਹੀਂ ਹੋ।

ਹੋਰ ਜਾਣਕਾਰੀ ਲੈਣ ਲਈ, ਲੋਕਪਾਲ ਦੇ ਦਫਤਰ ਨਾਲ ਸੰਪਰਕ ਕਰੋ ਅਤੇ ਉਹਨਾਂ ਦੀ ਨਵੀਂ ਸਲਾਨਾ ਰਿਪੋਰਟ ਜਾਂ ਪ੍ਰਕਾਸ਼ਨਾਂ ਬਾਰੇ ਪੁੱਛੋ।

Office of the Ombudsman
*Promoting Fairness for British Columbians*

Guiding Principles
*for the Office of the Ombudsman*

Respect
Inclusiveness and Accessibility
Empowerment
Education
Co-operation
Commitment
Leadership





## ਆਪਣੇ ਅਧਿਕਾਰਾਂ ਲਈ ਖੜੇ ਹੋਣਾ

ਜਦੋਂ ਤੁਸੀਂ ਸਰਕਾਰੀ ਅਦਾਰੇ ਨਾਲ ਪੇਸ਼ ਆਉਂਦੇ ਹੋ, ਤਾਂ ਤੁਹਾਨੂੰ ਇਹ ਉਮੀਦ ਰੱਖਣੀ ਚਾਹੀਦੀ ਹੈ ਕਿ ਉਹਨਾਂ ਦਾ ਸਟਾਫ ਤੁਹਾਡੀ ਸਹਾਇਤਾ ਅਤੇ ਇੱਜ਼ਤ ਕਰੇਗਾ। ਅਖਿਰਕਾਰ, ਨਾਗਰਿਕ ਹੋਣ ਦੇ ਨਾਤੇ ਉਹ ਤੁਹਾਡੀ ਸੇਵਾ ਲਈ ਬਣਾਏ ਗਏ ਹਨ। ਜਦੋਂ ਉਹ ਅਜਿਹਾ ਨਹੀਂ ਕਰਦੇ ਤਾਂ ਰਸਮੀ ਤੌਰ ਤੇ ਆਪਣੇ ਸਰੋਕਾਰਾਂ ਨੂੰ ਸ਼ਿਕਾਇਤ ਪ੍ਰਣਾਲੀ ਰਾਹੀਂ ਪ੍ਰਗਟਾਉਣ ਜਾਂ ਗੈਰ-ਰਸਮੀ ਤੌਰ ਤੇ ਕਰਮਚਾਰੀ ਜਾਂ ਕਰਮਚਾਰੀ ਦੇ ਨਿਰੀਖਕ ਨਾਲ ਗੱਲ ਕਰਨ ਤੋਂ ਨਾ ਝਿਜਕੋ।

ਆਪਣੇ ਮੱਸਲੇ ਉਠਾਉਂਦੇ ਹੋਏ, ਤੁਸੀਂ ਸਰਕਾਰੀ ਅਧਿਕਾਰੀਆਂ ਨੂੰ ਜ਼ੁੰਮੇਵਾਰ ਬਣਾ ਰਹੇ ਹੁੰਦੇ ਹੋ। ਲੋਕਤੰਤਰੀ ਸਮਾਜ ਵਿਚ, ਇਹ ਸਿਰਫ ਤੁਹਾਡੇ ਆਪਣੇ ਫਾਇਦੇ ਲਈ ਹੀ ਨਹੀਂ ਸਗੋਂ ਸਾਰੇ ਨਾਗਰਿਕਾਂ ਲਈ ਮਹੱਤਵ ਪੂਰਨ ਹੈ।



# ਅਧਿਆਇ 7
## ਸਿੱਟਾ





ਨਵੇਂ ਕਨੇਡੀਅਨ ਹੋਣ ਦੇ ਨਾਤੇ, ਤੁਸੀਂ ਸਿਟੀਜ਼ਨਸ਼ਿਪ ਦੇ ਸਾਰੇ ਫਾਇਦੇ ਅਤੇ ਜ਼ੁੰਮੇਵਾਰੀਆਂ ਹਾਸਲ ਕਰਦੇ ਹੋ। ਤੁਹਾਡੇ ਬਹੁਤ ਸਾਰੇ ਅਧਿਕਾਰ ਹਨ ਜੋ ਕਿ ਕਨੇਡੀਅਨ ਨਾਗਰਿਕਾਂ ਦੀਆਂ ਕਦਰਾਂ-ਕੀਮਤਾਂ ਦੀ ਵਚਨ-ਬੱਧਤਾ ਕਾਰਣ ਮੌਜੂਦ ਹਨ ਜਿਵੇਂ ਕਿ ਸਮਾਨਤਾ, ਪ੍ਰਗਟਾਉ ਦੀ ਆਜ਼ਾਦੀ, ਦੂਜੀਆਂ ਸੱਭਿਆਚਾਰਾਂ ਅਤੇ ਉਹਨਾਂ ਦੇ ਰਹਿਣ-ਸਹਿਣ ਦੇ ਤਰੀਕਿਆਂ ਦਾ ਆਦਰ ਕਰਨਾ। ਇਹ ਕਦਰਾਂ-ਕੀਮਤਾਂ ਸਾਡੇ ਲੋਕਤੰਤਰੀ ਸਮਾਜ ਵੱਲ ਤੁਹਾਡੀ ਵਚਨ-ਬੱਧਤਾ ਦਾ ਹਿੱਸਾ ਹਨ।

ਨਾਗਰਿਕ ਹੋਣ ਦੇ ਨਾਤੇ, ਸਮਾਜੀ ਜ਼ਿੰਦਗੀ ਵਿਚ ਹਿੱਸਾ ਲੈਣ ਲਈ ਤੁਹਾਡੀਆਂ ਨਵੀਆਂ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ। ਚੰਗੀ ਲੋਕਤੰਤਰੀ ਜ਼ਿੰਦਗੀ ਬਿਤਾਉਣ ਦੇ ਬਹੁਤ ਸਾਰੇ ਤਰੀਕੇ ਹਨ। ਨਿਸ਼ਚੇ ਹੀ ਤੁਹਾਨੂੰ ਵੋਟ ਪਾਉਣੀ ਚਾਹੀਦੀ ਹੈ। ਪਰ ਸਰਕਾਰੀ ਪ੍ਰੋਗਰਾਮਾਂ ਅਤੇ ਫੈਸਲਿਆਂ ਜੋ ਕਿ ਤੁਹਾਡੇ ਨਾਲ ਸਬੰਧਿਤ ਹਨ, ਨੂੰ ਪ੍ਰਭਾਵਿਤ ਕਰਨ ਦੀਆਂ ਤੁਹਾਡੀਆਂ ਹਰ ਰੋਜ਼ ਦੀਆਂ ਕੋਸ਼ਿਸ਼ਾਂ ਬਹੁਤ ਜਰੂਰੀ ਹਨ। ਇਸ ਕਿਤਾਬਚੇ ਵਿਚ ਤੁਹਾਡੀ ਜਾਣ-ਪਛਾਣ ਕਰਵਾਈ ਗਈ ਹੈ ਕਿ:

- ❑ ਸਰਕਾਰ ਦੀ ਕਾਰਜ-ਪ੍ਰਣਾਲੀ ਕਿਵੇਂ ਕੰਮ ਕਰਦੀ ਹੈ
- ❑ ਸਾਡੇ ਕਾਨੂੰਨ ਤੁਹਾਡੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਕਿਵੇਂ ਰੱਖਿਆ ਕਰਦੇ ਹਨ ਅਤੇ
- ❑ ਕੁੱਝ ਤਰੀਕੇ ਜਿਨ੍ਹਾਂ ਰਾਹੀਂ ਤੁਸੀਂ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੀ ਆਵਾਜ਼ ਸੁਣੀ ਜਾਂਦੀ ਹੈ ਅਤੇ ਤੁਹਾਡੇ ਅਧਿਕਾਰਾਂ ਦਾ ਆਦਰ ਹੁੰਦਾ ਹੈ।

ਇਸ ਕਿਤਾਬਚੇ ਵਿਚ ਸਿਟੀਜ਼ਨਸ਼ਿਪ ਦੇ ਸਾਰੇ ਮਾਮਲਿਆਂ ਤੇ ਵਿਚਾਰ ਕਰਨਾ ਸੰਭਵ ਨਹੀਂ ਹੈ। ਪ੍ਰੰਤੂ ਅਸੀਂ ਉਮੀਦ ਕਰਦੇ ਹਾਂ ਕਿ ਇਸਨੇ ਤੁਹਾਨੂੰ ਕਨੇਡਾ ਦੇ ਲੋਕਤੰਤਰ ਅਤੇ ਇਸ ਵਿਚ ਤੁਹਾਡੀ ਸ਼ਮੂਲੀਅਤ ਦੀ ਮਹੱਤਤਾ ਸਮਝਣ ਲਈ ਮੁੱਢਲੀ ਜਾਣਕਾਰੀ ਦਿੱਤੀ ਹੋਵੇਗੀ। ਅਸੀਂ ਤੁਹਾਨੂੰ ਰਾਜਨੀਤਿਕ ਪਾਰਟੀ, ਲੋਕਲ ਸਿਟੀਜ਼ਨਾ ਦੇ ਗਰੁੱਪ (ਜਿਵੇਂ ਕਿ ਬੀ ਸੀ ਸਿਵਿਲ ਲਿਬਰਟੀਜ਼ ਐਸੋਸੀਏਸ਼ਨ), ਅਤੇ ਸਰਕਾਰੀ ਅਦਾਰੇ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ, ਜਾਂ ਜੇ ਤੁਹਾਨੂੰ ਸਿਟੀਜ਼ਨਸ਼ਿਪ ਬਾਰੇ ਜਾਂ ਕੁੱਝ ਹੋਰ ਦੂਜੇ ਮਾਮਲਿਆਂ ਬਾਰੇ ਜਾਣਕਾਰੀ ਚਾਹੀਦੀ ਹੈ ਤਾਂ ਆਪਣੀ ਲੋਕਲ ਲਾਇਬ੍ਰੇਰੀਅਨ ਨਾਲ ਸੰਪਰਕ ਕਰੋ।

> **ਆਪਣੇ ਸਮਾਜ ਨੂੰ ਹੋਰ ਵੀ ਆਜ਼ਾਦ ਅਤੇ ਲੋਕਰਾਜੀ ਬਣਾਉਣ ਲਈ ਕਨੇਡਾ ਨੂੰ ਸਾਰੇ ਨਾਗਰਿਕਾਂ ਦੀ ਵਚਨਬੱਧਤਾ, ਕੋਸ਼ਿਸ਼ਾਂ ਅਤੇ ਉਤਸ਼ਾਹ ਦੀ ਜ਼ਰੂਰਤ ਹੈ।**

ਦੁਨੀਆਂ ਦੀ ਸੱਭ ਤੋਂ ਚੰਗੀ ਰਹਿਣ ਵਾਲੀ ਥਾਂ ਵਜੋਂ, ਕਨੇਡਾ ਦੇ ਵਕਾਰ ਨੂੰ ਕਾਇਮ ਰੱਖਣ ਲਈ ਕਨੇਡੀਅਨ ਤੁਹਾਨੂੰ ਆਪਣੇ ਨਾਲ ਮਿਲ ਕੇ ਯੋਗਦਾਨ ਪਾਉਣ ਦਾ ਸੱਦਾ ਦਿੰਦਾ ਹੈ।



ਕਨੇਡਾ ਦੇ ਨਵੇਂ ਸਿਟੀਜ਼ਨ